ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 24 | Issue 249| 14 to 20 Oct. 2026 | Ph.: (+91) 175-291-2461 | Email: asrtimes@gmail.com

# ਨਸ਼ਾ ਮਾਫ਼ੀਆ ਦੀਆਂ ਗੋਲੀਆਂ ਨੇ ਛਲਣੀ ਕੀਤਾ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ'

## ਨਸ਼ਿਆਂ ਖਿਲਾ.ਫ ਲੜਨ ਵਾਲੇ ਪਰਵਿੰਦਰ ਸਿੰਘ ਝੋਟੇ ਦਾ ਗੋਲ਼ੀਆਂ ਮਾਰ ਕੇ ਕਤਲ

ਅੰਮ੍ਰਿਤਸਰ ਟਾਈਮਜ਼ ਬਿਊਰੋ

### ਪੰਜਾਬ ਵਿੱਚ ਨਸ਼ਾ ਤਸਕਰ ਬੇਖ਼ੌਫ਼, ਸਰਕਾਰ ਅਤੇ ਪੁਲਿਸ ਬੇਵੱਸ





ਕੱਲ੍ਹ ਪੰਜਾਬ ਬੰਦ ਦਾ ਸੱਦਾ ਹੈ। ਬੰਦ ਹੋਵੇ ਵੀ ਕਿਉਂ ਨਾ, ਲੋਕਾਂ ਨੂੰ ਸਰਕਾਰ ਪ੍ਰਤੀ ਰੋਸ ਹੈ, ਗਿਲਾ ਤੇ ਸ਼ਿਕਵਾ ਹੈ। ਵਿਦਰੋਹ ਦੀ ਅੱਗ ਲੋਕਾਂ ਦੀਆਂ ਅੱਖਾਂ ਦੇ ਵਿੱਚ ਹੈ ਤੇ ਸਿੱਧੀ ਵੰਗਾਰ ਹੈ ਸਰਕਾਰ ਨੂੰ, ਕਿ ਤੁਸੀਂ ਪੰਜਾਬ ਨੂੰ ਆਬਾਦ ਨਹੀਂ ਰਹਿਣ ਦੇਣਾ ਚਾਹੁੰਦੇ, ਪੰਜਾਬ ਨੂੰ ਸ਼ਾਂਤ ਨਹੀਂ ਰਹਿਣ ਦੇਣਾ ਚਾਹੁੰਦੇ। ਇਹ ਲੋਕਾਂ ਦਾ ਗੁੱਸਾ ਤੇ ਉਬਾਲ ਏਸ ਲਈ ਹੈ ਕਿਉਂਕਿ ਲੰਘੇ ਦਿਨੀਂ ਮਾਨਸਾ ਸ਼ਹਿਰ ਦੇ ਭਰੇ ਬਾਜ਼ਾਰ ਵਿੱਚ ਦਿਨ-ਦਿਹਾੜੇ ਗੋਲੀਆਂ ਚੱਲੀਆਂ। ਇਨ੍ਹਾਂ ਗੋਲੀਆਂ ਨੇ ਸਿਰਫ਼ ਪਰਵਿੰਦਰ ਸਿੰਘ 'ਝੋਟੇ' ਦੀ ਜਾਨ ਨਹੀਂ ਲਈ, ਸਗੋਂ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦਾ ਜਨਾਜ਼ਾ ਵੀ ਕੱਢ ਦਿੱਤਾ ਹੈ। ਬਹੁਤ ਸਾਰੇ ਸਵਾਲਾਂ ਦੇ ਵਿੱਚ ਘਿਰ ਗਈ ਹੈ ਸਰਕਾਰ। ਪੁਲਿਸ ਪ੍ਰਸ਼ਾਸਨ 'ਤੇ ਅੰਨੇ ਦੋਸ਼ ਲੋਕਾਂ ਵੱਲੋਂ ਲੱਗ ਰਹੇ ਨੇ ਪਰ ਪੰਜਾਬ ਅਥਾਹ ਦਰਦ ਵਿੱਚ ਹੈ, ਹਰਖ ਵਿੱਚ ਹੈ, ਦੁੱਖ ਉਦੋਂ ਹੁੰਦਾ ਹੈ ਜਦੋਂ ਪੁੱਤ ਮੋਰਚਰੀ ਵਿੱਚ ਪਿਆ ਹੋਵੇ ਤੇ ਬਾਪ ਦੁੱਖ ਦੇ ਨਾਲ ਪੋਟਾ ਪੋਟਾ ਵਿੰਨ੍ਹਿਆਂ ਹੋਵੇ ਤੇ ਸਰਕਾਰਾਂ ਨੂੰ ਵੰਗਾਰ ਰਿਹਾ ਹੋਵੇ, ਦਹਾੜ ਰਿਹਾ ਹੋਵੇ। ਉਸ ਦੀ ਦਹਾੜ ਜਾਗਦੀਆਂ ਜ਼ਮੀਰਾਂ ਵਾਲਿਆਂ ਨੂੰ ਹਲੂਣਾ ਦੇ ਰਹੀ ਹੈ ਤੇ ਮੋਈਆਂ ਜ਼ਮੀਰਾਂ ਵਾਲਿਆਂ ਨੂੰ ਲਾਹਨਤਾਂ ਪਾ ਰਹੀ ਹੈ। ਯੁੱਧ ਨਸ਼ਿਆਂ ਵਿਰੁੱਧ ਕਹਿਣ ਵਾਲੀ ਇਸ਼ਤਿਹਾਰੀ ਸਰਕਾਰ ਪਤਾ ਨਹੀਂ ਹੋਰ ਕਿੰਨੇ ਕੁ ਨਸ਼ੇ ਵਿਰੁੱਧ ਬੋਲਣ ਵਾਲਿਆਂ ਨੂੰ ਹਲਾਲ ਕਰੇਗੀ। ਇੱਕ ਵਾਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਮੇਰੀ ਸਰਕਾਰ ਲੈ ਆਵੋ, ਮੈਂ ਸਿਵਿਆਂ ਦੀਆਂ ਲਾਟਾਂ ਬੁਝਾ ਦੇਵਾਂਗਾ ਪਰ ਮਾਹੌਲ ਇਸ ਤਰ੍ਹਾਂ ਦਾ ਸਰਕਾਰ,ਪ੍ਰਸ਼ਾਸਨ ਤੇ ਲਾਅ ਐਂਡ ਆਰਡਰ ਨੇ ਬਣਾ ਦਿੱਤਾ ਕਿ ਮਾਨ ਦਾ ਪ੍ਰਸ਼ਾਸਨ ਲੋਕਾਂ ਦੇ ਸਿਵੇ ਧੱਕੇ ਨਾਲ ਬਾਲ ਰਿਹਾ। ਫਿਰ ਭਾਵੇਂ ਸਨਮਦੀਪ ਹੋਵੇ ਤੇ ਭਾਵੇਂ ਗੁਲਜ਼ਾਰ ਸਿੰਘ।

ਸਿੱਧੂ ਮੂਸੇਵਾਲਾ ਤੋਂ ਬਾਅਦ ਮਾਨਸਾ ਦੀ ਧਰਤੀ ਨੇ ਆਪਣਾ ਦੂਜਾ ਨਿਧੜਕ ਪੁੱਤ ਗੁਆ ਲਿਆ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਝੋਟੇ ਦਾ ਕਤਲ ਇੱਕ ਰਾਜਨੀਤਕ ਕਤਲ ਹੈ ? ਪੁਲਿਸ ਦੇ ਉੱਚ ਅਧਿਕਾਰੀ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਇਸ ਨੂੰ 2023 ਦੇ ਵਿਵਾਦ ਨਾਲ ਜੋੜ ਕੇ 'ਨਿੱਜੀ ਰੰਜਿਸ਼' ਦੱਸ ਰਹੇ ਹਨ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਵਾਲ ਬਿਲਕੁਲ ਵਾਜਬ ਹੈ ਕਿ ਨਸ਼ਾ ਵੇਚਣ ਵਾਲਿਆਂ ਦਾ ਵਿਰੋਧ ਕਰਨਾ ਨਿੱਜੀ ਰੰਜਿਸ਼ ਕਿਵੇਂ ਹੋ ਸਕਦਾ ਹੈ ? ਭਾਵੇਂ ਗੋਲੀ ਕਿਸੇ ਸਿਆਸੀ ਆਗੂ ਨੇ ਨਹੀਂ ਚਲਾਈ, ਪਰ ਜਦੋਂ ਸਿਆਸੀ ਸਰਪ੍ਰਸਤੀ ਹੇਠ ਪਲਣ ਵਾਲਾ ਨਸ਼ਾ ਮਾਫ਼ੀਆ ਆਪਣੇ ਵਿਰੋਧੀਆਂ ਦੀ ਹੱਤਿਆ ਕਰਦਾ ਹੈ, ਤਾਂ ਉਹ ਕਤਲ ਸਿੱਧੇ ਤੌਰ 'ਤੇ ਸਿਆਸੀ ਬਣ ਜਾਂਦਾ ਹੈ। ਮ੍ਰਿਤਕ ਦੇ ਪਿਤਾ ਭੀਮ ਸਿੰਘ ਵੱਲੋਂ ਸਥਾਨਕ ਵਿਧਾਇਕ ਅਤੇ ਸਰਕਾਰ 'ਤੇ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਦੇ ਲਾਏ ਗਏ ਇਲਜ਼ਾਮ ਇਸ ਕਤਲ ਦੇ ਰਾਜਨੀਤਕ ਪਹਿਲੂ ਨੂੰ ਬੇਨਕਾਬ ਕਰਦੇ ਹਨ ।ਇਸ ਕਤਲ ਤੋਂ ਬਾਅਦ ਬਹੁਤ ਸਾਰੇ ਸਿਆਸੀ ਨੇਤਾਵਾਂ ਦੇ ਬਿਆਨ ਆਉਣੇ ਸ਼ੁਰੂ ਹੋ ਗਏ ਪਰ ਸਵਾਲ ਇਹ ਹੈ ਕਿ ਆਪ ਪਾਰਟੀ ਤੋਂ ਇਲਾਵਾ ਦੂਜੀਆਂ ਪਾਰਟੀਆਂ ਕਿੰਨੀਆਂ ਕੁ ਦੁੱਧ ਧੋਤੀਆਂ ਰਹੀਆਂ ਨੇ ? ਜਾਂ ਕਿਸ ਦੇ ਮੱਥੇ 'ਤੇ ਨਸ਼ੇ ਦੇ ਕਲੰਕ ਵਾਲਾ ਟਿੱਕਾ ਨਹੀਂ ਰਿਹਾ ? ਜਾਂ ਕਿਸ ਨੇ ਪੁਲਿਸ ਪ੍ਰਸ਼ਾਸਨ ਨੂੰ ਲੋਕਾਂ ਦੇ ਵਿਰੁੱਧ ਨਹੀਂ ਵਰਤਿਆ ? ਹੈਰਾਨੀ ਹੁੰਦੀ ਹੈ ਜਦੋਂ ਸੁਖਬੀਰ ਬਾਦਲ ਆਖਦਾ ਹੈ ਕਿ ਜੰਗਲ ਰਾਜ ਆ ਗਿਆ ਹੈ। ਕੋਈ ਪੁੱਛਣ ਵਾਲਾ ਹੋਵੇ ਕਿ ਇਹ ਜੰਗਲ ਰਾਜ ਦੀ ਸ਼ੁਰੂਆਤ ਭਲੇਮਾਨਸਾ ਤੇਰੇ ਤੋਂ ਵੀ ਸ਼ੁਰੂ ਹੁੰਦੀ ਹੈ। ਯਾਦ ਕਰੇ 14 ਅਕਤੂਬਰ 2015 ਦਾ ਦਿਨ। ਜਦੋਂ ਬਹਿਬਲ ਕਲਾਂ, ਕੋਟਕਪੂਰਾ ਵਿੱਚ ਸ਼ਾਂਤਮਈ ਧਰਨੇ 'ਤੇ ਬੈਠੇ ਲੋਕਾਂ 'ਤੇ ਤੁਹਾਡੀ ਸਰਕਾਰ ਦੇ ਹੁਕਮਾਂ ਨਾਲ ਹੀ ਗੋਲੀਆਂ ਚੱਲੀਆਂ ਸੀ। ਸਾਲਾਂ ਬੀਤ ਗਏ ਨੇ ਪਰ ਕਿਸੇ ਸਰਕਾਰ ਨੇ ਬਹਿਬਲ ਕਲਾਂ ਦਾ ਇਨਸਾਫ਼ ਨਹੀਂ ਦਿੱਤਾ। ਹਾਂ, ਇਸ ਦੇ ਨਾਂਅ 'ਤੇ ਵੋਟਾਂ ਬਟੋਰਨ ਵਿੱਚ ਕਾਮਯਾਬ ਰਹੇ। ਕੋਟਕਪੂਰੇ ਦੀਆਂ ਬੱਤੀਆਂ ਵਾਲੇ ਚੌਂਕ ਵਿੱਚ 14 ਅਕਤੂਬਰ ਵਾਲੇ ਦਿਨ ਲਾਹਨਤ ਦਿਵਸ ਮਨਾਇਆ ਜਾਂਦਾ ਹੈ ਤੇ ਉਹ ਲਾਹਨਤ ਦਿਵਸ ਅੱਜ ਵੀ ਮਨਾਇਆ ਗਿਆ। ਸ਼ਰਮ ਪੱਤਰ ਲੋਕਾਂ ਵੱਲੋਂ ਕੁਲਤਾਰ ਸਿੰਘ ਸੰਧਵਾਂ ਦੀ ਮੌਜੂਦਗੀ ਵਿੱਚ ਪੜ੍ਹਿਆ ਗਿਆ ਤੇ ਇਹ 'ਸ਼ਰਮ ਪੱਤਰ' ਕੁਲਤਾਰ ਸਿੰਘ ਸੰਧਵਾਂ ਨੂੰ ਸੌਂਪਿਆ ਗਿਆ ਕਿ ਸਰਕਾਰ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਿਓ। ਉਸ ਸਰਕਾਰ ਦਾ ਕੀ ਵਜੂਦ ਹੈ ਜਿਸ ਨੂੰ ਲੋਕ ਬੱਤੀਆਂ/ਚੁਰਾਹਿਆਂ 'ਤੇ ਘੇਰ ਕੇ 'ਸ਼ਰਮ ਪੱਤਰ' ਦੇਣ ਲੱਗ ਪੈਣ। ਰਹੀ ਗੱਲ ਕਾਂਗਰਸ ਤੇ ਬੀਜੇਪੀ ਦੀ। ਕਾਂਗਰਸ ਨੂੰ 2019 ਦੀ ਗੱਲ ਭੁੱਲਣੀ ਨਹੀਂ ਚਾਹੀਦੀ। ਨੇਹਾ ਸ਼ੋਰੀ ਡਰੱਗ ਇੰਸਪੈਕਟਰ ਇਸੇ ਤਰ੍ਹਾਂ ਭਾਵ ਪਰਵਿੰਦਰ ਸਿੰਘ ਝੋਟੇ ਦੀ ਤਰ੍ਹਾਂ ਹੀ ਦਿਨ ਦਿਹਾੜੇ ਕਤਲ ਕਰ ਦਿੱਤੀ ਗਈ ਸੀ ਕਿਉਂਕਿ ਉਸ ਨੇ ਵੀ ਮੁਰਿੰਡਾ ਦੇ ਇੱਕ ਮੈਡੀਕਲ ਸਟੋਰ 'ਤੇ ਨਸ਼ੇ ਦੀ ਵਿਕਰੀ ਨੂੰ ਰੋਕਣ ਦੇ ਲਈ ਉਸ ਦੁਕਾਨ ਨੂੰ ਸੀਲ ਕਰ ਦਿੱਤਾ ਸੀ ਤੇ ਉਸ ਡਰੱਗ ਇੰਸਪੈਕਟਰ ਨੂੰ ਲੈਬ ਵਿੱਚ ਜਾ ਕੇ ਕੈਮਿਸਟ ਵੱਲੋਂ ਹੀ ਕਤਲ ਕੀਤਾ ਜਾਂਦਾ ਹੈ। ਸਮਝ ਨਹੀਂ ਆਉਂਦੀ ਕਿ ਇਨ੍ਹਾਂ ਲੋਕਾਂ ਵਿੱਚ ਏਨੀ ਹਿੰਮਤ ਕਿਵੇਂ ਆ ਜਾਂਦੀ ਹੈ। ਕੀ ਉਨ੍ਹਾਂ ਨੂੰ ਕਾਨੂੰਨ ਦਾ ਡਰ ਨਹੀਂ ? ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਅਜਿਹੇ ਲੋਕਾਂ ਨੂੰ ਕਾਨੂੰਨ ਵੱਧਣ ਫੁੱਲਣ ਦੀਆਂ ਦੁਆਵਾਂ ਦਿੰਦਾ।

ਰਹੀ ਗੱਲ ਰਵਨੀਤ ਬਿੱਟੂ ਦੀ, ਅੱਜ ਪਰਵਿੰਦਰ ਦੀ ਮੌਤ 'ਤੇ ਇਹ ਸਿਆਸੀ ਰੋਟੀਆਂ ਸੇਕ ਰਿਹਾ ਹੈ। ਸਾਲ 2019 ਦੇ ਵਿੱਚ ਰਵਨੀਤ ਬਿੱਟੂ ਕਾਂਗਰਸ ਵਿੱਚ ਸੀ, ਜਿਸ ਤਰ੍ਹਾਂ ਅੱਜ ਤੜਫਣ ਦਾ ਦਿਖਾਵਾ ਕਰ ਰਿਹਾ, ਇਹ ਉਸ ਸਮੇਂ ਨੇਹਾ ਸ਼ੋਰੀ ਦੀ ਮੌਤ ਸਮੇਂ ਕਿਉਂ ਨਹੀਂ ਬੋਲਿਆ ? ਇੱਕ ਦੂਜੇ ਨੂੰ ਇਸ ਤਰ੍ਹਾਂ ਨੀਂਵਾਂ ਦਿਖਾਉਣ ਦੇ ਨਾਲ ਸਿਆਸਤ ਤਾਂ ਚੱਲ ਸਕਦੀ ਹੈ ਪਰ ਸੂਬਾ ਅੱਗੇ ਨਹੀਂ ਵਧ ਸਕਦਾ।

(ਬਾਕੀ ਸਫ਼ਾ 26 'ਤੇ)

## ਕੌਮੀ ਘੱਟ ਗਿਣਤੀ ਕਮਿਸ਼ਨ ਨੇ ਪੰਜਾਬ ਦੇ ਡੀ.ਜੀ.ਪੀ. ਤੋਂ ਮੰਗੀ ਰਿਪੋਰਟ

ਚੰਡੀਗੜ੍ਹ/ਏ.ਟੀ.ਨਿਊਜ਼: ਕੌਮੀ ਘੱਟ ਗਿਣਤੀ ਕਮਿਸ਼ਨ ਨੇ ਮਾਨਸਾ ਜ਼ਿਲ੍ਹੇ ਵਿੱਚ ਪਰਵਿੰਦਰ ਸਿੰਘ ਝੋਟਾ (ਜੋ ਕਿ ਇੱਕ ਸਿੱਖ ਨੌਜਵਾਨ ਸੀ) ਦੇ ਕਤਲ ਦੇ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ। ਕੌਮੀ ਕਮਿਸ਼ਨ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਪੱਤਰ ਭੇਜ ਕੇ ਇਸ ਪੂਰੇ ਮਾਮਲੇ ਦੀ ਵਿਸਥਾਰਤ ਰਿਪੋਰਟ ਮੰਗੀ ਹੈ। ਕਮਿਸ਼ਨ ਵੱਲੋਂ ਪੁਲਿਸ ਪ੍ਰਸ਼ਾਸਨ ਨੂੰ ਹੁਣ ਤੱਕ ਕੀਤੀ ਗਈ ਕਾਰਵਾਈ ਅਤੇ ਇਸ ਕੇਸ ਨਾਲ ਜੁੜੇ ਸਾਰੇ ਵੇਰਵੇ ਜਲਦੀ ਤੋਂ ਜਲਦੀ ਪੇਸ਼ ਕਰਨ ਲਈ ਕਿਹਾ ਗਿਆ ਹੈ।

ਚੇਤੇ ਰਹੇ ਕਿ ਪਰਵਿੰਦਰ ਸਿੰਘ ਝੋਟਾ ਦੀ ਮੌਤ ਅਤੇ ਇਸ ਨਾਲ ਜੁੜੇ ਹਾਲਾਤਾਂ ਕਾਰਨ ਸੂਬੇ ਵਿੱਚ ਕਾਫ਼ੀ ਰੋਹ ਦੇਖਣ ਨੂੰ ਮਿਲਿਆ ਸੀ, ਜਿਸ ਤੋਂ ਬਾਅਦ ਘੱਟਗਿਣਤੀ ਕਮਿਸ਼ਨ ਨੇ ਖ਼ੁਦ ਇਸ ਦਾ ਨੋਟਿਸ ਲਿਆ ਹੈ।

## ਪਰਵਿੰਦਰ ਝੋਟਾ ਕਤਲ ਮਾਮਲੇ 'ਚ ਮੁੱਖ ਮੁਲਜ਼ਮ ਅਸ਼ਵਨੀ ਦੀ ਦੁਕਾਨ ਤੇ ਘਰ 'ਤੇ ਚੱਲਿਆ ਬੁਲਡੋਜ਼ਰ



ਮੰਗਲਵਾਰ ਨੂੰ ਮਾਨਸਾ ਵਿਚ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਨਸ਼ਾ ਵਿਰੋਧੀ ਐਕਟੀਵਿਸਟ ਪਰਵਿੰਦਰ ਸਿੰਘ ਝੋਟਾ ਦੇ ਕਾਤਲ ਖਿਲਾਫ ਵੱਡੀ ਕਾਰਵਾਈ ਕਰ ਦਿੱਤੀ ਗਈ ਹੈ। ਪ੍ਰਸ਼ਾਸਨ ਵੱਲੋਂ ਭਾਰੀ ਪੁਲਿਸ ਫੋਰਸ ਨਾਲ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਦੇ ਘਰ ਅਤੇ ਮੈਡੀਕਲ ਸਟੋਰ ਉਪਰ ਬੁਲਡੋਜ਼ਰ ਚਲਵਾਇਆ ਗਿਆ ਹੈ। ਪੁਲਿਸ ਵੱਲੋਂ ਪਹਿਲਾਂ ਕਾਤਲ ਦੇ ਘਰ ਅਤੇ ਬਾਅਦ ਵਿਚ ਬਾਜ਼ਾਰ ਵਿਚ ਸਥਿਤ ਮੈਡੀਕਲ ਸਟੋਰ ਉਪਰ ਵੀ ਬੁਲਜ਼ੋਰ ਚਲਾਇਆ ਗਿਆ। ਬੁਲਡੋਜ਼ਰ ਕਾਰਵਾਈ ਦੌਰਾਨ ਲੋਕਾਂ ਵੱਲੋਂ ਮੈਡੀਕਲ ਸਟੋਰ ਉਪਰ ਵੀ ਗੁੱਸਾ ਕੱਢਿਆ ਗਿਆ, ਲੋਕਾਂ ਨੇ ਬੁਲਡੋਜ਼ਰ ਕਾਰਵਾਈ ਦੌਰਾਨ ਮੈਡੀਕਲ ਸਟੋਰ ਉਪਰ ਪਥਰਾਅ ਕੀਤਾ। ਇਥੇ ਇਹ ਵੀ ਦੱਸਣਯੋਗ ਹੈ ਕਿ ਪ੍ਰਦਰਸ਼ਨਕਾਰੀਆਂ ਵੱਲੋਂ ਵੀ ਮੰਗ ਕੀਤੀ ਜਾ ਰਹੀ ਸੀ ਕਿ ਪਰਵਿੰਦਰ ਦੇ ਕਾਤਲ ਦੇ ਘਰ ਅਤੇ ਮੈਡੀਕਲ ਸਟੋਰ ਉਪਰ ਬੁਲਡੋਜ਼ਰ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ, ਪ੍ਰਸ਼ਾਸਨ ਨੇ ਬਿਨਾਂ ਕਿਸੇ ਦੇਰੀ ਤੋਂ ਅਸ਼ਵਨੀ ਕੁਮਾਰ ਦੇ ਘਰ 'ਤੇ ਬੁਲਡੋਜ਼ਰ ਚਲਵਾ ਦਿੱਤਾ ਹੈ।

## ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਰਾਜਸਥਾਨ ਤੋਂ ਹਥਿਆਰ ਸਮੇਤ ਗ੍ਰਿਫ਼ਤਾਰ



ਮਾਨਸਾ ਵਿੱਚ ਨਸ਼ਾ ਵਿਰੋਧੀ ਆਗੂ ਪਰਵਿੰਦਰ ਸਿੰਘ 'ਝੋਟਾ' ਦੀ ਹੱਤਿਆ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਨੇ ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਵਾਰਦਾਤ ਵਿੱਚ ਵਰਤੇ ਗਏ ਪਿਸਤੌਲ ਸਮੇਤ ਸਾਲਾਸਰ ਇਲਾਕੇ ਰਾਜਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ। ਇੱਕ ਸੀਨੀਅਰ ਪੁਲਿਸ ਅਧਿਕਾਰੀ ਅਨੁਸਾਰ ਇਸ ਮਾਮਲੇ ਵਿੱਚ ਹੁਣ ਤੱਕ ਕੁੱਲ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਜਾ ਚੁੱਕਾ ਹੈ। ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਤੋਂ ਇਲਾਵਾ ਪੁਲੀਸ ਨੇ ਉਸ ਸ਼ਖ਼ਸ ਨੂੰ ਵੀ ਦਬੋਚ ਲਿਆ ਹੈ, ਜਿਸ ਨੇ ਵਾਰਦਾਤ ਤੋਂ ਤੁਰੰਤ ਬਾਅਦ ਮੁਲਜ਼ਮ ਨੂੰ ਮੌਕੇ ਤੋਂ ਫ਼ਰਾਰ ਹੋਣ ਵਿੱਚ ਮਦਦ ਕੀਤੀ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਮਾਨਸਾ ਵਿਖੇ ਇੱਕ ਕੈਮਿਸਟ ਦੀ ਦੁਕਾਨ 'ਤੇ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਹੋਏ ਤਿੱਖੇ ਤਕਰਾਰ ਦੌਰਾਨ ਫੇਸਬੁੱਕ ਲਾਈਵ ਚੱਲਦੇ ਸਮੇਂ ਪਰਵਿੰਦਰ ਸਿੰਘ ਝੋਟਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਰੋਸ ਦੀ ਲਹਿਰ ਫੈਲ ਗਈ।

ਪੁਲਿਸ ਪ੍ਰਸ਼ਾਸਨ ਵੱਲੋਂ ਹੁਣ ਮ੍ਰਿਤਕ ਪਰਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਦੀ ਉਡੀਕ ਕੀਤੀ ਜਾ ਰਹੀ ਹੈ, ਜਿਸ ਦੇ ਆਧਾਰ 'ਤੇ ਬਾਕਾਇਦਾ ਐੱਫ.ਆਈ.ਆਰ. ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਦੂਜੇ ਪਾਸੇ, ਮ੍ਰਿਤਕ ਆਗੂ ਨੂੰ ਇਨਸਾਫ਼ ਦਿਵਾਉਣ ਲਈ ਮਾਨਸਾ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ ਲਗਾਇਆ ਗਿਆ ਹੈ। ਇਸ ਸੰਘਰਸ਼ ਦੀ ਰੂਪ-ਰੇਖਾ ਉਲੀਕਣ ਅਤੇ ਪ੍ਰਸ਼ਾਸਨ ਅੱਗੇ ਆਪਣੀਆਂ ਮੰਗਾਂ ਮਜ਼ਬੂਤੀ ਨਾਲ ਰੱਖਣ ਲਈ ਪ੍ਰਦਰਸ਼ਨਕਾਰੀਆਂ ਵੱਲੋਂ ਇੱਕ ਵਿਸ਼ੇਸ਼ ਐਕਸ਼ਨ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ, ਜਿਸ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# ਕੀ ਹੈ ਭਾਰਤ ’ਚ ਨੌਜਵਾਨਾਂ ਦੇ ਅੰਦੋਲਨ ਦਾ ਭਵਿੱਖ ?

## ਪ੍ਰਦਰਸ਼ਨਾਂ ਪਿੱਛੇ ਕਿਸਦਾ ਹੱਥ ? ਚੋਣ ਪ੍ਰਣਾਲੀ ਅਤੇ ਮੋਦੀ ਸਰਕਾਰ ਦੇ ਭਰੋਸੇ ’ਤੇ ਕਿਉਂ ਉੱਠੇ ਸਵਾਲ ?

ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਹਿੱਸਿਆਂ ਵਿੱਚ ਸਰਕਾਰ ਖ਼ਿਲਾਫ਼ ਨੌਜਵਾਨ ਸੜਕਾਂ ’ਤੇ ਉਤਰ ਕੇ ਲਾਠੀਆਂ ਖਾ ਰਹੇ ਸਨ ਅਤੇ ਵਿਰੋਧੀ ਧਿਰਾਂ ਖੱਬੇਪਖੀ ਤੇ ‘ਆਪ’ ਆਪਣਾ ਪੂਰਾ ਤਾਣ ਲਗਾ ਰਹੀਆਂ ਹਨ, ਪਰ ਇਸ ਸਾਰੇ ਰੋਸ-ਮੁਜ਼ਾਹਰੇ ਦਾ ਸਿਹਰਾ ‘ਕਾਕਰੋਚ ਜਨਤਾ ਪਾਰਟੀ’ ਦੇ ਆਗੂ ਬਿਨਾਂ ਜ਼ਮੀਨੀ ਸੰਘਰਸ਼ ਕੀਤੇ ਹੀ ਖੱਟ ਰਹੇ ਹਨ। ਅਭਿਜੀਤ ਦੀਪਕੇ, ਸੌਰਵ ਦਾਸ ਅਤੇ ਆਸ਼ੂਤੋਸ਼ ਰਾਂਕਾ ਵਰਗੇ ਆਗੂ ਸਿਰਫ਼ ਸੋਸ਼ਲ ਮੀਡੀਆ ਪੋਸਟਾਂ ਅਤੇ ਪ੍ਰੈੱਸ ਕਾਨਫਰੰਸਾਂ ਰਾਹੀਂ ਅੰਦੋਲਨ ਦੀ ‘ਰਾਇਲਟੀ’ ਲੈਂਦੇ ਦਿਖਾਈ ਦੇ ਰਹੇ ਸਨ। ਇਥੇ ਜ਼ਿਕਰਯੋਗ ਹੈ ਕਿ ਅੰਦੋਲਨ ਦੀ ਅਗਵਾਈ ਦਾ ਦਾਅਵਾ ਕਰ ਰਹੇ ਅਭਿਜੀਤ ਦੀਪਕੇ ਅਤੇ ਉਹਨਾਂ ਦੀ ਚਾਰ ਮੈਂਬਰੀ ਟੀਮ ਕੋਲ ਜ਼ਮੀਨੀ ਪੱਧਰ ’ਤੇ ਲੋਕਾਂ ਨੂੰ ਲਾਮਬੰਦ (ਮੋਬਿਲਾਈਜ਼) ਕਰਨ ਲਈ ਨਾ ਤਾਂ ਕੋਈ ਮਜ਼ਬੂਤ ਸੰਗਠਨਾਤਮਕ ਢਾਂਚਾ ਹੈ ਅਤੇ ਨਾ ਹੀ ਵੱਡੀ ਸਮਰੱਥਾ। ਕਿਸੇ ਗ਼ੈਰ-ਸਿੱਧੇ ਮੁੱਦੇ ’ਤੇ ਆਮ ਲੋਕਾਂ ਦੀ ਭੀੜ ਇਕੱਠੀ ਕਰਨਾ ਇੱਕ ਔਖਾ ਕੰਮ ਹੁੰਦਾ ਹੈ, ਜਿਸ ਲਈ ਵੱਡੇ ਕੇਡਰ ਅਤੇ ਸਾਧਨਾਂ ਦੀ ਲੋੜ ਪੈਂਦੀ ਹੈ। ਦਿੱਲੀ ਵਿੱਚ ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਕੋਲ ਇੱਕ ਸੰਗਠਿਤ ਕੇਡਰ ਮੌਜੂਦ ਹੈ, ਜੋ ਭੀੜ ਲਾਮਬੰਦ ਕਰਨ ਵਿੱਚ ਮੁੱਖ ਭੂਮਿਕਾ ਨਿਭਾ ਰਿਹਾ ਹੈ ਆਮ ਆਦਮੀ ਪਾਰਟੀ ਕੋਲ ਵਿੱਤੀ ਅਤੇ ਪ੍ਰਚਾਰ ਸਾਧਨ ਉਪਲਬਧ ਹਨ। ਇਸ ਤੋਂ ਇਲਾਵਾ, ਅਗਲੇ ਚਾਰ ਮਹੀਨਿਆਂ ਵਿੱਚ ਪੰਜਾਬ ਅਤੇ ਗੋਆ ਦੀਆਂ ਚੋਣਾਂ ਵੀ ਦਰਪੇਸ਼ ਹਨ, ਜਿਸ ਕਾਰਨ ਪਾਰਟੀ ਇਸ ਮੁੱਦੇ ਰਾਹੀਂ ਆਪਣਾ ਸਿਆਸੀ ਮਾਹੌਲ ਗਰਮਾਉਣ ਦਾ ਯਤਨ ਕਰ ਰਹੀ ਹੈ। ਨਤੀਜੇ ਵਜੋਂ, ਜਿੱਥੇ ਜ਼ਮੀਨੀ ਪੱਧਰ ’ਤੇ ਸਾਰੀ ਤਿਆਰੀ, ਸਰੋਤ ਅਤੇ ਕਾਰਕੁਨ ਆਮ ਆਦਮੀ ਪਾਰਟੀ ਅਤੇ ਖੱਬੇ ਪੱਖੀ ਪਾਰਟੀਆਂ ਦੇ ਹਨ, ਉੱਥੇ ਹੀ ਇਸ ਵਿਰੋਧ ਪ੍ਰਦਰਸ਼ਨ ਦਾ ਸਿਹਰਾ ਕਾਗਜ਼ੀ ਤੌਰ ’ਤੇ ਸੀਜੇਪੀ ਦੇ ਖਾਤੇ ਪਾਇਆ ਜਾ ਰਿਹਾ ਹੈ। ਸੋਸ਼ਲ ਮੀਡੀਆ ਦਾ ਹੱਥਕੰਡਾ ਅਤੇ ਨੌਜਵਾਨਾਂ ਦਾ ਗੁੱਸਾ ਚੀਫ਼ ਜਸਟਿਸ ਦੀ ਇੱਕ ਟਿੱਪਣੀ ਮਗਰੋਂ ਸੋਸ਼ਲ ਮੀਡੀਆ ’ਤੇ ‘ਕਾਕਰੋਚ ਜਨਤਾ ਪਾਰਟੀ’ ਨਾਂ ਦਾ ਹੈਂਡਲ ਹੋਂਦ ਵਿੱਚ ਆਇਆ ਸੀ। ਪੇਪਰ ਲੀਕ, ਐੱਸ.ਆਈ.ਆਰ. ਅਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ਤੋਂ ਦੁਖੀ ਨੌਜਵਾਨ ਸੋਸ਼ਲ ਮੀਡੀਆ ਦੇ ਸੱਦੇ ’ਤੇ ਸੜਕਾਂ ’ਤੇ ਤਾਂ ਆ ਰਹੇ ਹਨ, ਪਰ ਜਿਨ੍ਹਾਂ ਨੇ ਇਹ ਸੱਦਾ ਦਿੱਤਾ, ਉਹ ਖ਼ੁਦ ਮੈਦਾਨ ਵਿੱਚੋਂ ਗ਼ਾਇਬ ਹਨ। ਕਿਸੇ ਵੀ ਵੱਡੇ ਪ੍ਰਦਰਸ਼ਨ ਲਈ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਤੋਂ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦੇ ਵਰਕਰਾਂ ਨੂੰ ਪੁਲਿਸ ਦੀਆਂ ਸਖ਼ਤੀਆਂ ਦੇ ਬਾਵਜੂਦ ਜ਼ਮੀਨੀ ਪੱਧਰ ’ਤੇ ਲੋਕਾਂ ਨੂੰ ਲਾਮਬੰਦ ਕਰਨ ਲਈ ਦਿਨ-ਰਾਤ ਇੱਕ ਕਰਨਾ ਪਿਆ ਸੀ। ਦੂਜੇ ਪਾਸੇ, ਸੀਜੇਪੀ ਦੀ ਮੋਹਰੀ ਟੀਮ ਜ਼ਮੀਨੀ ਮਿਹਨਤ ਤੋਂ ਪੂਰੀ ਤਰ੍ਹਾਂ ਦੂਰ ਬੈਠੀ ਹੈ। ਅਭਿਜੀਤ ਦੀਪਕੇ ਦਾ ਪਿਛਲਾ ਰਿਕਾਰਡ ਵੀ ਜ਼ਮੀਨੀ ਸੰਘਰਸ਼ ਤੋਂ ਭੱਜਣ ਵਾਲਾ ਹੀ ਰਿਹਾ ਹੈ।



ਅਮਰੀਕਾ ਤੋਂ ਦਿੱਲੀ ਪਹੁੰਚਣ ’ਤੇ ਹਵਾਈ ਅੱਡੇ ’ਤੇ ਹੀ ਜੰਤਰ-ਮੰਤਰ ’ਤੇ ਪ੍ਰਦਰਸ਼ਨ ਦੀ ਇਜਾਜ਼ਤ ਮਿਲ ਗਈ ਸੀ, ਪਰ ਮਹਿਜ਼ ਤਿੰਨ ਘੰਟੇ ਦੇ ਪ੍ਰਦਰਸ਼ਨ ਦੌਰਾਨ ਦੀਪਕੇ ਬੇਹੋਸ਼ ਹੋ ਗਏ ਅਤੇ ਏਸੀ ਗੱਡੀ ਵਿੱਚ ਬੈਠਣ ਮਗਰੋਂ ਅੰਦੋਲਨ ਖ਼ਤਮ ਹੋ ਗਿਆ।

ਜਦੋਂ ਸੋਨਮ ਵਾਂਗਚੁਕ ਅਤੇ ਆਇਸਾ ਦੀਆਂ ਵਿਦਿਆਰਥਣਾਂ ਭੁੱਖ ਹੜਤਾਲ ’ਤੇ ਬੈਠੀਆਂ ਅਤੇ ਪੁਲਿਸ ਨੇ ਵਾਂਗਚੁਕ ਨੂੰ ਹਿਰਾਸਤ ਵਿੱਚ ਲਿਆ, ਤਾਂ ਦੀਪਕੇ ਨੇ ਮੋਰਚਾ ਸਾਂਭਣ ਦਾ ਦਾਅਵਾ ਕੀਤਾ ਪਰ ਦੋ ਘੰਟੇ ਵੀ ਭੁੱਖ ਹੜਤਾਲ ਨਾ ਕਰ ਸਕੇ। ਅਸਲ ਭੀੜ ਚੰਦਰਸ਼ੇਖ਼ਰ ਆਜ਼ਾਦ ਦੀ ਭੀਮ ਆਰਮੀ ਲੈ ਕੇ ਪਹੁੰਚੀ ਸੀ।



**ਬੰਗਲੂਰੂ ਤੋਂ ਦਿੱਲੀ ਦਾ ਡਰਾਮਾ: ਜਨਤਾ ਨੇ ਖਾਧੀਆਂ ਲਾਠੀਆਂ, ਆਗੂ ਏਅਰਪੋਰਟ ਤੋਂ ਹੀ ਹਿਰਾਸਤ ਵਿੱਚ**

ਤਾਜ਼ਾ ਘਟਨਾਕ੍ਰਮ ਦੌਰਾਨ 8 ਅਕਤੂਬਰ ਨੂੰ ਬੰਗਲੂਰੂ ਵਿੱਚ ਪ੍ਰਕਾਸ਼ ਰਾਜ ਅਤੇ ਧਰੁਵ ਰਾਠੀ ਦੇ ਨਾਂਅ ’ਤੇ ਭੀੜ ਜੁਟਾਈ ਗਈ। ਇਸ ਮਗਰੋਂ 10 ਅਕਤੂਬਰ ਨੂੰ ਦਿੱਲੀ ਵਿੱਚ ਸਵੇਰੇ 10 ਵਜੇ ਪ੍ਰਦਰਸ਼ਨ ਤੈਅ ਸੀ: ਜਦੋਂ ਦਿੱਲੀ ਦੀਆਂ ਸੜਕਾਂ ਅਤੇ ਜੰਤਰ-ਮੰਤਰ ’ਤੇ ਲੋਕ ਪੁਲਿਸ ਦੀਆਂ ਲਾਠੀਆਂ ਅਤੇ ਅੱਥਰੂ ਗੈਸ ਦਾ ਸਾਹਮਣਾ ਕਰ ਰਹੇ ਸਨ, ਓਦੋਂ ਦੀਪਕੇ, ਦਾਸ ਅਤੇ ਰਾਂਕਾ ਬੰਗਲੂਰੂ ਤੋਂ ਸਵੇਰੇ 10:30 ਵਜੇ ਦਿੱਲੀ ਲੈਂਡ ਕਰਨ ਵਾਲੀ ਫਲਾਈਟ ਵਿੱਚ ਸਨ।




ਆਪਣੀ ਸਹੂਲਤ ਅਨੁਸਾਰ ਏਅਰਪੋਰਟ ਪਹੁੰਚਦਿਆਂ ਹੀ ਉਹ ਹਿਰਾਸਤ ਵਿੱਚ ਲੈ ਲਏ ਗਏ, ਜਦਕਿ ਚੌਥੀ ਮੈਂਬਰ ਰਤਨਾ ਸਿੰਘ ਉਹਨਾਂ ਨੂੰ ਲੈਣ ਲਈ ਏਅਰਪੋਰਟ ਪੁੱਜੀ ਹੋਈ ਸੀ।

ਅਗਲੇ ਦਿਨ ਯਾਨੀ 11 ਅਕਤੂਬਰ ਨੂੰ ਵੀ ਜ਼ਮੀਨੀ ਸੰਘਰਸ਼ ਹੋਰਨਾਂ ਜਥੇਬੰਦੀਆਂ ਨੇ ਲੜਿਆ, ਜਦਕਿ ਦੀਪਕੇ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਮਹਾਰਾਸ਼ਟਰ ਚਲੇ ਗਏ ਅਤੇ ਬਾਕੀ ਆਗੂਆਂ ਨੇ ਸਿਰਫ਼ ਪ੍ਰੈੱਸ ਕਾਨਫਰੰਸ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ।

ਨਤੀਜੇ ਵਜੋਂ, ਜਿੱਥੇ ਆਮ ਨੌਜਵਾਨ ਅਤੇ ਵਿਰੋਧੀ ਧਿਰਾਂ ਦੇ ਕਾਰਕੁਨ ਆਪਣਾ ਭਵਿੱਖ ਦਾਅ ’ਤੇ ਲਗਾ ਕੇ ਲਾਠੀਆਂ ਖਾ ਰਹੇ ਹਨ, ਉੱਥੇ ਹੀ ਸੀਜੇਪੀ ਦੇ ਆਗੂਆਂ ਲਈ ਇਹ ਅੰਦੋਲਨ ਸਿਰਫ਼ ਸੁਰਖੀਆਂ ਬਟੋਰਨ ਅਤੇ ਸੋਸ਼ਲ ਮੀਡੀਆ ਮਾਈਲੇਜ ਲੈਣ ਦਾ ਇੱਕ ਸੁਖਾਲਾ ਜ਼ਰੀਆ ਬਣਿਆ ਹੋਇਆ ਹੈ।

**ਚੋਣ ਪ੍ਰਣਾਲੀ ਅਤੇ ਸਰਕਾਰ ਦੇ ਭਰੋਸੇ ’ਤੇ ਉੱਠਦੇ ਸਵਾਲ**

ਦੂਜੇ ਪਾਸੇ, ਵਿਰੋਧੀ ਧਿਰ ਵੱਲੋਂ ਚੋਣ ਕਮਿਸ਼ਨ ਦੀ ਭੂਮਿਕਾ, ਵੋਟਰ ਸੂਚੀਆਂ ਦੀ ਪੜਤਾਲ ਅਤੇ ਹਾਲੀਆ ਚੋਣਾਂ ਦੀ ਪਾਰਦਰਸ਼ਤਾ ’ਤੇ ਲਗਾਤਾਰ ਸਵਾਲ ਚੁੱਕੇ ਜਾ ਰਹੇ ਹਨ। ਜਦੋਂ ਜਨਤਾ ਦੇ ਇੱਕ ਵੱਡੇ ਹਿੱਸੇ ਦਾ ਚੋਣ ਪ੍ਰਕਿਰਿਆ ਦੀ ਨਿਰਪੱਖਤਾ ਤੋਂ ਭਰੋਸਾ ਡੋਲਣ ਲੱਗ ਪਵੇ, ਤਾਂ ਇਹ ਸਿੱਧੇ ਤੌਰ ’ਤੇ ਚੁਣੀ ਹੋਈ ਸਰਕਾਰ ਦੀ ਨੈਤਿਕ ਅਤੇ ਲੋਕਤੰਤਰੀ ਭਰੋਸੇ ’ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੰਦਾ ਹੈ।

ਸੰਵਿਧਾਨਕ ਢਾਂਚੇ ਵਿੱਚ ਜਦੋਂ ਕਾਰਜਪਾਲਿਕਾ ਮਨਮਾਨੀ ਕਰਦੀ ਜਾਪੇ, ਤਾਂ ਨਿਆਂਪਾਲਿਕਾ ਨਾਗਰਿਕਾਂ ਲਈ ਆਖ਼ਰੀ ਆਸ ਹੁੰਦੀ ਹੈ।

(ਬਾਕੀ ਸਫ਼ਾ 26 ’ਤੇ)

### *ਵੋਟਰ ਸੂਚੀਆਂ ਵਿੱਚ ਗੜਬੜੀ ਨੂੰ ਲੈ ਕੇ ਵਿਰੋਧੀ ਧਿਰ ਸੁਪਰੀਮ ਕੋਰਟ ਪੁੱਜੀ, ਚੋਣ ਕਮਿਸ਼ਨ ਦੀ ਜਾਂਚ ਦੀ ਮੰਗ*

ਨਵੀਂ ਦਿੱਲੀ/ਏ.ਟੀ.ਨਿਊਜ਼: ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਹੇਠ ਇੰਡੀਆ ਗਠਜੋੜ ਦੇ 10 ਪ੍ਰਮੁੱਖ ਆਗੂਆਂ ਨੇ ਵੋਟਰ ਸੂਚੀਆਂ ਵਿੱਚ ਕਥਿਤ ਗੜਬੜੀਆਂ ਅਤੇ ਚੋਣ ਕਮਿਸ਼ਨ ਦੇ ਕੰਮਕਾਜ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਸਾਂਝੀ ਪਟੀਸ਼ਨ ਦਾਇਰ ਕੀਤੀ ਹੈ।

ਪਟੀਸ਼ਨ ਵਿੱਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਮਾਹਿਰਾਂ ਦੀ ਕਮੇਟੀ ਬਣਾ ਕੇ ਵੋਟਰ ਸੂਚੀ ਡੇਟਾਬੇਸ, ਐਸ.ਆਈ.ਆਰ. ਪ੍ਰਕਿਰਿਆ ਅਤੇ ਈਵੀਐਮ ਪ੍ਰਣਾਲੀ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਬਿਨਾਂ ਨੋਟਿਸ ਦਿੱਤੇ ਮਨਮਰਜ਼ੀ ਨਾਲ ਯੋਗ ਵੋਟਰਾਂ ਦੇ ਨਾਂ ਕੱਟੇ ਗਏ ਹਨ ਅਤੇ ਫਾਰਮ-6 ਵਿੱਚ ਗ਼ੈਰ-ਕਾਨੂੰਨੀ ਸ਼ਰਤਾਂ ਜੋੜੀਆਂ ਗਈਆਂ ਹਨ।

ਆਗੂਆਂ ਨੇ ਮੰਗ ਕੀਤੀ ਕਿ ਐਸ.ਆਈ.ਆਰ. ਦੌਰਾਨ ਕੱਟੇ ਗਏ ਸਾਰੇ ਨਾਵਾਂ ਦਾ ਬੂਥ-ਵਾਰ ਵੇਰਵਾ ਕਾਰਨਾਂ ਸਮੇਤ ਜਨਤਕ ਕੀਤਾ ਜਾਵੇ ਅਤੇ ਯੋਗ ਵੋਟਰਾਂ ਦੇ ਨਾਂ ਤੁਰੰਤ ਮੁੜ ਜੋੜੇ ਜਾਣ।

## ਪ੍ਰਦਰਸ਼ਨ ਕਵਰ ਕਰ ਰਹੇ ਕਈ ਪੱਤਰਕਾਰਾਂ ਨਾਲ ਵੱਲੋਂ ਪੁਲਿਸ ਕੁੱਟਮਾਰ; 20 ਤੋਂ ਵੱਧ ਪੱਤਰਕਾਰਾਂ ਨੂੰ ਲਿਆ ਹਿਰਾਸਤ ’ਚ

ਨਵੀਂ ਦਿੱਲੀ : ਦਿੱਲੀ ਵਿੱਚ ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੁਲਿਸ ਉੱਤੇ ਪੱਤਰਕਾਰਾਂ ਨਾਲ ਕੁੱਟਮਾਰ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਰਿਪੋਰਟਿੰਗ ਕਰ ਰਹੇ 20 ਤੋਂ ਵੱਧ ਪੱਤਰਕਾਰਾਂ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਕੰਮ ਕਰਨ ਤੋਂ ਰੋਕਿਆ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿੱਚ ਲਿਆ।

**ਸੁਪਰੀਮ ਕੋਰਟ ਦੇ ਹੁਕਮਾਂ ਦੀ ਅਣਦੇਖੀ**

ਸੁਪਰੀਮ ਕੋਰਟ ਨੇ 11 ਅਕਤੂਬਰ ਨੂੰ ਸਾਫ਼ ਕਿਹਾ ਸੀ ਕਿ ਪੱਤਰਕਾਰਾਂ ਅਤੇ ਵਕੀਲਾਂ ਨੂੰ ਆਪਣੀ ਡਿਊਟੀ ਕਰਨ ਤੋਂ ਨਾ ਰੋਕਿਆ ਜਾਵੇ। ਇਸ ਦੇ ਬਾਵਜੂਦ ਦਿੱਲੀ ਪੁਲਿਸ ਨੇ ਮੀਡੀਆ ਕਰਮੀਆਂ ਨੂੰ ਫੜਿਆ, ਕੁੱਟਿਆ ਅਤੇ ਸੜਕਾਂ ’ਤੇ ਘਸੀਟਿਆ। ਪ੍ਰੈੱਸ ਕਾਰਡ ਦਿਖਾਉਣ ’ਤੇ ਵੀ ਪੁਲਿਸ ਨੇ ਉਨ੍ਹਾਂ ਦੀ ਇੱਕ ਨਾ ਸੁਣੀ।

**ਪੱਤਰਕਾਰਾਂ ਨਾਲ ਵਾਪਰੀਆਂ ਮੁੱਖ ਘਟਨਾਵਾਂ**

ਪ੍ਰਗਿਆ ਮਿਸ਼ਰਾ: ਰਾਮਕ੍ਰਿਸ਼ਨ ਆਸ਼ਰਮ ਮੈਟਰੋ ਸਟੇਸ਼ਨ ਨੇੜੇ ਰਿਪੋਰਟਿੰਗ ਕਰ ਰਹੀ ਸੀ। ਪੁਲਿਸ ਨੇ ਉਸ ਦੇ ਕੈਮਰਾਮੈਨ ਨੂੰ ਫੜ ਲਿਆ। ਜਦੋਂ ਪ੍ਰਗਿਆ ਬਚਾਉਣ ਗਈ ਤਾਂ ਮਹਿਲਾ ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਜ਼ਬਰਦਸਤੀ ਚੁੱਕ ਕੇ ਬੱਸ ਵਿੱਚ ਸੁੱਟ ਦਿੱਤਾ। ਖਿੱਚ-ਧੂਹ ਦੌਰਾਨ ਉਸ ਦੇ ਕੱਪੜੇ ਵੀ ਫਟ ਗਏ।

(ਬਾਕੀ ਸਫ਼ਾ 26 ’ਤੇ)

# ਪੰਜਾਬ ਵਿਧਾਨ ਸਭਾ ਚੋਣਾਂ ਕਾਰਨ ਕੈਨੇਡਾ ਤੋਂ ਭਾਰਤ ਦੇ ਹਵਾਈ ਕਿਰਾਏ ’ਚ ਵਾਧਾ

ਵੈਨਕੂਵਰ/ਏ.ਟੀ.ਨਿਊਜ਼: ਪੰਜਾਬ ਵਿੱਚ ਅਗਲੇ ਸਾਲ ਦੇ ਪਹਿਲੇ ਮਹੀਨਿਆਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਰੰਗ-ਢੰਗ ਵੇਖਣ ਲਈ ਕੈਨੇਡਾ ਵੱਸੇ ਭਾਰਤੀਆਂ ਦੇ ਮਨਾਂ ਵਿੱਚ ਪੂਰਾ ਉਤਸ਼ਾਹ ਹੋਣ ਦੇ ਸੰਕੇਤ ਮਿਲਣ ਲੱਗੇ ਹਨ। ਇਸ ਦਾ ਸਬੂਤ ਕੈਨੇਡਾ ਤੋਂ ਭਾਰਤ ਦੇ ਹਵਾਈ ਕਿਰਾਇਆਂ ਵਿੱਚ ਹੋਏ ਵੱਡੇ ਵਾਧੇ ਤੋਂ ਮਿਲਣ ਲੱਗਾ ਹੈ। ਚੋਣਾਂ ਵਿੱਚ ਹਿੱਸਾ ਲੈਣ ਜਾਂ ਰੰਗ-ਢੰਗ ਵੇਖਣ ਦੇ ਸੰਕੇਤ ਦੀ ਗਵਾਹੀ ਇਹ ਤੱਥ ਭਰਦਾ ਹੈ ਕਿ ਬਹੁਤੀਆਂ ਏਅਰਲਾਈਨਾਂ ਦੇ ਕਿਰਾਏ ਵਿੱਚ ਵਾਧਾ 15 ਦਸੰਬਰ ਤੋਂ ਫਰਵਰੀ ਦੇ ਪਹਿਲੇ ਹਫ਼ਤੇ ਤੱਕ ਹੋਇਆ ਮਿਲਦਾ ਹੈ। ਟਿਕਟਾਂ ਬੁੱਕ ਕਰਦੇ ਕੁਝ ਏਜੰਟ ਇਹ ਦੱਸਣ ਤੋਂ ਨਹੀਂ ਝਿਜਕਦੇ ਕਿ ਇਸ ਵਾਧੇ ਦਾ ਕਾਰਨ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਹਨ।

ਬੇਸ਼ੱਕ ਕੁਝ ਏਅਰਲਾਈਨਾਂ ਨੇ ਜੈੱਟ ਫਿਊਲ ਦੀ ਕੀਮਤ ਵਿੱਚ ਹੋਏ ਵਾਧੇ ਕਾਰਨ ਫਿਊਲ ਸੈੱਸ ਲਾ ਕੇ ਕਿਰਾਏ ਵਧਾਏ ਹਨ, ਪਰ ਤਾਰੀਖ਼ ਵਾਰ ਚੈੱਕ ਕੀਤਿਆਂ ਉਸ ਦਾ ਅਸਰ ਅੱਧ ਦਸੰਬਰ ਤੋਂ ਪਹਿਲਾਂ ਅਤੇ ਫਰਵਰੀ ਦੇ ਪਹਿਲੇ ਹਫ਼ਤੇ ਤੋਂ ਬਾਅਦ ਵੀ ਨਜ਼ਰ ਆਉਂਦਾ ਹੈ। ਪਰ ਚੋਣਾਂ ਦੀ ਖਿੱਚ ਦਾ ਅਸਰ ਹੈ ਕਿ ਦਸੰਬਰ ਦੇ ਪਹਿਲੇ ਹਫ਼ਤੇ ਤੱਕ ਦੀ ਕੈਨੇਡਾ ਤੋਂ ਦਿੱਲੀ ਤੱਕ ਪ੍ਰਤੀ ਯਾਤਰੀ 1700-1800 ਡਾਲਰ ਮਿਲਣ ਵਾਲੀ ਟਿਕਟ, ਉਸ ਤੋਂ ਅਗਲੇ ਦਿਨਾਂ ਯਾਨੀ ਅੱਧ ਦਸੰਬਰ ਤੋਂ ਸ਼ੁਰੂ ਹੋ ਕੇ ਜਨਵਰੀ ਦੇ ਆਖ਼ਰ ਤੱਕ ਦੀਆਂ ਤਾਰੀਖ਼ਾਂ ਲਈ 3 ਹਜ਼ਾਰ ਡਾਲਰ ਤੱਕ ਪਹੁੰਚ ਗਈ ਹੈ ਅਤੇ ਅੱਗੋਂ ਤੋਂ ਘਟਦੀਆਂ ਜਾਂਦੀਆਂ ਹਨ।




ਜਾਣਕਾਰੀ ਅਨੁਸਾਰ ਕੀਮਤਾਂ ਵਿੱਚ ਵਾਧੇ ਲਈ ਸਿਰਫ਼ ਏਅਰਲਾਈਨਾਂ ਹੀ ਨਹੀਂ, ਏਜੰਟ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਭੀੜ ਵਾਲੇ ਦਿਨਾਂ ਦੀਆਂ ਅਗਾਊਂ ਟਿਕਟਾਂ ਪਹਿਲਾਂ ਹੀ ਸਸਤੀ ਦਰ ’ਤੇ ਵੱਡੀ ਮਾਤਰਾ ਵਿੱਚ ਖਰੀਦ ਲਈਆਂ ਅਤੇ ਹੁਣ ਏਅਰਲਾਈਨਾਂ ਤੋਂ ਥੋੜ੍ਹੀ ਜਿਹੀ ਫ਼ੀਸ ਨਾਲ ਯਾਤਰੀ ਦਾ ਵੇਰਵਾ ਬਦਲ ਕੇ ਏਅਰਲਾਈਨ ਵਾਲੀ ਤਾਜ਼ਾ ਕੀਮਤ ’ਤੇ ਵੇਚ ਰਹੇ ਹਨ। ਪਹਿਲਾਂ ਸਮਝਿਆ ਜਾਂਦਾ ਸੀ ਕਿ ਚੀਨ, ਕੋਰੀਆ, ਤਾਈਵਾਨ, ਹਾਂਗਕਾਂਗ ਆਦਿ ਦੀਆਂ ਕੋਵਿਡ ਵੇਲੇ ਦੀਆਂ ਰੱਦ ਹੋਈਆਂ ਵੈਨਕੂਵਰ / ਕੈਲਗਰੀ - ਦਿੱਲੀ ਜੋੜ ਉਡਾਣਾਂ ਦਾ ਫਿਰ ਤੋਂ ਸੰਚਾਲਨ ਹੋਣ ਕਰਕੇ ਮੁਕਾਬਲੇ ਦੀ ਦੌੜ ਵਿੱਚ ਕਿਰਾਏ ਘਟਣਗੇ, ਪਰ ਪੰਜਾਬ ਚੋਣਾਂ ਕਾਰਨ ਕਿਰਾਏ ਘਟਣ ਦੀ ਥਾਂ ਵਧੇ ਹਨ। ਵੈਨਕੂਵਰ ਤੋਂ ਦਿੱਲੀ ਵਾਇਆ ਬੀਜਿੰਗ ਜਾਂ ਸਿਉਲ ਜਿਸ ਦਾ ਦੁਵੱਲਾ ਕਿਰਾਇਆ ਪਹਿਲਾਂ ਕਰੀਬ 900 ਡਾਲਰ ਹੁੰਦਾ ਸੀ, ਹੁਣ ਡਬਲ ਤੋਂ ਵੱਧ ਅਤੇ ਦਸੰਬਰ ਮਹੀਨੇ ਢਾਈ ਗੁਣਾਂ ਤੱਕ ਪਹੁੰਚਿਆ ਹੋਇਆ ਹੈ।

# ਐਲਨ ਮਸਕ ਨੇ ਟਰੰਪ ਦੀ ਪਾਰਟੀ ਨੂੰ 276 ਮਿਲੀਅਨ ਅਮਰੀਕੀ ਡਾਲਰ ਦਾ ਦਿੱਤਾ ਚੰਦਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਸਪੇਸਐਕਸ ਦੇ ਮੁਖੀ ਐਲਨ ਮਸਕ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਲਈ ਵੱਡੇ ਸਿਆਸੀ ਚੰਦੇ ਦਾ ਐਲਾਨ ਕੀਤਾ ਗਿਆ ਹੈ। ਇੱਕ ਮੀਡੀਆ ਰਿਪੋਰਟ ਅਨੁਸਾਰ ਐਲਨ ਮਸਕ ਨੇ ਰਿਪਬਲਿਕਨ ਪਾਰਟੀ ਨੂੰ 276 ਮਿਲੀਅਨ ਅਮਰੀਕੀ ਡਾਲਰ (ਲਗਭਗ 26 ਅਰਬ 38 ਕਰੋੜ ਭਾਰਤੀ ਰੁਪਏ) ਦਾ ਭਾਰੀ ਚੰਦਾ ਦਿੱਤਾ ਹੈ, ਜਿਸ ਨਾਲ ਉਹ 3 ਨਵੰਬਰ ਨੂੰ ਹੋਣ ਵਾਲੀਆਂ ਮਿਡ-ਟਰਮ (ਮਧਿਆਵਧੀ) ਚੋਣਾਂ ਵਿੱਚ ਪਾਰਟੀ ਨੂੰ ਸਭ ਤੋਂ ਵੱਡਾ ਵਿੱਤੀ ਸਮਰਥਨ ਦੇਣ ਵਾਲੇ ਵਿਅਕਤੀ ਬਣ ਗਏ ਹਨ। 'ਦਿ ਨਿਊਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਮਸਕ ਨੇ ਇਹ ਡੋਨੇਸ਼ਨ ਜੁਲਾਈ ਮਹੀਨੇ ਤੋਂ ਦੇਣੀ ਸ਼ੁਰੂ ਕੀਤੀ ਸੀ, ਤਾਂ ਜੋ ਉਨ੍ਹਾਂ 'ਬੈਟਲਗ੍ਰਾਊਂਡ' ਸੂਬਿਆਂ ਵਿੱਚ ਰਿਪਬਲਿਕਨ ਪ੍ਰਚਾਰ ਨੂੰ ਮਜ਼ਬੂਤੀ ਮਿਲ ਸਕੇ ਜਿੱਥੇ ਡੈਮੋਕ੍ਰੇਟਿਕ ਪਾਰਟੀ ਨਾਲ ਸਖ਼ਤ ਮੁਕਾਬਲਾ ਹੈ। 2025-26 ਦੇ ਚੋਣ ਚੱਕਰ ਦੌਰਾਨ ਮਸਕ ਨੇ ਰਿਪਬਲਿਕਨ ਪਾਰਟੀ ਨੂੰ ਕੁੱਲ 366 ਮਿਲੀਅਨ ਅਮਰੀਕੀ ਡਾਲਰ ਦਿੱਤੇ ਹਨ, ਜੋ ਕਿ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਦੇ ਇਲੈਕਸ਼ਨ ਕੈਂਪੇਨ ਲਈ ਦਿੱਤੇ ਗਏ 290 ਮਿਲੀਅਨ ਅਮਰੀਕੀ ਡਾਲਰ ਨਾਲੋਂ ਵੀ ਜ਼ਿਆਦਾ ਹਨ।



ਇਸ ਵੱਡੇ ਚੰਦੇ ਦੇ ਵੇਰਵਿਆਂ ਅਨੁਸਾਰ ਮਸਕ ਨੇ ਰਿਪਬਲਿਕਨ ਪਾਰਟੀ ਦੇ 'ਸੀਨੇਟ ਲੀਡਰਸ਼ਿਪ ਫੰਡ' ਵਿੱਚ 158 ਮਿਲੀਅਨ ਅਮਰੀਕੀ ਡਾਲਰ ਦਾ ਯੋਗਦਾਨ ਪਾਇਆ ਹੈ, ਜੋ ਕਿ ਅਮਰੀਕੀ ਇਤਿਹਾਸ ਵਿੱਚ ਕਿਸੇ ਇੱਕ ਵਿਅਕਤੀ ਵੱਲੋਂ ਦਿੱਤਾ ਗਿਆ ਸਭ ਤੋਂ ਵੱਡਾ ਸਿਆਸੀ ਡੋਨੇਸ਼ਨ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ 36 ਤੋਂ ਵੱਧ ਸੀਟਾਂ 'ਤੇ ਸੀਨੇਟ ਉਮੀਦਵਾਰਾਂ ਲਈ ਪ੍ਰਚਾਰ ਕਰ ਰਹੇ 'ਅਮਰੀਕਾ ਪੀ.ਏ.ਸੀ.'ਨੂੰ 7.6 ਕਰੋੜ ਡਾਲਰ, 'ਕਾਂਗਰੈਸ਼ਨਲ ਲੀਡਰਸ਼ਿਪ ਫੰਡ' ਨੂੰ 2 ਕਰੋੜ ਡਾਲਰ, ਟੈਕਸਾਸ ਵਿੱਚ ਕੇਨ ਪੈਕਸਟਨ ਦਾ ਸਮਰਥਨ ਕਰਨ ਵਾਲੇ 'ਲੋਨ ਸਤਾਰ ਲਿਬਰਟੀ ਪੀ.ਏ.ਸੀ.' ਨੂੰ 1 ਕਰੋੜ ਡਾਲਰ, 'ਰਿਪਬਲਿਕਨ ਗਵਰਨਰਜ਼ ਐਸੋਸੀਏਸ਼ਨ' ਨੂੰ 1 ਕਰੋੜ ਡਾਲਰ ਅਤੇ 'ਰਿਪਬਲਿਕਨ ਅਟਾਰਨੀ ਜਨਰਲ ਐਸੋਸੀਏਸ਼ਨ' ਨੂੰ 20 ਲੱਖ ਡਾਲਰ ਦਾਨ ਕੀਤੇ ਹਨ। 'ਅਮਰੀਕਾ ਪੀ.ਏ.ਸੀ.' ਦੇ ਬੁਲਾਰੇ ਐਂਡਰਿਊ ਰੋਮੀਓ ਅਨੁਸਾਰ ਇਸ ਵੱਡੇ ਨਿਵੇਸ਼ ਨਾਲ ਪਾਰਟੀ ਨੂੰ ਆਪਣਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਵਿੱਚ ਵੱਡੀ ਮਦਦ ਮਿਲੀ ਹੈ।ਜ਼ਿਕਰਯੋਗ ਹੈ ਕਿ ਐਲਨ ਮਸਕ ਇੱਕ ਵਿਸ਼ਾਲ ਵਪਾਰਕ ਸਾਮਰਾਜ ਚਲਾਉਂਦੇ ਹਨ ਅਤੇ ਉਨ੍ਹਾਂ ਨੂੰ ਸਰਕਾਰੀ ਕੰਟਰੈਕਟਾਂ ਤੋਂ ਕਾਫ਼ੀ ਫ਼ਾਇਦਾ ਹੋਇਆ ਹੈ। ਰਾਸ਼ਟਰਪਤੀ ਟਰੰਪ ਨੇ ਪਿਛਲੇ ਸਾਲ ਜਨਵਰੀ ਵਿੱਚ ਸਰਕਾਰੀ ਖਰਚੇ ਘਟਾਉਣ ਲਈ ਮਸਕ ਨੂੰ 'ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੈਂਸੀ' ਦਾ ਇੰਚਾਰਜ ਬਣਾਇਆ ਸੀ, ਪਰ ਬਾਅਦ ਵਿੱਚ ਦੋਵਾਂ ਵਿਚਕਾਰ ਮਤਭੇਦ ਉਭਰ ਆਏ ਸਨ। ਹਾਲਾਂਕਿ ਕੁਝ ਮਹੀਨਿਆਂ ਬਾਅਦ ਮਸਕ ਮੁੜ ਟਰੰਪ ਦੇ ਸਮਰਥਨ ਵਿੱਚ ਆ ਗਏ ਅਤੇ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਟਰੰਪ ਨੇ ਮਸਕ ਨੂੰ 'ਨੈਸ਼ਨਲ ਮੈਡਲ ਆਫ਼ ਸਾਇੰਸ' ਨਾਲ ਸਨਮਾਨਿਤ ਕਰਦੇ ਹੋਏ 'ਆਧੁਨਿਕ ਯੁੱਗ ਦਾ ਐਡੀਸਨ' ਵੀ ਕਰਾਰ ਦਿੱਤਾ ਸੀ।

## ਕੈਨੇਡਾ ਅਤੇ ਅਮਰੀਕਾ ਵਿਚਾਲੇ ਵਧਿਆ ਵਪਾਰਕ ਤਣਾਅ

# ਕੈਨੇਡਾ ਦੀ ਏ.ਆਈ. ਕੰਪਨੀ ਵੱਲੋਂ ਅਮਰੀਕੀ ਸਰਕਾਰ ਨਾਲ ਜੁੜੇ ਕੰਮਾਂ ਤੋਂ ਪਿੱਛੇ ਹਟਣ ਦਾ ਵੱਡਾ ਫ਼ੈਸਲਾ

ਵਿੰਨੀਪੈੱਗ/ਏ.ਟੀ.ਨਿਊਜ਼ : ਕੈਨੇਡਾ ਅਤੇ ਅਮਰੀਕਾ ਦਰਮਿਆਨ ਵਧ ਰਹੇ ਵਪਾਰਕ ਤਣਾਅ ਅਤੇ ਸਿਆਸੀ ਖਿੱਚੋਤਾਣ ਦਾ ਅਸਰ ਹੁਣ ਦੋਵਾਂ ਦੇਸ਼ਾਂ ਦੇ ਤਕਨਾਲੋਜੀ ਖੇਤਰ 'ਤੇ ਵੀ ਸਪਸ਼ਟ ਦਿਸਣ ਲੱਗ ਪਿਆ ਹੈ। ਕੈਨੇਡਾ ਦੀ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਕੰਪਨੀ 'ਕੋਸਵੇਅ' ਨੇ ਅਮਰੀਕੀ ਸਰਕਾਰ ਨਾਲ ਜੁੜੇ ਕੰਮਾਂ ਤੋਂ ਪਿੱਛੇ ਹਟਣ ਦਾ ਵੱਡਾ ਫ਼ੈਸਲਾ ਲਿਆ ਹੈ। ਕਾਨੂੰਨੀ ਅਤੇ ਰੱਖਿਆ ਖੇਤਰ ਲਈ ਏ.ਆਈ. ਔਜ਼ਾਰ ਤਿਆਰ ਕਰਨ ਵਾਲੀ ਇਸ ਓਟਾਵਾ ਸਥਿਤ ਕੰਪਨੀ ਨੇ ਹੁਣ ਆਪਣਾ ਧਿਆਨ ਕੈਨੇਡਾ ਦੇ ਘਰੇਲੂ ਰੱਖਿਆ ਖੇਤਰ ਸਮੇਤ ਯੂਰੋਪ ਅਤੇ ਤਾਈਵਾਨ ਵਰਗੇ ਵਿਦੇਸ਼ੀ ਬਾਜ਼ਾਰਾਂ ਵੱਲ ਮੋੜ ਲਿਆ ਹੈ। ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਅਲ ਵਿਜੀਅਰ ਨੇ ਖ਼ੁਲਾਸਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਨੂੰ '51ਵਾਂ ਰਾਜ' ਬਣਾਉਣ ਬਾਰੇ ਦਿੱਤੇ ਬਿਆਨਾਂ ਅਤੇ ਤਣਾਅਪੂਰਨ ਵਪਾਰਕ ਰਵੱਈਏ ਨੇ ਉਨ੍ਹਾਂ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ।



ਵਿਜੀਅਰ ਨੇ ਕਿਹਾ, ਜਦੋਂ ਇੱਕ ਪਾਸੇ ਅਮਰੀਕਾ ਸਾਨੂੰ ਧਮਕੀਆਂ ਦੇ ਰਿਹਾ ਹੈ, ਤਾਂ ਅਜਿਹੇ ਮਾਹੌਲ ਵਿੱਚ ਅਸੀਂ ਉਨ੍ਹਾਂ ਦੀਆਂ ਏ.ਆਈ. ਲੋੜਾਂ ਪੂਰੀਆਂ ਕਰਨ ਲਈ ਅੱਗੇ ਵਧਣ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ।

ਇਹ ਫ਼ੈਸਲਾ ਕੰਪਨੀ ਲਈ ਆਰਥਿਕ ਤੌਰ 'ਤੇ ਵੱਡਾ ਝਟਕਾ ਵੀ ਸਾਬਤ ਹੋ ਸਕਦਾ ਹੈ। ਕੰਪਨੀ ਨੇ ਇੱਕ ਪ੍ਰਮੁੱਖ ਅਮਰੀਕੀ ਉਦਯੋਗਿਕ ਸੰਮੇਲਨ ਵਿੱਚ ਪੇਸ਼ਕਾਰੀ ਲਈ ਚੁਣੀਆਂ ਗਈਆਂ ਅੱਠ ਕੰਪਨੀਆਂ ਵਿੱਚ ਥਾਂ ਬਣਾਈ ਸੀ, ਜਿੱਥੇ 50 ਤੋਂ 100 ਮਿਲੀਅਨ ਡਾਲਰ ਤੱਕ ਦਾ ਨਿਵੇਸ਼ ਮਿਲਣ ਦੀ ਸੰਭਾਵਨਾ ਸੀ। ਪਰ ਕੈਨੇਡੀਅਨ ਕੰਪਨੀ ਨੇ ਇਸ ਵੱਡੇ ਨਿਵੇਸ਼ ਦੀ ਪਰਵਾਹ ਨਾ ਕਰਦਿਆਂ ਅਮਰੀਕੀ ਬਾਜ਼ਾਰ ਨੂੰ ਨਾਂਹ ਕਰ ਦਿੱਤੀ। (ਬਾਕੀ ਸਫ਼ਾ 26 'ਤੇ)

# ਅਟਲਾਂਟਿਕ ਜਾਂ ਪ੍ਰਸ਼ਾਂਤ ਮਹਾਸਾਗਰ ਦਾ ਨਾਮ ਬਦਲ ਕੇ 'ਟਰੰਪ ਮਹਾਸਾਗਰ' ਰੱਖਿਆ ਜਾਵੇ : ਟਰੰਪ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਟਲਾਂਟਿਕ ਜਾਂ ਪ੍ਰਸ਼ਾਂਤ ਮਹਾਸਾਗਰ ਦਾ ਨਾਮ ਬਦਲਣ ਦਾ ਵਿਚਾਰ ਪੇਸ਼ ਕੀਤਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੇ ਇਸਦਾ ਨਾਮ ਟਰੰਪ ਮਹਾਸਾਗਰ ਜਾਂ ਅਮਰੀਕਾ ਦਾ ਮਹਾਸਾਗਰ ਰੱਖਣ ਦਾ ਸੁਝਾਅ ਦਿੱਤਾ ਹੈ। ਟਰੰਪ ਨੇ ਇਹ ਬਿਆਨ ਪਿਛਲੇ ਦਿਨੀਂ ਟੈਨੇਸੀ ਵਿੱਚ ਇੱਕ ਚੋਣ ਰੈਲੀ ਦੌਰਾਨ ਦਿੱਤਾ। ਅਮਰੀਕਾ ਵਿੱਚ ਨਵੰਬਰ ਵਿੱਚ ਮੱਧਕਾਲੀ ਚੋਣਾਂ ਹੋਣ ਵਾਲੀਆਂ ਹਨ।ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਦੇ ਅਨੁਸਾਰ ਟਰੰਪ ਨੇ ਕਿਹਾ, 'ਸਾਨੂੰ ਇੱਕ ਨਦੀ ਦੀ ਲੋੜ ਹੈ। ਸਾਨੂੰ ਇੱਕ ਮਹਾਸਾਗਰ ਦੀ ਲੋੜ ਹੈ।' ਫਿਰ ਉਨ੍ਹਾਂ ਨੇ ਅਟਲਾਂਟਿਕ ਜਾਂ ਪ੍ਰਸ਼ਾਂਤ ਮਹਾਸਾਗਰਾਂ ਦਾ ਨਾਮ ਬਦਲਣ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ, 'ਅਸੀਂ ਇਸਨੂੰ ਟਰੰਪ ਮਹਾਸਾਗਰ ਜਾਂ ਅਮਰੀਕਾ ਦਾ ਮਹਾਸਾਗਰ ਜਾਂ ਇਸ ਤਰ੍ਹਾਂ ਦੀ ਕੋਈ ਚੀਜ਼ ਕਹਿ ਸਕਦੇ ਹਾਂ।' ਟਰੰਪ ਨੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਅਤੇ 'ਲੇਕ ਓਨਟਾਰੀਓ' ਦਾ ਨਾਮ ਬਦਲ ਕੇ 'ਲੇਕ ਅਮਰੀਕਾ' ਰੱਖਣ ਦੇ ਆਪਣੇ ਪਿਛਲੇ ਫੈਸਲਿਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਅਹੁਦਾ ਛੱਡਣ ਤੋਂ ਪਹਿਲਾਂ ਇੱਕ ਸਮੁੰਦਰ ਅਤੇ ਇੱਕ ਵੱਡੀ ਨਦੀ ਦਾ ਨਾਮ ਬਦਲਣਾ ਚਾਹੁੰਦੇ ਹਨ। ਵਾਸ਼ਿੰਗਟਨ ਪੋਸਟ ਦੇ ਅਨੁਸਾਰ ਟਰੰਪ ਨੇ ਕਿਹਾ, 'ਮੇਰੇ ਜਾਣ ਤੋਂ ਪਹਿਲਾਂ, ਮੈਨੂੰ ਲੱਗਦਾ ਹੈ ਕਿ ਸਾਡੇ ਕੋਲ ਇੱਕ ਸਮੁੰਦਰ ਹੋਣਾ ਚਾਹੀਦਾ ਹੈ। ਸਾਨੂੰ ਇੱਕ ਵੱਡੀ ਨਦੀ ਦੀ ਵੀ ਲੋੜ ਹੈ।' ਟਰੰਪ ਦਾ ਇਹ ਬਿਆਨ ਅਜਿਹੇ ਸਮੇਂ ਵਿਚ ਸਾਹਮਣੇ ਆਇਆ ਹੈ ਜਦੋਂ ਹੋਰਮੁਜ਼ ਸਟ੍ਰੇਟ ਸਟੇਟ ਦਾ ਨਾਮ ਬਦਲ ਕੇ ਟਰੰਪ ਸਟ੍ਰੇਟ ਕਰਨ ਵਾਲਾ ਬਿਆਨ ਚਰਚਾ ਵਿੱਚ ਹੈ।



(ਬਾਕੀ ਸਫ਼ਾ 27 'ਤੇ)

# ਅਮਰੀਕੀ ਅਰਥਸ਼ਾਸਤਰੀਆਂ ਨੂੰ ਮਿਲਿਆ ਨੋਬਲ ਪੁਰਸਕਾਰ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਅਮਰੀਕੀ ਅਰਥਸ਼ਾਸਤਰੀਆਂ ਰੌਬਰਟ ਈ. ਹਾਲ ਅਤੇ ਮਾਈਕਲ ਵੁੱਡਫ਼ੋਰਡ ਨੂੰ ਮੈਕਰੋਇਕਨਾਮਿਕ ਸਥਿਰਤਾ ਲਈ ਨੀਤੀ ਨਿਰਮਾਣ ਦੇ ਸੂਖਮ ਆਰਥਿਕ ਬੁਨਿਆਦਾਂ 'ਤੇ ਉਨ੍ਹਾਂ ਦੇ ਕੰਮ ਲਈ ਅਰਥਸ਼ਾਸਤਰ ਵਿੱਚ ਨੋਬਲ ਮੈਮੋਰੀਅਲ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਜੋਂ ਐਲਾਨਿਆ ਗਿਆ।

ਰੌਬਰਟ ਕੈਲੀਫ਼ੋਰਨੀਆ 'ਚ ਸਥਿਤ ਸਟੈਨਫ਼ੋਰਡ ਯੂਨੀਵਰਸਿਟੀ ਨਾਲ ਜੁੜੇ ਹਨ ਜਦੋਂ ਕਿ ਵੁੱਡਫ਼ੋਰਡ ਨਿਊਯਾਰਕ ਵਿੱਚ ਕੋਲੰਬੀਆ ਯੂਨੀਵਰਸਿਟੀ ਵਿੱਚ ਹੈ। ਰਾਇਲ ਸਵੀਡਿਸ਼ ਅਕੈਡਮੀ ਆਫ਼ ਸਾਇੰਸਜ਼ ਨੇ ਸਟਾਕਹੋਮ ਵਿੱਚ ਅਰਥਸ਼ਾਸਤਰ ਵਿੱਚ ਨੋਬਲ ਪੁਰਸਕਾਰ ਦੇ ਜੇਤੂਆਂ ਦਾ ਐਲਾਨ ਕੀਤਾ।

ਆਰਥਿਕ ਵਿਗਿਆਨ ਪੁਰਸਕਾਰ ਕਮੇਟੀ ਦੇ ਮੁਖੀ ਜੌਨ ਹੈਸਲਰ ਨੇ ਇੱਕ ਬਿਆਨ ਵਿੱਚ ਕਿਹਾ 'ਵਿਜੇਤਾਵਾਂ ਦੇ ਕੰਮ ਨੇ ਸਾਨੂੰ ਦੁਨੀਆ ਭਰ ਦੇ ਕੇਂਦਰੀ ਬੈਂਕਾਂ ਅਤੇ ਸਰਕਾਰਾਂ ਦੁਆਰਾ ਵਰਤੇ ਜਾਣ ਵਾਲੇ ਮਾਡਲਾਂ ਲਈ ਇੱਕ ਸਥਿਰ ਸਿਧਾਂਤਕ ਨੀਂਹ ਦਿੱਤੀ ਹੈ'। ਹੈਸਲਰ ਨੇ ਅੱਗੇ ਕਿਹਾ 'ਉਨ੍ਹਾਂ ਦੇ ਕੰਮ ਨੇ ਸਾਨੂੰ ਊਰਜਾ ਸੰਕਟ ਜਾਂ ਘਰੇਲੂ ਖਪਤ ਵਿੱਚ ਅਚਾਨਕ ਤਬਦੀਲੀਆਂ ਵਰਗੇ ਆਰਥਿਕ ਝਟਕਿਆਂ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਕੀਤਾ ਹੈ'। ਅਰਥਸ਼ਾਸਤਰ ਇਨਾਮ ਨੂੰ ਅਧਿਕਾਰਤ ਤੌਰ 'ਤੇ 'ਐਲਫ਼ਰੇਡ ਨੋਬਲ ਦੀ ਯਾਦ ਵਿੱਚ ਆਰਥਿਕ ਵਿਗਿਆਨ ਲਈ ਸਵੈਰੀਗੇਸ ਰਿਕਸਬੈਂਕ ਪੁਰਸਕਾਰ' ਵਜੋਂ ਜਾਣਿਆ ਜਾਂਦਾ ਹੈ। ਇਸਦੀ ਸਥਾਪਨਾ 1968 ਵਿੱਚ ਸਵੀਡਨ ਦੇ ਸੈਂਟਰਲ ਬੈਂਕ ਦੁਆਰਾ ਕੀਤੀ ਗਈ ਸੀ। ਨੋਬਲ ਪੁਰਸਕਾਰ 19ਵੀਂ ਸਦੀ ਦੇ ਸਵੀਡਿਸ਼ ਕਾਰੋਬਾਰੀ ਅਤੇ ਰਸਾਇਣ ਵਿਗਿਆਨੀ ਐਲਫ਼੍ਰੇਡ ਨੋਬਲ ਦੀ ਯਾਦ ਵਿੱਚ ਦਿੱਤਾ ਜਾਂਦਾ ਹੈ। ਡਾਇਨਾਮਾਈਟ ਦੇ ਖੋਜੀ, ਨੋਬਲ ਨੇ ਪੰਜ ਨੋਬਲ ਪੁਰਸਕਾਰ ਸਥਾਪਿਤ ਕੀਤੇ। ਪਿਛਲੇ ਸਾਲ, ਤਿੰਨ ਖੋਜਕਰਤਾਵਾਂ ਨੂੰ ਵਪਾਰਕ ਨਵੀਨਤਾ ਦੇ ਉਨ੍ਹਾਂ ਦੇ ਅਧਿਐਨ ਲਈ ਸਨਮਾਨਿਤ ਕੀਤਾ ਗਿਆ ਸੀ, ਇਹ ਦਰਸਾਉਂਦੇਹੋਏ ਕਿ ਨਵੇਂ ਉਤਪਾਦ ਅਤੇ ਨਵੀਨਤਾਵਾਂ ਮੌਜੂਦਾ ਕੰਪਨੀਆਂ ਨੂੰ ਕਿਵੇਂ ਪਛਾੜਦੀਆਂ ਹਨ ਅਤੇ ਆਰਥਿਕ ਵਿਕਾਸ ਅਤੇ ਮਨੁੱਖੀ ਭਲਾਈ ਨੂੰ ਉਤਸ਼ਾਹਿਤ ਕਰਦੀਆਂ ਹਨ। ਅਰਥ ਸ਼ਾਸਤਰ ਪੁਰਸਕਾਰ ਤਕਨੀਕੀ ਤੌਰ 'ਤੇ ਮੂਲ ਪੰਜ ਨੋਬਲ ਪੁਰਸਕਾਰਾਂ ਵਿੱਚੋਂ ਇੱਕ ਨਹੀਂ ਹੈ, ਪਰ ਇਹ 10 ਦਸੰਬਰ ਨੂੰ ਦੂਜੇ ਇਨਾਮਾਂ ਦੇ ਨਾਲ ਦਿੱਤਾ ਜਾਂਦਾ ਹੈ। ਪਿਛਲੇ ਹਫ਼ਤੇ, ਮੈਡੀਸਨ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਾਹਿਤ ਅਤੇ ਸ਼ਾਂਤੀ ਵਿੱਚ ਨੋਬਲ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਸੀ। ਇਸ ਸਾਲ ਦੀ ਇਨਾਮੀ ਰਾਸ਼ੀ 1.2 ਕਰੋੜ ਸਵੀਡਿਸ਼ ਕ੍ਰੋਨਰ (ਲਗਭਗ 12 ਲੱਖ ਅਮਰੀਕੀ ਡਾਲਰ) ਹੈ। ਇਹ ਰਕਮ ਇੱਕੋ ਜਿਹੀ ਰਹਿੰਦੀ ਹੈ ਭਾਵੇਂ ਇਨਾਮ ਕਿਸੇ ਵਿਅਕਤੀ, ਇੱਕ ਛੋਟੇ ਸਮੂਹ ਜਾਂ ਇੱਕ ਸੰਗਠਨ ਨੂੰ ਦਿੱਤਾ ਜਾਵੇ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕੀ ਸਰਕਾਰ ਨੇ ਰੋਕਿਆ ਆਈ. ਟੀ. ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਦਾ ਗਰੀਨ ਕਾਰਡ ਵਾਲਾ ਪ੍ਰੋਗਰਾਮ

## ਅਮਰੀਕਾ 'ਚ ਹੁਣ ਨਹੀਂ ਮਿਲਣਗੇ ਟਾਟਾ, ਵਿਪਰੋ, ਮਾਈਕਰੋਸਾਫਟ ਸਣੇ ਅੱਠ ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਨੂੰ ਗਰੀਨ ਕਾਰਡ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਆਈ. ਟੀ. ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਦਾ ਗਰੀਨ ਕਾਰਡ ਵਾਲਾ ਪ੍ਰੋਗਰਾਮ ਰੋਕ ਦਿੱਤਾ ਹੈ। ਇਸ ਤਹਿਤ ਮਾਈਕਰੋਸਾਫਟ ਸਣੇ ਅੱਠ ਆਈ ਟੀ ਕੰਪਨੀਆਂ ਦੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਸਥਾਈ ਨਿਵਾਸ ਜਾਂ ਗਰੀਨ ਕਾਰਡ ਦਿਵਾਉਣ ਵਾਲੇ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ ਹੈ। ਅਮਰੀਕਾ ਨੇ ਇਹ ਕਾਰਵਾਈ ਕੌਗਨਿਜ਼ੈਂਟ, ਇਨਫੋਸਿਸ, ਟਾਟਾ, ਵਿਪਰੋ, ਕੈਪਜੈਮਿਨੀ ਅਤੇ ਐੱਚ.ਸੀ.ਐੱਲ. 'ਤੇ ਕੀਤੀ ਹੈ। ਇਸ ਕਾਰਵਾਈ ਨਾਲ ਇਨ੍ਹਾਂ ਕੰਪਨੀਆਂ ਵਿੱਚ ਕੰਮ ਕਰ ਰਹੇ ਉਨ੍ਹਾਂ ਵਿਦੇਸ਼ੀ ਕਾਮਿਆਂ ਦੀ ਗ੍ਰੀਨ ਕਾਰਡ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ, ਜਿਨ੍ਹਾਂ ਲਈ ਨਵੀਂ ਲੇਬਰ ਸਰਟੀਫਿਕੇਸ਼ਨ ਦੀ ਲੋੜ ਹੈ।




ਇਸ ਦਾ ਸਿੱਧਾ ਅਸਰ ਅਮਰੀਕਾ ਵਿੱਚ ਕੰਮ ਕਰ ਰਹੇ ਹਜ਼ਾਰਾਂ ਵਿਦੇਸ਼ੀ ਪੇਸ਼ੇਵਰਾਂ ਦੀ ਸਥਾਈ ਨਿਵਾਸ ਦੀ ਪ੍ਰਕਿਰਿਆ 'ਤੇ ਪੈ ਸਕਦਾ ਹੈ। ਇਸ ਪ੍ਰੋਗਰਾਮ ਨੂੰ ਪੀ.ਈ.ਆਰ.ਐੱਮ. ਕਿਹਾ ਜਾਂਦਾ ਹੈ ਅਤੇ ਇਹ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਹਾਸਲ ਕਰਨ ਦੀ ਮਹੱਤਵਪੂਰਨ ਪ੍ਰਕਿਰਿਆ ਹੈ।

ਭਾਰਤ ਲਈ ਇਸ ਫ਼ੈਸਲੇ ਦੀ ਅਹਿਮੀਅਤ ਇਸ ਕਰਕੇ ਵੱਧ ਹੈ ਕਿਉਂਕਿ ਭਾਰਤੀ ਪੇਸ਼ੇਵਰ ਅਮਰੀਕਾ ਦੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੇ ਵੱਡੇ ਲਾਭਪਾਤਰੀ ਹਨ। ਜਿਹੜੇ ਕਰਮਚਾਰੀ ਐੱਚ-1ਬੀ ਵੀਜ਼ੇ 'ਤੇ ਅਮਰੀਕਾ ਵਿੱਚ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਕੰਪਨੀਆਂ ਉਨ੍ਹਾਂ ਲਈ ਗਰੀਨ ਕਾਰਡ ਦੀ ਪ੍ਰਕਿਰਿਆ ਚਲਾ ਰਹੀਆਂ ਹਨ, ਉਨ੍ਹਾਂ ਦੀਆਂ ਨਵੀਆਂ ਜਾਂ ਲੰਬਿਤ ਪੀ.ਈ.ਆਰ.ਐੱਮ. ਅਰਜ਼ੀਆਂ ਪ੍ਰਭਾਵਿਤ ਹੋ ਸਕਦੀਆਂ ਹਨ। ਅਮਰੀਕੀ ਕਿਰਤ ਵਿਭਾਗ ਨੇ ਕਿਹਾ ਹੈ ਕਿ ਇਨ੍ਹਾਂ ਕੰਪਨੀਆਂ ਨਾਲ ਸਬੰਧਿਤ ਨਵੀਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਅਤੇ ਲੰਬਿਤ ਅਰਜ਼ੀਆਂ 'ਤੇ ਵੀ ਕਾਰਵਾਈ ਨਹੀਂ ਹੋਵੇਗੀ।

ਹਾਲਾਂਕਿ ਇਸ ਫ਼ੈਸਲੇ ਨਾਲ ਮੌਜੂਦਾ ਐੱਚ-1ਬੀ ਵੀਜ਼ੇ ਆਪਣੇ ਆਪ ਰੱਦ ਨਹੀਂ ਹੁੰਦੇ। ਇਸ ਲਈ ਇਨ੍ਹਾਂ ਕੰਪਨੀਆਂ ਵਿੱਚ ਕੰਮ ਕਰ ਰਹੇ ਭਾਰਤੀ ਮੁਲਾਜ਼ਮਾਂ ਨੂੰ ਤੁਰੰਤ ਅਮਰੀਕਾ ਛੱਡਣ ਦੀ ਲੋੜ ਨਹੀਂ ਹੈ ਪਰ ਜਿਹੜੇ ਕਰਮਚਾਰੀ ਅਸਥਾਈ ਵੀਜ਼ੇ ਤੋਂ ਸਥਾਈ ਨਿਵਾਸ ਵੱਲ ਜਾਣ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਲਈ ਪ੍ਰਕਿਰਿਆ ਵਿੱਚ ਦੇਰੀ ਅਤੇ ਅਨਿਸ਼ਚਿਤਤਾ ਵਧ ਸਕਦੀ ਹੈ।

ਇਸ ਤੋਂ ਇਲਾਵਾ ਭਾਰਤੀ ਆਈ.ਟੀ. ਕੰਪਨੀਆਂ ਲਈ ਅਮਰੀਕਾ ਵਿੱਚ ਕਰਮਚਾਰੀਆਂ ਦੀ ਭਰਤੀ ਅਤੇ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਰੱਖਣ ਦੀ ਯੋਜਨਾ ਵੀ ਪ੍ਰਭਾਵਿਤ ਹੋ ਸਕਦੀ ਹੈ। ਅਮਰੀਕੀ ਪ੍ਰਸ਼ਾਸਨ ਦਾ ਦੋਸ਼ ਹੈ ਕਿ ਵਿਦੇਸ਼ੀ ਕਾਮਿਆਂ ਦੀ ਵਰਤੋਂ ਨਾਲ ਅਮਰੀਕੀ ਕਾਮਿਆਂ ਦੇ ਰੁਜ਼ਗਾਰ ਦੇ ਮੌਕੇ ਪ੍ਰਭਾਵਿਤ ਹੋਏ ਹਨ।

ਇਹ ਕਾਰਵਾਈ ਅਜਿਹੇ ਸਮੇਂ ਹੋਈ ਹੈ ਜਦੋਂ ਟਰੰਪ ਪ੍ਰਸ਼ਾਸਨ ਵੱਲੋਂ ਵਿਦੇਸ਼ੀ ਕਾਮਿਆਂ ਨਾਲ ਸਬੰਧਿਤ ਵੀਜ਼ਾ ਅਤੇ ਸਥਾਈ ਨਿਵਾਸ ਪ੍ਰੋਗਰਾਮਾਂ ਦੀ ਜਾਂਚ ਤੇਜ਼ ਕੀਤੀ ਜਾ ਰਹੀ ਹੈ। ਅਮਰੀਕੀ ਸਰਕਾਰ ਨੇ ਪਹਿਲਾਂ ਵੀ ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿੱਚ ਕਥਿਤ ਦੁਰਵਰਤੋਂ ਅਤੇ ਧੋਖਾਧੜੀ ਨੂੰ ਲੈ ਕੇ ਸਖ਼ਤੀ ਕੀਤੀ ਹੈ।

ਮਾਈਕਰੋਸਾਫਟ ਨੂੰ ਜਿਸ ਪ੍ਰੋਗਰਾਮ ਤੋਂ ਮੁਅੱਤਲ ਕੀਤਾ ਗਿਆ ਹੈ, ਉਹ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਲਈ ਵਿਦੇਸ਼ੀ ਕਾਮਿਆਂ ਨੂੰ ਸਪਾਂਸਰ ਕਰਨ ਦੀ ਪ੍ਰਕਿਰਿਆ ਦਾ ਮਹੱਤਵਪੂਰਨ ਹਿੱਸਾ ਹੈ। ਇਸ ਤਹਿਤ ਕੰਪਨੀਆਂ ਨੂੰ ਵਿਦੇਸ਼ੀ ਕਾਮਿਆਂ ਲਈ ਲੇਬਰ ਸਰਟੀਫਿਕੇਸ਼ਨ ਹਾਸਲ ਕਰਨੀ ਪੈਂਦੀ ਹੈ।

ਅਮਰੀਕਾ ਨੇ ਪਿਛਲੇ ਦਿਨੀਂ ਭਾਰਤ ਨਾਲ ਸਬੰਧਿਤ ਵੱਡੀਆਂ ਆਈ.ਟੀ. ਕੰਪਨੀਆਂ ਕੋਗਨਿਜ਼ੈਂਟ, ਇਨਫੋਸਿਸ, ਟਾਟਾ, ਵਿਪਰੋ, ਐੱਚਸੀਐੱਲ, ਕੈਪਜੈਮਿਨੀ, ਮਾਈਕ੍ਰੋਸਾਫਟ ਅਤੇ ਅਡੋਬ ਨੂੰ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਪ੍ਰੋਗਰਾਮ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਕਾਰਵਾਈ ਨਾਲ ਇਨ੍ਹਾਂ ਕੰਪਨੀਆਂ ਨਾਲ ਸਬੰਧਿਤ ਨਵੇਂ ਅਤੇ ਪਹਿਲਾਂ ਤੋਂ ਚੱਲ ਰਹੇ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਅਰਜ਼ੀ ਮਾਮਲੇ ਪ੍ਰਭਾਵਿਤ ਹੋਣਗੇ।

ਇਸ ਕਾਰਵਾਈ ਦਾ ਐਲਾਨ ਅਮਰੀਕਾ ਦੇ ਕਿਰਤ ਮੰਤਰੀ ਕੀਥ ਸੋਨਡਰਲਿੰਗ ਨੇ ਕੀਤਾ। ਇਸ ਮੌਕੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਅਤੇ ਅਮਰੀਕੀ ਧੋਖਾਧੜੀ ਰੋਕੂ ਟਾਸਕ ਫੋਰਸ ਦੇ ਮੁਖੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

ਸੋਨਡਰਲਿੰਗ ਨੇ ਕਿਹਾ ਕਿ ਉਹ ਦੁਨੀਆ ਦੀਆਂ ਕੁਝ ਸਭ ਤੋਂ ਵੱਡੀਆਂ ਆਈ.ਟੀ. ਆਊਟਸੋਰਸਿੰਗ ਕੰਪਨੀਆਂ ਕੋਗਨਿਜ਼ੈਂਟ, ਇਨਫੋਸਿਸ, ਟਾਟਾ, ਵਿਪਰੋ, ਐੱਚਸੀਐੱਲ ਅਤੇ ਕੈਪਜੈਮਿਨੀ ਨੂੰ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਪ੍ਰੋਗਰਾਮ ਤੋਂ ਮੁਅੱਤਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਰਤ ਵਿਭਾਗ ਨੇ ਮਾਈਕ੍ਰੋਸਾਫਟ ਅਤੇ ਅਡੋਬ ਨੂੰ ਵੀ ਇਸ ਪ੍ਰੋਗਰਾਮ ਤੋਂ ਮੁਅੱਤਲ ਕੀਤਾ ਹੈ।

(ਬਾਕੀ ਸਫ਼ਾ 27 'ਤੇ)

### ਗ੍ਰੀਨ ਕਾਰਡ ਪ੍ਰੋਗਰਾਮ ਕਾਰਨ ਆਪਣੀ ਕਰਮਚਾਰੀ ਰਣਨੀਤੀ ਨਹੀਂ ਬਦਲਾਂਗੇ: ਟੀ.ਸੀ.ਐਸ.




ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੀ ਸਭ ਤੋਂ ਵੱਡੀ ਆਈ.ਟੀ. ਸੇਵਾ ਕੰਪਨੀ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐਸ.) ਨੇ ਕਿਹਾ ਕਿ ਉਹ ਅਮਰੀਕਾ ਵੱਲੋਂ ਗ੍ਰੀਨ ਕਾਰਡ ਪ੍ਰੋਗਰਾਮ 'ਤੇ ਕੀਤੀ ਗਈ ਕਾਰਵਾਈ ਕਾਰਨ ਆਪਣੀ ਕਰਮਚਾਰੀ ਰਣਨੀਤੀ ਜਾਂ ਗਾਹਕਾਂ ਨਾਲ ਸਬੰਧਾਂ ਪ੍ਰਤੀ ਕਿਸੇ ਵੀ ਪ੍ਰਭਾਵ ਦੀ ਉਮੀਦ ਨਹੀਂ ਕਰਦੀ ਹੈ, ਕਿਉਂਕਿ ਕੰਪਨੀ ਨੇ ਪਿਛਲੇ ਦੋ ਸਾਲਾਂ ਦੌਰਾਨ ਇਸ ਪ੍ਰੋਗਰਾਮ ਤਹਿਤ ਬਹੁਤ ਘੱਟ (ਸਿੰਗਲ-ਡਿਜਿਟ) ਅਰਜ਼ੀਆਂ ਦਿੱਤੀਆਂ ਸਨ ਅਤੇ ਉਸ ਦਾ ਮੁੱਖ ਧਿਆਨ ਸਥਾਨਕ ਤੌਰ 'ਤੇ ਨੌਕਰੀਆਂ ਦੇਣ 'ਤੇ ਹੈ।

ਅਮਰੀਕਾ ਨੇ ਪਿਛਲੇ ਦਿਨੀਂ ਟੀ.ਸੀ.ਐਸ., ਇਨਫੋਸਿਜ਼, ਵਿਪਰੋ, ਕੌਗਨੀਜ਼ੈਂਟ ਅਤੇ ਮਾਈਕ੍ਰੋਸਾਫਟ ਸਮੇਤ ਅੱਠ ਆਈ.ਟੀ. ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਲਈ ਗ੍ਰੀਨ ਕਾਰਡ ਵਾਸਤੇ ਅਰਜ਼ੀ ਦੇਣ ਵਾਲੇ ਇੱਕ ਪ੍ਰੋਗਰਾਮ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਵਿੱਚ ਇਹ ਦਲੀਲ ਦਿੱਤੀ ਗਈ ਹੈ ਕਿ ਇਸ ਪ੍ਰਥਾ ਨੇ ਅਮਰੀਕੀਆਂ ਨੂੰ ਨੌਕਰੀਆਂ ਦੇ ਬਾਜ਼ਾਰ ਤੋਂ ਬਾਹਰ ਕਰ ਦਿੱਤਾ ਹੈ।

ਟੀ.ਸੀ.ਐੱਸ. ਨੇ ਇੱਕ ਬਿਆਨ ਵਿੱਚ ਕਿਹਾ, 'ਸਾਡੀਆਂ ਪੀ.ਈ.ਆਰ.ਐਮ ਅਰਜ਼ੀਆਂ ਪਿਛਲੇ ਦੋ ਸਾਲਾਂ ਵਿੱਚ ਸਿੰਗਲ ਡਿਜਿਟ ਵਿੱਚ ਸਨ ਅਤੇ ਇਸ ਲਈ ਅਸੀਂ ਉਮੀਦ ਨਹੀਂ ਕਰਦੇ ਕਿ ਪ੍ਰੋਗਰਾਮ ਦੀ ਮੁਅੱਤਲੀ ਸਾਡੀ ਕਰਮਚਾਰੀ ਰਣਨੀਤੀ ਅਤੇ ਗਾਹਕਾਂ ਨਾਲ ਸਬੰਧਾਂ ਨੂੰ ਪ੍ਰਭਾਵਿਤ ਕਰੇਗੀ।

ਕੰਪਨੀ ਨੇ ਕਿਹਾ ਕਿ ਉਹ ਅਮਰੀਕੀ ਕਿਰਤ ਵਿਭਾਗ ਦੇ ਕਿਸੇ ਵੀ ਨਿਰਦੇਸ਼ ਦੀ ਪਾਲਣਾ ਕਰੇਗੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਸਦੀ ਕਰਮਚਾਰੀ ਰਣਨੀਤੀ ਸਥਾਨਕ ਪ੍ਰਤਿਭਾਵਾਂ ਨੂੰ ਨੌਕਰੀ 'ਤੇ ਰੱਖਣ ਵਿੱਚ ਮਜ਼ਬੂਤੀ ਨਾਲ ਜੁੜੀ ਹੋਈ ਹੈ। (ਬਾਕੀ ਸਫ਼ਾ 27 'ਤੇ)

## ਵਿਦੇਸ਼ ਪੜ੍ਹਨ ਦੇ ਚਾਹਵਾਨਾਂ ਨੂੰ ਝਟਕਾ

# ਆਸਟ੍ਰੇਲੀਆ ਵੱਲੋਂ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਦਾ ਪ੍ਰਸਤਾਵ

## ਪੜ੍ਹਾਈ ਤੋਂ ਬਾਅਦ ਵਰਕ ਵੀਜ਼ਾ ਲੈਣਾ ਵੀ ਹੋਵੇਗਾ ਔਖਾ

ਸਿਡਨੀ/ਏ.ਟੀ.ਨਿਊਜ਼ : ਆਸਟ੍ਰੇਲੀਆ ਵਿੱਚ ਪੜ੍ਹਾਈ ਅਤੇ ਭਵਿੱਖ ਬਣਾਉਣ ਦਾ ਸੁਪਨਾ ਵੇਖ ਰਹੇ ਹਜ਼ਾਰਾਂ ਭਾਰਤੀ ਨੌਜਵਾਨਾਂ ਲਈ ਆਉਣ ਵਾਲੇ ਦਿਨ ਹੋਰ ਚੁਣੌਤੀਪੂਰਨ ਹੋ ਸਕਦੇ ਹਨ। ਦੇਸ਼ ਦੇ ਵਿਰੋਧੀ ਲਿਬਰਲ-ਨੈਸ਼ਨਲ ਗੱਠਜੋੜ ਨੇ ਅਗਲੇ 4 ਸਾਲਾਂ ਦੌਰਾਨ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਲਗਭਗ 6.5 ਲੱਖ ਘਟਾਉਣ ਦਾ ਵੱਡਾ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਨੂੰ ਆਸਟ੍ਰੇਲੀਆ ਦੇ ਇਤਿਹਾਸ ਵਿੱਚ ਇਮੀਗ੍ਰੇਸ਼ਨ ਉੱਤੇ ਹੁਣ ਤੱਕ ਦੀ ਸਭ ਤੋਂ ਵੱਡੀ ਕਟੌਤੀ ਮੰਨਿਆ ਜਾ ਰਿਹਾ ਹੈ।



### ਇਮੀਗ੍ਰੇਸ਼ਨ ਨਿਯਮ ਕਿਉਂ ਸਖ਼ਤ ਕੀਤੇ ਜਾ ਰਹੇ ਹਨ?

ਆਸਟ੍ਰੇਲੀਆ ਵਿੱਚ ਨਿਯਮ ਸਖ਼ਤ ਕਰਨ ਪਿੱਛੇ ਮੁੱਖ ਵਜ੍ਹਾ ਦੇਸ਼ ਅੰਦਰ ਵਧ ਰਹੀ ਮਹਿੰਗਾਈ, ਰਿਹਾਇਸ਼ (ਘਰਾਂ) ਦੀ ਭਾਰੀ ਕਿੱਲਤ ਅਤੇ ਸੜਕਾਂ, ਸਕੂਲਾਂ ਤੇ ਸਿਹਤ ਸਹੂਲਤਾਂ ਵਰਗੇ ਬੁਨਿਆਦੀ ਢਾਂਚੇ 'ਤੇ ਪੈ ਰਿਹਾ ਦਬਾਅ ਹੈ। ਕੋਰੋਨਾ ਮਹਾਂਮਾਰੀ ਤੋਂ ਬਾਅਦ ਸਰਹੱਦਾਂ ਖੁੱਲ੍ਹਣ ਕਾਰਨ ਪ੍ਰਵਾਸੀਆਂ ਦੀ ਆਮਦ ਤੇਜ਼ੀ ਨਾਲ ਵਧੀ ਸੀ, ਜਿਸ ਨਾਲ ਕਿਰਾਏ ਅਤੇ ਰਹਿਣ-ਸਹਿਣ ਦਾ ਖ਼ਰਚਾ ਬਹੁਤ ਜ਼ਿਆਦਾ ਵਧ ਗਿਆ। ਆਸਟ੍ਰੇਲੀਆਈ ਲੋਕਾਂ ਦੀਆਂ ਇਨ੍ਹਾਂ ਸ਼ਿਕਾਇਤਾਂ ਅਤੇ ਸਿਆਸੀ ਦਬਾਅ ਕਾਰਨ ਮੌਜੂਦਾ ਸਰਕਾਰ ਅਤੇ ਵਿਰੋਧੀ ਪਾਰਟੀਆਂ ਦੋਵੇਂ ਹੀ ਸਾਲਾਨਾ ਸ਼ੁੱਧ ਪ੍ਰਵਾਸਨ ਨੂੰ ਤੇਜ਼ੀ ਨਾਲ ਹੇਠਾਂ ਲਿਆਉਣ ਦੀਆਂ ਯੋਜਨਾਵਾਂ ਲਾਗੂ ਕਰ ਰਹੀਆਂ ਹਨ।

### ਕੀ 6.5 ਲੱਖ ਅਸਥਾਈ ਪ੍ਰਵਾਸੀ ਘੱਟ ਹੋਣਗੇ?

ਗੱਠਜੋੜ ਦੇ ਪ੍ਰਸਤਾਵ ਮੁਤਾਬਕ ਨੈੱਟ ਓਵਰਸੀਜ਼ ਮਾਈਗ੍ਰੇਸ਼ਨ ਨੂੰ ਪਹਿਲੇ ਦੋ ਸਾਲਾਂ ਵਿੱਚ ਸਾਲਾਨਾ 1 ਲੱਖ ਤੱਕ ਸੀਮਤ ਕਰਨ ਅਤੇ ਅਗਲੇ ਚਾਰ ਸਾਲਾਂ ਵਿੱਚ ਕੁੱਲ 6.5 ਲੱਖ ਅਸਥਾਈ ਵੀਜ਼ਾ ਧਾਰਕਾਂ ਦੀ ਕਟੌਤੀ ਕਰਨ ਦਾ ਟੀਚਾ ਹੈ। ਦੂਜੇ ਪਾਸੇ, ਮੌਜੂਦਾ ਲੇਬਰ ਸਰਕਾਰ ਨੇ ਵੀ ਕਈ ਸਖ਼ਤ ਕਦਮ ਚੁੱਕੇ ਹਨ, ਜਿਨ੍ਹਾਂ ਤਹਿਤ ਵਿਜ਼ਿਟਰ ਵੀਜ਼ਿਆਂ 'ਤੇ ਦੇਸ਼ ਦੇ ਅੰਦਰੋਂ ਹੀ ਸਟੂਡੈਂਟ ਵੀਜ਼ਾ ਅਪਲਾਈ ਕਰਨ (ਵੀਜ਼ਾ ਹੋਪਿੰਗ) 'ਤੇ ਰੋਕ, ਟੂਰਿਸਟ ਵੀਜ਼ਿਆਂ 'ਤੇ 'ਨੋ ਫਰਦਰ ਸਟੇਅ' ਸ਼ਰਤ ਅਤੇ ਵਰਕਿੰਗ ਹੋਲੀਡੇਅ ਵੀਜ਼ਿਆਂ ਲਈ ਬੈਲਟ ਸਿਸਟਮ ਲਾਗੂ ਕੀਤਾ ਗਿਆ ਹੈ। ਇਨ੍ਹਾਂ ਸਾਂਝੀਆਂ ਨੀਤੀਆਂ ਕਾਰਨ ਆਉਣ ਵਾਲੇ ਸਮੇਂ ਵਿਚ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਉਣੀ ਤੈਅ ਹੈ।

### ਭਾਰਤੀ ਵਿਦਿਆਰਥੀਆਂ 'ਤੇ ਕੀ ਪਵੇਗਾ ਅਸਰ?

ਇਸ ਫ਼ੈਸਲੇ ਦੀ ਸਭ ਤੋਂ ਵੱਡੀ ਮਾਰ ਭਾਰਤੀ ਵਿਦਿਆਰਥੀਆਂ ਉੱਤੇ ਪੈਣ ਦੀ ਸੰਭਾਵਨਾ ਹੈ। ਨਵੇਂ ਨਿਯਮਾਂ ਅਨੁਸਾਰ ਜ਼ਿਆਦਾਤਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੇ ਜੀਵਨ ਸਾਥੀ (ਸਪਾਊਸ) ਜਾਂ ਬੱਚਿਆਂ ਨੂੰ ਨਾਲ ਲਿਆਉਣ ਦੀ ਇਜਾਜ਼ਤ ਨਹੀਂ ਮਿਲੇਗੀ। ਕੰਮ ਦੇ ਘੰਟਿਆਂ ਦੀ ਨਿਗਰਾਨੀ ਸਖ਼ਤ ਹੋਵੇਗੀ ਅਤੇ ਪੜ੍ਹਾਈ ਤੋਂ ਬਾਅਦ ਮਿਲਣ ਵਾਲੇ ਪੋਸਟ-ਸਟੱਡੀ ਵਰਕ ਵੀਜ਼ਿਆਂ (ਗ੍ਰੈਜੂਏਟ ਵੀਜ਼ਾ) ਦੇ ਰਸਤੇ ਵੀ ਸੀਮਤ ਕੀਤੇ ਜਾ ਰਹੇ ਹਨ। ਵਿਦਿਆਰਥੀਆਂ ਲਈ ਕੋਰਸ ਬਦਲਣਾ ਔਖਾ ਹੋ ਜਾਵੇਗਾ ਅਤੇ ਹੋਰ ਵੀਜ਼ਾ ਲੈਣ ਲਈ ਦੇਸ਼ ਤੋਂ ਬਾਹਰ ਜਾ ਕੇ ਅਰਜ਼ੀ ਦੇਣੀ ਪਵੇਗੀ। ਹਾਲਾਂਕਿ ਪੀ.ਐੱਚ.ਡੀ., ਸਿਹਤ ਖੇਤਰ (ਹੈਲਥਕੇਅਰ) ਅਤੇ ਸਿੱਖਿਆ (ਟੀਚਿੰਗ) ਵਰਗੇ ਖੇਤਰਾਂ ਵਿਚ ਪੜ੍ਹਨ ਵਾਲਿਆਂ ਨੂੰ ਕੁਝ ਰਾਹਤ ਦਿੱਤੀ ਜਾ ਸਕਦੀ ਹੈ।

### ਕੀ ਮਾਪਿਆਂ ਦੀ ਪੀ.ਆਰ. 'ਤੇ ਅਸਰ ਪਵੇਗਾ?

ਇਸ ਸਖ਼ਤੀ ਦਾ ਮਾਪਿਆਂ ਦੀ ਪੀ.ਆਰ. ਉੱਤੇ ਕੋਈ ਸਿੱਧਾ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਨੀਤੀਆਂ ਅਨੁਸਾਰ ਫੈਮਿਲੀ ਰੀ-ਯੂਨੀਫਿਕੇਸ਼ਨ (ਪਰਿਵਾਰਕ ਪੁਨਰ-ਮਿਲਨ) ਕੋਟੇ ਵਿਚ ਕੋਈ ਕਟੌਤੀ ਨਹੀਂ ਕੀਤੀ ਗਈ। ਪ੍ਰਸਤਾਵਿਤ ਕਟੌਤੀਆਂ ਮੁੱਖ ਤੌਰ 'ਤੇ ਵਿਦਿਆਰਥੀਆਂ, ਵਿਜ਼ਿਟਰਾਂ, ਵਰਕਿੰਗ ਹੋਲੀਡੇਅ ਅਤੇ ਸ਼ਰਨਾਰਥੀ ਪ੍ਰੋਗਰਾਮਾਂ ਵਰਗੇ ਅਸਥਾਈ ਰਸਤਿਆਂ ਲਈ ਹਨ। ਪਰ ਇਸ ਦਾ ਇੱਕ ਅਸਿੱਧਾ ਅਸਰ ਜ਼ਰੂਰ ਰਹੇਗਾ ਕਿ ਮਾਪਿਆਂ ਦੇ ਪੀ.ਆਰ. ਵੀਜ਼ਿਆਂ ਦੇ ਪਹਿਲਾਂ ਹੀ ਬਹੁਤ ਲੰਬੇ ਪ੍ਰੋਸੈਸਿੰਗ ਸਮੇਂ ਵਿੱਚ ਕੋਈ ਰਾਹਤ ਨਹੀਂ ਮਿਲੇਗੀ, ਅਤੇ ਵਿਜ਼ਿਟਰ ਵੀਜ਼ੇ ਰਾਹੀਂ ਆਸਟ੍ਰੇਲੀਆ ਆ ਕੇ ਲੰਮਾ ਸਮਾਂ ਰਹਿਣ ਜਾਂ ਅੰਦਰੋਂ ਅਰਜ਼ੀ ਲਗਾਉਣ ਦੇ ਰਸਤੇ ਪਹਿਲਾਂ ਨਾਲੋਂ ਜ਼ਿਆਦਾ ਸਖ਼ਤ ਹੋ ਜਾਣਗੇ।

# 'ਗੁਰੂ ਨਾਨਕ ਜਹਾਜ਼' ਦੇ ਸ਼ਹੀਦੀ ਸਾਕੇ ਦੀ 112ਵੀਂ ਸ਼ਹੀਦੀ ਵਰ੍ਹੇ-ਗੰਢ ਮੌਕੇ ਯਾਦਗਾਰੀ ਸਥਾਨ 'ਤੇ ਸਮਾਗਮ

## ਬੀ.ਸੀ. 'ਚ ਚੋਣਾਂ ਲੜ ਰਹੇ ਉਮੀਦਵਾਰਾਂ 'ਤੇ 'ਗੁਰੂ ਨਾਨਕ ਜਹਾਜ਼ ਦੇ ਸਹੀ ਨਾਂਅ ਅਤੇ ਇਤਿਹਾਸ' ਦੀ ਬਹਾਲੀ ਲਈ ਜ਼ੋਰ



ਵੈਨਕੂਵਰ/ਏ.ਟੀ.ਨਿਊਜ਼: ਗੁਰੂ ਨਾਨਕ ਜਹਾਜ਼ ਦੇ ਬਜ ਬਜ ਘਾਟ ਦੇ ਸ਼ਹੀਦੀ ਸਾਕੇ ਦੀ 112ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਗੁਰੂ ਨਾਨਕ ਜਹਾਜ਼ ਯਾਦਗਾਰੀ ਸਮਾਰਕ ਵੈਨਕੂਵਰ ਵਿਖੇ, ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਵੱਲੋਂ ਸਮਾਗਮ ਰੱਖੇ ਗਏ, ਜਿਸ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਕ ਸੰਸਥਾਵਾਂ ਦੇ ਕੈਨੇਡੀਅਨ ਬੱਚੇ, ਨੌਜਵਾਨ ਅਤੇ ਬਜ਼ੁਰਗ ਸ਼ਾਮਿਲ ਹੋਏ। ਸਮਾਗਮ ਦੇ ਆਰੰਭ ਵਿੱਚ 'ਗੁਰੂ ਨਾਨਕ ਜਹਾਜ਼' ਯਾਦਗਾਰੀ ਸਥਾਨ 'ਤੇ, ਪ੍ਰੋਫੈਸਰ ਅਮਰੀਕ ਸਿੰਘ ਫੁੱਲ ਦੀ ਅਗਵਾਈ ਵਿੱਚ ਸਿੱਖ ਅਕੈਡਮੀ ਦੇ ਐਲੀਮੈਂਟਰੀ ਅਤੇ ਮਿਡਲ ਸਕੂਲ ਅਤੇ 'ਅਕਾਲ ਅਕੈਡਮੀ' ਦੇ ਵਿਦਿਆਰਥੀਆਂ ਗੁਰਬਾਣੀ ਪਾਠ ਸ਼ਬਦ ਕੀਰਤਨ ਅਤੇ ਸਿਮਰਨ ਰਾਹੀਂ ਸਮੁੰਦਰ ਦੀਆਂ ਲਹਿਰਾਂ ਅਤੇ ਹਵਾ ਦੀਆਂ ਤਰੰਗਾਂ ਵਿੱਚ ਰੂਹਾਨੀ ਰਸ ਘੋਲ਼ ਦਿੱਤਾ। ਸ਼ਹੀਦੀ ਸਮਾਗਮ ਵਿੱਚ ਹਾਜ਼ਰੀਨ, ਬਜ-ਬਜ ਘਾਟ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਜਾਨਾਂ ਕੁਰਬਾਨ ਕਰਨ ਵਾਲੇ 19 ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰ ਰਹੇ ਸਨ।

ਸ਼ਹੀਦੀ ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਗਦਰ ਮੈਮੋਰੀਅਲ ਸੁਸਾਇਟੀ ਆਫ਼ ਬੀ.ਸੀ. ਕੈਨੇਡਾ ਦੀ ਅਗਵਾਈ ਅਤੇ ਵਿਰਸੇ ਪ੍ਰਤੀ ਪਿਆਰ ਨੇ ਵੱਖ-ਵੱਖ ਪੀੜ੍ਹੀਆਂ ਨੂੰ ਇਕੱਠਾ ਕੀਤਾ, ਜਿਸ ਨਾਲ ਨੌਜਵਾਨਾਂ ਨੂੰ ਆਪਣੇ ਸ਼ਹੀਦਾਂ ਦਾ ਸਤਿਕਾਰ ਕਰਨ ਅਤੇ ਸਮਝ ਨਾਲ ਆਪਣੇ ਇਤਿਹਾਸ ਨੂੰ ਅੱਗੇ ਵਧਾਉਣ ਦਾ ਮੌਕਾ ਮਿਲਿਆ। ਇਹ ਯਾਦਗਾਰੀ ਸਮਾਗਮ ਸੰਨ 1914 ਵਿੱਚ ਜਪਾਨੀ 'ਕਾਮਾਗਾਟਾਮਾਰੂ ਸਟੀਮਸ਼ਿਪ ਕੰਪਨੀ' ਤੋਂ, ਛੇ ਮਹੀਨੇ ਲਈ 66 ਹਜ਼ਾਰ ਡਾਲਰ ਵਿੱਚ ਕਰਾਏ 'ਤੇ ਲਏ ਸਮੁੰਦਰੀ ਜਹਾਜ਼ ਦੇ, ਬਾਬਾ ਗੁਰਦਿੱਤ ਸਿੰਘ ਅਤੇ ਸਮੂਹ ਸੰਗਤਾਂ ਵੱਲੋਂ ਰੱਖੇ ਗਏ ਨਾਂਅ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਿਰਾਂ ਦੀ ਚੜ੍ਹਦੀ ਕਲਾ ਦੀ ਯਾਤਰਾ ਨੂੰ ਸਮਰਪਿਤ ਸਨ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਹਿਤ ਪ੍ਰਕਾਸ਼, ਝੂਲਦੇ ਨਿਸ਼ਾਨ ਸਾਹਿਬ ਦੀ ਸ਼ਾਨ, ਗੁਰਬਾਣੀ ਦਾ ਗੂੰਜਦਾ ਪ੍ਰਵਾਹ ਅਤੇ ਗੁਰੂ ਦੇ ਲੰਗਰ ਰਾਹੀਂ ਸੰਗਤ ਤੇ ਪੰਗਤ ਦੀ ਸੇਵਾ ਸ਼ਾਮਲ ਸੀ।

ਗੁਰੂ ਨਾਨਕ ਜਹਾਜ਼ ਦੇ 112ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਸ਼ਾਮਿਲ ਸਿੱਖ ਅਕੈਡਮੀ ਸਰੀ ਦੇ ਪ੍ਰਿੰਸੀਪਲ ਬਲਜੀਤ ਸਿੰਘ ਧਾਲੀਵਾਲ, ਗਾਦਰ ਮੈਮੋਰਗਿਲ ਸੁਸਾਇਟੀ ਕੈਨੇਡਾ ਦੇ ਨੁਮਾਇੰਦੇ ਇੰਜੀਨੀਅਰ ਜਗਰੂਪ ਸਿੰਘ ਖੇੜਾ, ਅਕਾਲ ਅਕੈਡਮੀ ਸਰੀ ਦੇ ਸੇਵਾਦਾਰ ਅਵਤਾਰ ਸਿੰਘ ਗਿੱਲ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਬੀਸੀ ਕੈਨੇਡਾ ਦੇ ਡਾ ਗੁਰਵਿੰਦਰ ਸਿੰਘ ਤੇ ਰਾਜ ਸਿੰਘ ਭੰਡਾਲ (ਵਣਜਾਰਾ ਨੋਮੈਡ ਕਲੈਕਸ਼ਨਜ਼), ਬੀ.ਸੀ. ਵਿੱਚ ਦਸਤਾਰ ਸਜਾ ਕੇ ਮੋਟਰਸਾਈਕਲ ਚਲਾਉਣ ਦਾ ਕੇਸ ਜਿੱਤਣ ਵਾਲੇ ਭਾਈ ਅਵਤਾਰ ਸਿੰਘ ਢਿੱਲੋਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਡੀਨ ਡਾ ਕੁਲਵੰਤ ਸਿੰਘ ਥਿੰਦ, ਸਿੱਖ ਅਕੈਡਮੀ ਸਰੀ ਦੀ ਮੁਖੀ ਬੀਬੀ ਅਮਨਦੀਪ ਕੌਰ ਢੀਂਡਸਾ ਅਤੇ ਪੰਥਕ ਸ਼ਖਸੀਅਤ ਭਾਈ ਅਰਸ਼ਬੀਰ ਸਿੰਘ ਮਾਨ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇੱਕ ਸਦੀ ਤੋਂ ਵੱਧ ਸਮੇਂ ਬਾਅਦ, ਇਸ ਇਤਿਹਾਸ ਨੂੰ ਅੱਗੇ ਵਧਾਉਣ ਦਾ ਅਰਥ, ਇਸ ਦੇ ਅਸਲ ਨਾਂਅ 'ਗੁਰੂ ਨਾਨਕ ਜਹਾਜ਼' ਦਾ ਸਤਿਕਾਰ ਕਰਨਾ ਹੈ।

(ਬਾਕੀ ਸਫ਼ਾ 26 'ਤੇ)

## ਕੈਨੇਡੀਅਨ ਕਵਿੱਤਰੀ ਤੇ ਨਿਬੰਧਕਾਰ 'ਐਨੀ ਕਾਰਸਨ' ਨੂੰ ਸਾਹਿਤ ਦਾ ਨੋਬਲ ਪੁਰਸਕਾਰ ਦੇਣ ਦਾ ਐਲਾਨ



ਸਟਾਕਹੋਮ/ਏ.ਟੀ.ਨਿਊਜ਼: ਕੈਨੇਡੀਅਨ ਕਵਿੱਤਰੀ ਤੇ ਨਿਬੰਧਕਾਰ ਐਨੀ ਕਾਰਸਨ (76) ਨੂੰ ਸਾਹਿਤ ਦਾ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਕਾਰਸਨ ਨੂੰ ਇਹ ਪੁਰਸਕਾਰ ਉਨ੍ਹਾਂ ਦੀ 'ਬੇਬਾਕ ਅਤੇ ਨਵੀਨਤਾਕਾਰੀ ਰਚਨਾਤਮਕਤਾ' ਲਈ ਦਿੱਤਾ ਗਿਆ ਹੈ, ਜਿਸ ਨੇ 'ਕਲਾਸੀਕਲ ਰਵਾਇਤ ਨਾਲ ਰੌਚਕ ਸੰਵਾਦ ਰਚਾਉਂਦੇ ਹੋਏ ਸਮਕਾਲੀ ਸਾਹਿਤ ਲਈ ਨਵੇਂ ਰੂਪ' ਸਿਰਜੇ ਹਨ। ਸਵੀਡਿਸ਼ ਅਕੈਡਮੀ ਦੀ ਸਕੱਤਰ ਇੰਗਰਿਡ ਕਾਰਲਬਰਗ ਨੇ ਦੱਸਿਆ ਕਿ ਜਦੋਂ ਅਕੈਡਮੀ ਨੇ ਇਸ ਜਿੱਤ ਬਾਰੇ ਦੱਸਣ ਲਈ ਉਸ ਨਾਲ ਰਾਬਤਾ ਕੀਤਾ, ਤਾਂ ਉਹ ਆਈਸਲੈਂਡ ਵਿੱਚ ਸੀ ਅਤੇ 'ਹਵਾ ਦੀ ਆਵਾਜ਼ ਸੁਣਾਈ ਦੇ ਰਹੀ' ਸੀ। ਕਾਰਲਬਰਗ ਨੇ ਕਿਹਾ, "ਉਹ ਹੱਕੀ-ਬੱਕੀ ਰਹਿ ਗਈ।" ਟੋਰਾਂਟੋ ਵਿੱਚ ਜਨਮੀ ਕਾਰਸਨ ਆਪਣੀਆਂ ਰਚਨਾਵਾਂ ਲਈ ਪ੍ਰਾਚੀਨ ਯੂਨਾਨੀ ਅਤੇ ਰੋਮਨ ਸਾਹਿਤ ਦੇ ਵਿਸ਼ਿਆਂ ਅਤੇ ਕਹਾਣੀਆਂ ਦੀ ਵਰਤੋਂ ਕਰਦੀ ਹੈ; ਉਸ ਦੀਆਂ ਰਚਨਾਵਾਂ ਵਿੱਚ ਅਕਸਰ ਕਵਿਤਾ, ਵਾਰਤਕ ਅਤੇ ਗਲਪ ਦੇ ਤੱਤਾਂ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਉਸ ਦੀਆਂ ਕਿਤਾਬਾਂ ਵਿੱਚ 'ਈਰੋਸ ਦਿ ਬਿਟਰਸਵੀਟ' (ਜੋ ਪ੍ਰਾਚੀਨ ਯੂਨਾਨੀ ਸਾਹਿਤ ਵਿੱਚ ਇੱਛਾ ਨਾਲ ਜੁੜੇ ਆਨੰਦ

(ਬਾਕੀ ਸਫ਼ਾ 26 'ਤੇ)

## ਐਡਮਿੰਟਨ ਵਿੱਚ ਰੈਫ਼ਰੈਂਡਮ ਤੋਂ ਪਹਿਲਾਂ ਅਵਤਾਰ ਸਿੰਘ ਪੰਨੂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ

ਐਡਮਿੰਟਨ (ਕੈਨੇਡਾ)/ ਏ.ਟੀ.ਨਿਊਜ਼: ਕੈਨੇਡਾ ਦੇ ਸੂਬੇ ਅਲਬਰਟਾ ਵਿੱਚ 18 ਅਕਤੂਬਰ ਨੂੰ ਹੋਣ ਵਾਲੇ ਗ਼ੈਰ-ਸਰਕਾਰੀ 'ਖ਼ਾਲਿਸਤਾਨ ਰੈਫ਼ਰੈਂਡਮ' ਤੋਂ ਪਹਿਲਾਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਪ੍ਰਮੁੱਖ ਅਮਰੀਕੀ ਖ਼ਾਲਿਸਤਾਨ ਕਾਰਕੁਨ ਅਵਤਾਰ ਸਿੰਘ ਪੰਨੂ ਨੂੰ ਉਸ ਦੀ ਜਾਨ 'ਤੇ ਮੰਡਰਾ ਰਹੇ ਖ਼ਤਰੇ ਬਾਰੇ ਸੁਚੇਤ ਕੀਤਾ ਹੈ। ਜਥੇਬੰਦੀ 'ਸਿੱਖਸ ਫ਼ਾਰ ਜਸਟਿਸ' ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ, ਅਵਤਾਰ ਸਿੰਘ ਪੰਨੂ ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰਚਾਰ ਮੁਹਿੰਮ ਖ਼ਤਮ ਕਰਕੇ ਜਦੋਂ ਐਡਮਿੰਟਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇ ਤਾਂ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਨੂੰ

(ਬਾਕੀ ਸਫ਼ਾ 26 'ਤੇ)






## ਕੈਨੇਡਾ 'ਚ 68,000 ਨੌਕਰੀਆਂ ਖ਼ਤਮ ਹੋਣ ਨਾਲ ਆਇਆ ਰੁਜ਼ਗਾਰ ਦਾ ਵੱਡਾ ਸੰਕਟ



ਵਿੰਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਨੌਕਰੀਆਂ ਦਾ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਸਟੈਟਿਸਟਿਕਸ ਕੈਨੇਡਾ ਦੀ ਤਾਜ਼ਾ ਲੇਬਰ ਫੋਰਸ ਰਿਪੋਰਟ ਮੁਤਾਬਕ, ਸਤੰਬਰ ਮਹੀਨੇ ਵਿੱਚ ਦੇਸ਼ ਭਰ ਵਿੱਚੋਂ 68,000 ਨੌਕਰੀਆਂ ਖ਼ਤਮ ਹੋ ਗਈਆਂ ਹਨ। ਇਸ ਤੋਂ ਪਹਿਲਾਂ ਅਗਸਤ ਵਿੱਚ ਵੀ 42,000 ਲੋਕਾਂ ਨੂੰ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਸੀ। ਸਿਰਫ਼ ਦੋ ਮਹੀਨਿਆਂ ਦੇ ਅੰਦਰ ਕੈਨੇਡਾ ਵਿੱਚ ਕੁੱਲ 1,10,000 ਨੌਕਰੀਆਂ ਘੱਟ ਗਈਆਂ ਹਨ, ਜਿਸ ਨਾਲ ਬੇਰੁਜ਼ਗਾਰੀ ਦੀ ਦਰ ਵਧ ਕੇ 6.5 ਫ਼ੀਸਦੀ ਹੋ ਗਈ ਹੈ।

ਇਸ ਗਿਰਾਵਟ ਨੇ ਸੰਸਦ ਵਿੱਚ ਵੀ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਕੰਜ਼ਰਵੇਟਿਵ ਸੰਸਦ ਮੈਂਬਰ ਮਾਈਕਲ ਕੂਪਰ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਘੇਰਦਿਆਂ ਕਿਹਾ ਕਿ ਸਰਕਾਰ ਦੇ ਦਾਅਵੇ ਹਕੀਕਤ ਤੋਂ ਕੋਹਾਂ ਦੂਰ ਹਨ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਦੇਸ਼ ਵਿੱਚ ਬੇਰੁਜ਼ਗਾਰੀ ਜੀ-7 ਦੇਸ਼ਾਂ ਵਿੱਚੋਂ ਦੂਜੀ ਸਭ ਤੋਂ ਵੱਧ ਹੈ ਅਤੇ ਲੇਬਰ ਪਾਰਟੀਸਿਪੇਸ਼ਨ ਰੇਟ ਪਿਛਲੇ 30 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ ਹੈ, ਤਾਂ ਸਰਕਾਰ ਦੀਆਂ ਨੀਤੀਆਂ ਕਿੱਥੇ ਖੜ੍ਹੀਆਂ ਹਨ? ਦੂਜੇ ਪਾਸੇ, ਸਰਕਾਰੀ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਉਹ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਟੈਕਸਾਂ ਵਿੱਚ ਛੋਟ ਅਤੇ ਕਈ ਰਾਹਤ ਪੈਕੇਜ ਦੇ ਰਹੇ ਹਨ।

ਨੌਕਰੀਆਂ ਦੇ ਇਸ ਸੰਕਟ ਵਿੱਚ ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਸਤੰਬਰ ਵਿੱਚ ਇਕੱਲੇ ਨੌਜਵਾਨਾਂ ਦੀਆਂ 48,000 ਨੌਕਰੀਆਂ ਗਈਆਂ ਹਨ, ਜਦਕਿ 50,000 ਹੋਰ ਨੌਜਵਾਨਾਂ ਨੇ ਨਿਰਾਸ਼ ਹੋ ਕੇ ਲੇਬਰ ਮਾਰਕੀਟ ਨੂੰ ਹੀ ਛੱਡ ਦਿੱਤਾ ਹੈ। ਇਸ ਨਾਲ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 13 ਫ਼ੀਸਦੀ ਉੱਤੇ ਬਣੀ ਹੋਈ ਹੈ। ਇਸ ਤੋਂ ਇਲਾਵਾ, 25 ਤੋਂ 54 ਸਾਲ ਦੀ ਉਮਰ ਦੀਆਂ ਔਰਤਾਂ ਦੀਆਂ 28,000 ਨੌਕਰੀਆਂ ਘਟੀਆਂ ਹਨ ਅਤੇ ਉਨ੍ਹਾਂ ਦੀ ਬੇਰੁਜ਼ਗਾਰੀ ਦਰ ਵੀ ਵਧ ਕੇ 5.3 ਫ਼ੀਸਦੀ ਹੋ ਗਈ ਹੈ।

ਸੂਬੇ ਵਾਰ ਗੱਲ ਕਰੀਏ ਤਾਂ ਕਿਊਬਿਕ ਵਿੱਚ ਸਭ ਤੋਂ ਵੱਧ 49,000 ਨੌਕਰੀਆਂ ਦਾ ਨੁਕਸਾਨ ਹੋਇਆ ਹੈ, ਜਦਕਿ ਬ੍ਰਿਟਿਸ਼ ਕੋਲੰਬੀਆ ਵਿੱਚ 20,000 ਨੌਕਰੀਆਂ ਗਈਆਂ ਹਨ। ਉੱਥੇ ਹੀ ਮੈਨੀਟੋਬਾ ਵਿੱਚ ਵੀ 4,400 ਨੌਕਰੀਆਂ ਦਾ ਨੁਕਸਾਨ ਹੋਇਆ ਹੈ, ਹਾਲਾਂਕਿ, ਅਲਬਰਟਾ ਦਾ ਮਾਹੌਲ ਥੋੜ੍ਹਾ ਬਿਹਤਰ ਰਿਹਾ ਜਿੱਥੇ 23,000 ਨਵੇਂ ਰੁਜ਼ਗਾਰ ਜੁੜੇ ਹਨ। ਸੈਕਟਰਾਂ ਦੇ ਹਿਸਾਬ ਨਾਲ, ਵਿੱਦਿਅਕ ਸੇਵਾਵਾਂ (ਐਜੂਕੇਸ਼ਨਲ ਸਰਵਿਸਿਜ਼) ਵਿੱਚ 35,000, ਸਿਹਤ ਸੰਭਾਲ ਵਿੱਚ 23,000 ਅਤੇ ਮੈਨੂਫੈਕਚਰਿੰਗ ਵਿੱਚ 13,000 ਨੌਕਰੀਆਂ ਘਟੀਆਂ ਹਨ।

ਅਮਰੀਕਾ ਨਾਲ ਚੱਲ ਰਹੀ ਟਰੇਡ ਵਾਰ ਵਿਚਾਲੇ ਆਟੋਮੋਟਿਵ, ਸਟੀਲ ਅਤੇ ਐਲੂਮੀਨੀਅਮ ਉੱਤੇ ਲੱਗੇ ਅਮਰੀਕੀ ਟੈਕਸਾਂ ਨੇ ਕੈਨੇਡੀਅਨ ਅਰਥਚਾਰੇ ਨੂੰ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਅਮਰੀਕੀ ਟੈਕਸਾਂ ਕਾਰਨ ਕੈਨੇਡਾ ਵਿੱਚ ਲਗਪਗ 87,000 ਨੌਕਰੀਆਂ ਖ਼ਤਰੇ ਵਿੱਚ ਪੈ ਸਕਦੀਆਂ ਹਨ ਭਾਵੇਂ ਏ ਆਈ ਮੰਤਰੀ ਇਵਾਨ ਸੋਲੋਮਨ ਨੇ ਓਨਟਾਰੀਓ ਦੇ ਨਿਊਕਲੀਅਰ ਅਤੇ ਸਸਕੈਚਵਨ ਦੀ ਪੋਟਾਸ਼ ਖ਼ਾਨ ਵਰਗੇ ਵੱਡੇ ਪ੍ਰਾਜੈਕਟਾਂ ਦਾ ਹਵਾਲਾ ਦੇ ਕੇ ਭਵਿੱਖ ਵਿੱਚ ਨਵੀਆਂ ਨੌਕਰੀਆਂ ਮਿਲਣ ਦੀ ਉਮੀਦ ਜਤਾਈ ਹੈ, ਪਰ ਮੌਜੂਦਾ ਹਾਲਾਤ ਬਹੁਤ ਗੰਭੀਰ ਹਨ। ਹੁਣ ਸਾਰਿਆਂ ਦੀ ਨਜ਼ਰ ਬੈਂਕ ਆਫ਼ ਕੈਨੇਡਾ ਦੀ ਆਉਣ ਵਾਲੀ 28 ਅਕਤੂਬਰ ਦੀ ਵਿਆਜ ਦਰਾਂ ਬਾਰੇ ਮੀਟਿੰਗ ਉੱਤੇ ਟਿਕੀ ਹੋਈ ਹੈ ਕਿਉਂਕਿ ਮੌਜੂਦਾ ਬੈਂਚਮਾਰਕ ਰੇਟ 2.25 ਫ਼ੀਸਦੀ 'ਤੇ ਚੱਲ ਰਿਹਾ ਹੈ।

# ਸਿੱਖੀ 'ਚ ਜਾਤ-ਪਾਤ ਦੀ ਥਾਂ ਕਿੱਥੇ ? ਗਿਆਸਪੁਰਾ ਦੀ ਸਿਆਸਤ ਅਤੇ ਸਕੱਤਰੇਤ ਦੀ ਕਮਜ਼ੋਰ ਦਲੀਲਬਾਜ਼ੀ

## 1920 ਦਾ ਇਤਿਹਾਸ ਭੁੱਲੇ ਸਲਾਹਕਾਰ: ਗਿਆਸਪੁਰਾ ਨੂੰ ਗੁਰਮਤਿ ਦੀ ਥਾਂ ਜਾਤੀ ਦਲੀਲਾਂ ਨਾਲ ਦਿੱਤਾ ਜਵਾਬ



ਬਲਵਿੰਦਰ ਪਾਲ ਸਿੰਘ
ਪ੍ਰੋਫੈਸਰ
99142-58142



ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਮਹਾਨ ਤਖ਼ਤ ਹੈ। ਇਹ ਸੱਚ, ਨਿਆਂ ਅਤੇ ਮੀਰੀ-ਪੀਰੀ ਦਾ ਪ੍ਰਤੀਕ ਹੈ। ਇਸ ਅਸਥਾਨ ਤੋਂ ਨਿਕਲਿਆ ਬੋਲ ਸਿਧਾਂਤਕ ਤੌਰ 'ਤੇ ਅਟੱਲ ਹੋਣਾ ਚਾਹੀਦਾ ਹੈ।

ਪਿਛਲੇ ਦਿਨੀਂ 'ਆਪ' ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਸਕੱਤਰੇਤ ਅੰਦਰ ਜਾਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ। ਗਿਆਸਪੁਰਾ ਨੇ ਇਸ ਨੂੰ ਜਾਤੀ ਵਿਤਕਰਾ ਗਰਦਾਨ ਦਿੱਤਾ ਕਿ ਉਸਨੂੰ ਚਮਾਰ ਕਰਕੇ ਅੰਦਰ ਨਹੀਂ ਜਾਣ ਦਿ➢ਤਾ।

ਸਵਾਲ ਇਹ ਨਹੀਂ ਕਿ ਗਿਆਸਪੁਰਾ ਨੇ ਕੀ ਦੋਸ਼ ਲਾਇਆ‹ ਸਿਆਸਤਦਾਨ ਅਕਸਰ ਸਿਆਸੀ ਲਾਹਾ ਲੱਭਦੇ ਹਨ। ਜਾਤੀਵਾਦ ਦੀ ਝੂਠੀ ਖੇਡ ਖੇਡਦੇ ਹਨ। ਇਸ ਪਿਛੇ ਸਿਆਸੀ ਮਨੋਰਥ ਹੁੰਦੇ ਹਨ।

ਅਸਲ ਸਵਾਲ ਇਹ ਹੈ ਕਿ ਸਕੱਤਰੇਤ ਅਤੇ ਜਥੇਦਾਰ ਦੇ ਸਲਾਹਕਾਰਾਂ ਨੇ ਇਸ ਦਾ ਠੋਸ ਤੇ ਸਿਧਾਂਤਕ ਜੁਆਬ ਕਿਉਂ ਨਹੀਂ ਦਿੱਤਾ। ਜਿਸ ਤਰ੍ਹਾਂ ਸਲਾਹਕਾਰਾਂ ਨੇ ਇਸ ਮਸਲੇ ਨੂੰ ਨਜਿੱਠਿਆ, ਉਸ ਨੇ ਗੁਰਮਤਿ ਸਿਧਾਂਤਾਂ ਦੀ ਥਾਂ ਜਾਤੀਵਾਦੀ ਨੈਗੇਟਿਵ ਘੜਕੇ ਤਖ਼ਤ ਦੀ ਸ਼ਾਨ ਨੂੰ ਢਾਹ ਲਾਈ ਹੈ।

ਸਕੱਤਰੇਤ ਦੇ ਮੀਡੀਆ ਸਲਾਹਕਾਰ ਨੇ ਬਿਆਨ ਦਿੱਤਾ ਕਿ ਵਿਧਾਇਕ ਨਾਲ ਕੋਈ ਜਾਤੀ ਵਿਤਕਰਾ ਨਹੀਂ ਹੋਇਆ। ਦਲੀਲ ਇਹ ਦਿੱਤੀ ਗਈ ਕਿ ਗਿਆਸਪੁਰਾ ਦੇ ਹੀ ਭਾਈਚਾਰੇ ਦੇ ਦੋ ਹੋਰ ਵਿਧਾਇਕ ਅੰਦਰ ਗਏ ਸਨ।

ਇਹ ਦਲੀਲ ਬੇਹੱਦ ਸ਼ਰਮਨਾਕ ਅਤੇ ਸਿਧਾਂਤ ਵਿਹੂਣੀ ਹੈ। ਕੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਨੂੰ ਸਿੱਖਾਂ ਵਿੱਚ ਜਾਤਾਂ ਦਿਖਾਈ ਦਿੰਦੀਆਂ ਹਨ ? ਕੀ ਗੁਰੂ ਦੇ ਦਰਬਾਰ ਵਿੱਚ ਕੋਈ ਵਿਅਕਤੀ ਕਿਸੇ ਖ਼ਾਸ ਜਾਤ ਦਾ ਨੁਮਾਇੰਦਾ ਹੁੰਦਾ ਹੈ ? ਜਦੋਂ ਸਕੱਤਰੇਤ ਖ਼ੁਦ ਇਹ ਗਿਣਤੀ ਕਰਨ ਲੱਗ ਪਵੇ ਕਿ ਕਿਹੜਾ ਵਿਧਾਇਕ ਕਿਸ ਜਾਤ ਦਾ ਹੈ, ਤਾਂ ਉਹ ਅਣਜਾਣੇ ਵਿੱਚ ਜਾਤੀਵਾਦ ਦੇ ਬਿਰਤਾਂਤ ਨੂੰ ਹੀ ਮਾਨਤਾ ਦੇ ਰਿਹਾ ਹੁੰਦਾ ਹੈ। ਇਹ ਸਲਾਹਕਾਰਾਂ ਦੀ ਬੌਧਿਕ ਕੰਗਾਲੀ ਹੈ। ਉਨ੍ਹਾਂ ਨੇ ਗਿਆਸਪੁਰਾ ਦੀ ਸੌੜੀ ਸਿਆਸਤ ਦਾ ਜਵਾਬ ਉਸੇ ਦੇ ਨੀਵੇਂ ਪੱਧਰ 'ਤੇ ਜਾ ਕੇ ਦਿੱਤਾ।

ਸਿੱਖ ਧਰਮ ਵਿੱਚ ਸਿਰਫ਼ ਇੱਕ ਹੀ ਜਾਤ ਹੈ—ਗੁਰੂ ਕਾ ਸਿੱਖ। ਗੁਰੂ ਸਾਹਿਬ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰਕੇ ਜਾਤ-ਪਾਤ, ਕੁਲ ਅਤੇ ਨਸਲ ਦੇ ਸਾਰੇ ਭੇਦ ਮਿਟਾ ਦਿੱਤੇ ਸਨ। ਅੰਮ੍ਰਿਤ ਛਕਣ ਤੋਂ ਬਾਅਦ ਹਰ ਪ੍ਰਾਣੀ ਸਿਰਫ਼ ਖ਼ਾਲਸਾ ਬਣ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਵੀ ਸਪੱਸ਼ਟ ਕਹਿੰਦੀ ਹੈ ਕਿ ਅੰਮ੍ਰਿਤ ਛਕਣ ਜਾਂ ਸਿੱਖ ਬਣਨ ਨਾਲ ਪਿਛਲੀ ਜਾਤ ਅਤੇ ਕੁਲ ਦਾ ਨਾਸ ਹੋ ਜਾਂਦਾ ਹੈ। ਕੋਈ ਸਿੱਖ ਚਮਾਰ, ਬਾਲਮੀਕ, ਜੱਟ, ਖੱਤਰੀ ਜਾਂ ਤਰਖਾਣ ਨਹੀਂ ਹੁੰਦਾ। ਗੁਰੂ ਨੇ ਸਿਰਫ਼ ਗੁਰਸਿੱਖ ਸਿਰਜਿਆ ਸੀ।

ਸਲਾਹਕਾਰਾਂ ਨੂੰ ਇਹ ਸੌੜਾ ਜਵਾਬ ਦੇਣ ਦੀ ਬਜਾਏ ਅਕਾਲ ਤਖ਼ਤ ਦਾ ਠੋਸ ਇਤਿਹਾਸ ਸਾਹਮਣੇ ਰੱਖਣਾ ਚਾਹੀਦਾ ਸੀ। ਉਨ੍ਹਾਂ ਨੂੰ ਚੇਤੇ ਕਰਵਾਉਣਾ ਚਾਹੀਦਾ ਸੀ ਕਿ ਇਹ ਉਹੀ ਅਕਾਲ ਤਖ਼ਤ ਸਾਹਿਬ ਹੈ ਜਿੱਥੇ 12 ਅਕਤੂਬਰ 1920 ਨੂੰ ਜਾਤੀ ਭੇਦਭਾਵ ਦੀਆਂ ਧੱਜੀਆਂ ਉਡਾਈਆਂ ਗਈਆਂ ਸਨ। ਜਦੋਂ ਮਹੰਤਾਂ ਨੇ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲਣ ਤੋਂ ਇਨਕਾਰ ਕੀਤਾ ਸੀ, ਤਾਂ ਸੰਗਤ ਨੇ ਅਕਾਲ ਤਖ਼ਤ 'ਤੇ ਪਹੁੰਚ ਕੇ ਸਿਧਾਂਤ ਬਹਾਲ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਦਾ ਵਾਕ ਆਇਆ ਸੀ— ਨਿਰਗੁਨਿ ਰਾਖਿ ਲੀਆ ਸੰਤ ਚਰਨ ਧਾਰੀ॥ ਮਹੰਤ ਭੱਜ ਗਏ ਸਨ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿੱਚ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਗਈ ਸੀ।

ਸਲਾਹਕਾਰਾਂ ਨੂੰ 1927 ਦਾ ਹੁਕਮਨਾਮਾ ਯਾਦ ਕਰਵਾਉਣਾ ਚਾਹੀਦਾ ਸੀ, ਜਿਸ ਨੇ ਗੁਰਦੁਆਰਿਆਂ ਵਿੱਚ ਹਰ ਤਰ੍ਹਾਂ ਦਾ ਵਿਤਕਰਾ ਰੱਦ ਕੀਤਾ ਸੀ। ਉਨ੍ਹਾਂ ਨੂੰ 2003 ਦੇ ਤੱਲ੍ਹਣ ਕਾਂਡ ਵੇਲੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਸਮੇਂ ਜਾਰੀ ਹੋਇਆ ਹੁਕਮਨਾਮਾ ਚੇਤੇ ਕਰਾਉਣਾ ਚਾਹੀਦਾ ਸੀ। ਉਸ ਹੁਕਮਨਾਮੇ ਨੇ ਸਾਫ਼ ਕਿਹਾ ਸੀ ਕਿ ਕਿਸੇ ਵੀ ਅੰਮ੍ਰਿਤਧਾਰੀ ਸਿੱਖ ਨੂੰ ਹੱਕਾਂ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ ਅਤੇ ਪਿੰਡਾਂ ਵਿੱਚ ਜਾਤ ਆਧਾਰਿਤ ਗੁਰਦੁਆਰੇ ਸਿੱਖੀ ਸਿਧਾਂਤਾਂ ਦੇ ਖ਼ਿਲਾਫ਼ ਹਨ।

ਜੇਕਰ ਸਕੱਤਰੇਤ ਇਹ ਇਤਿਹਾਸਕ ਅਤੇ ਸਿਧਾਂਤਕ ਪੱਖ ਪੇਸ਼ ਕਰਦਾ, ਤਾਂ ਗਿਆਸਪੁਰਾ ਕੋਲ ਬੋਲਣ ਲਈ ਕੁਝ ਨਾ ਬਚਦਾ। ਸਕੱਤਰੇਤ ਨੂੰ ਕਹਿਣਾ ਚਾਹੀਦਾ ਸੀ: ਸਾਡੇ ਲਈ ਹਰ ਅੰਮ੍ਰਿਤਧਾਰੀ ਸਿਰਫ਼ ਗੁਰੂ ਦਾ ਸਿੱਖ ਹੈ। ਗਿਆਸਪੁਰਾ ਨੂੰ ਜਾਤ ਕਰਕੇ ਨਹੀਂ, ਬਲਕਿ ਪੰਥਕ ਸੰਸਥਾਵਾਂ ਵਿਰੁੱਧ ਜ਼ਹਿਰ ਉਗਲਣ ਕਰਕੇ ਰੋਕਿਆ ਗਿਆ ਹੈ। ਗਿਆਸਪੁਰਾ ਨੂੰ ਪੁੱਛਿਆ ਜਾਂਦਾ ਕਿ ਕੀ ਉਹ ਆਪਣੇ ਆਪ ਨੂੰ ਗੁਰੂ ਦਾ ਸਿੱਖ ਮੰਨਦੇ ਹਨ ਜਾਂ ਇੱਕ ਜਾਤ ਦਾ ਨੁਮਾਇੰਦਾ ? ਜੇ ਉਹ ਗੁਰੂ ਦੇ ਸਿੱਖ ਹਨ, ਤਾਂ ਜਾਤ ਦੀ ਦੁਹਾਈ ਕਿਉਂ ?

ਗਿਆਨੀ ਗੜਗਜ ਦੇ ਸਲਾਹਕਾਰਾਂ ਵੱਲੋਂ ਦੂਜੇ ਵਿਧਾਇਕਾਂ ਦੀ ਜਾਤ ਦਾ ਜ਼ਿਕਰ ਕਰਨਾ ਬੱਜਰ ਗ਼ਲਤੀ ਹੈ। ਇਸ ਨਾਲ ਸ੍ਰੀ ਅਕਾਲ ਤਖ਼ਤ ਦੀ ਸਰਬ-ਸਾਂਝੀ ਮਾਣ-ਮਰਯਾਦਾ ਨੂੰ ਠੇਸ ਪੁੱਜੀ ਹੈ। ਸਿੱਖ ਸੰਸਥਾਵਾਂ ਨੂੰ ਚਲਾਉਣ ਵਾਲੇ ਲੋਕਾਂ ਕੋਲ ਗੁਰਮਤਿ ਗਿਆਨ ਅਤੇ ਇਤਿਹਾਸਕ ਸੂਝ ਦਾ ਹੋਣਾ ਲਾਜ਼ਮੀ ਹੈ। ਹਰ ਮਸਲੇ ਦਾ ਜਵਾਬ ਪਾਰਟੀ ਬੁਲਾਰਿਆਂ ਵਾਂਗ ਨਹੀਂ ਦਿੱਤਾ ਜਾ ਸਕਦਾ। ਅਕਾਲ ਤਖ਼ਤ ਸਾਹਿਬ ਦੇ ਬੁਲਾਰੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰੀ ਵਾਲੇ ਫ਼ਲਸਫ਼ੇ ਦਾ ਪ੍ਰਤੀਕ ਬਣਨਾ ਪਵੇਗਾ। ਜਦੋਂ ਤੱਕ ਸਲਾਹਕਾਰ ਸੌੜੀ ਸਿਆਸਤ ਛੱਡ ਕੇ ਗੁਰਮਤਿ ਦਾ ਠੋਸ ਬਿਰਤਾਂਤ ਪੇਸ਼ ਨਹੀਂ ਕਰਨਗੇ, ਉਦੋਂ ਤੱਕ ਵਿਰੋਧੀ ਅਜਿਹੇ ਝੂਠੇ ਦੋਸ਼ ਲਾ ਕੇ ਕੌਮ ਨੂੰ ਵੰਡਦੇ ਰਹਿਣਗੇ।

# ਅਕਾਲ ਤਖ਼ਤ ਸਾਹਿਬ ਵਿਖੇ 'ਆਪ' ਦੇ 12 ਵਿਧਾਇਕਾਂ ਸਮੇਤ 15 ਆਗੂ ਤਲਬ

## ਜਾਤੀ ਵਿਤਕਰੇ ਦੇ ਦੋਸ਼ਾਂ 'ਤੇ ਸਪੱਸ਼ਟੀਕਰਨ ਮੰਗਿਆ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਮ ਆਦਮੀ ਪਾਰਟੀ (ਆਪ) ਦੇ 12 ਵਿਧਾਇਕਾਂ ਸਮੇਤ ਕੁੱਲ 15 ਆਗੂਆਂ ਨੂੰ 15 ਅਕਤੂਬਰ ਨੂੰ ਦੁਪਹਿਰ 12 ਵਜੇ ਸਕੱਤਰੇਤ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਹੈ।

ਦਰਅਸਲ, 12 ਅਕਤੂਬਰ ਨੂੰ 'ਆਪ' ਦਾ ਇੱਕ ਵਫ਼ਦ ਦਿੱਲੀ ਦੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਹੋਈ ਘਟਨਾ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੰਗ ਪੱਤਰ ਦੇਣ ਪਹੁੰਚਿਆ ਸੀ। ਇਸ ਦੌਰਾਨ ਪਾਇਲ ਤੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਸਕੱਤਰੇਤ ਅੰਦਰ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਇਸ ਰੋਕ ਤੋਂ ਬਾਅਦ ਵਿਧਾਇਕ ਗਿਆਸਪੁਰਾ ਨੇ ਮੀਡੀਆ ਸਾਹਮਣੇ ਦੋਸ਼ ਲਾਇਆ ਕਿ ਉਨ੍ਹਾਂ ਨਾਲ ਦਲਿਤ ਹੋਣ ਕਾਰਨ ਜਾਤੀ ਆਧਾਰਿਤ ਵਿਤਕਰਾ ਕੀਤਾ ਗਿਆ ਹੈ।

ਦੂਜੇ ਪਾਸੇ ਸਕੱਤਰੇਤ ਇੰਚਾਰਜ ਬਗੀਚਾ ਸਿੰਘ ਵੱਲੋਂ ਜਾਰੀ ਪੱਤਰ ਅਨੁਸਾਰ, ਵਿਧਾਇਕ ਗਿਆਸਪੁਰਾ ਨੇ ਗੁਰੂ ਘਰ ਦੇ ਸੇਵਾਦਾਰਾਂ, ਸ੍ਰੀ ਦਰਬਾਰ ਸਾਹਿਬ ਅਤੇ ਸਕੱਤਰੇਤ ਪ੍ਰਤੀ ਮੀਡੀਆ ਵਿੱਚ ਗ਼ਲਤ ਸ਼ਬਦਾਵਲੀ ਵਰਤੀ ਅਤੇ ਜਾਤੀ ਵਿਤਕਰੇ ਦੇ ਝੂਠੇ ਤੇ ਨਿਰਾਧਾਰ ਦੋਸ਼ ਲਾਏ। ਸਕੱਤਰੇਤ ਵੱਲੋਂ ਕਿਹਾ ਗਿਆ ਕਿ ਵਫ਼ਦ ਵਿੱਚ ਸ਼ਾਮਲ ਆਗੂਆਂ ਨੂੰ ਅੰਦਰ ਇਹ ਗੱਲ ਸਪੱਸ਼ਟ ਕੀਤੀ ਗਈ ਸੀ ਕਿ ਕੋਈ ਜਾਤੀ ਵਿਤਕਰਾ ਨਹੀਂ ਹੋਇਆ, ਜਿਸ ਨੂੰ ਆਗੂਆਂ ਨੇ ਮੰਨ ਵੀ ਲਿਆ ਸੀ। ਵਫ਼ਦ ਨੂੰ ਬਾਹਰ ਜਾ ਕੇ ਮੀਡੀਆ ਸਾਹਮਣੇ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਗਿਆ ਸੀ, ਪਰ ਆਗੂਆਂ ਨੇ ਜਾਣਬੁੱਝ ਕੇ ਅਜਿਹਾ ਨਹੀਂ ਕੀਤਾ ਅਤੇ ਭਰਮ ਫ਼ੈਲਣ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਜਸਕਰਨ ਸਿੰਘ ਨੇ ਜਾਤੀ ਵਿਤਕਰੇ ਦੇ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਸਪੱਸ਼ਟ ਕੀਤਾ:

ਇਤਰਾਜ਼ਯੋਗ ਬਿਆਨਬਾਜ਼ੀ ਕਾਰਨ ਰੋਕਿਆ: ਗਿਆਸਪੁਰਾ ਨੂੰ ਜਾਤੀ ਕਾਰਨ ਨਹੀਂ, ਸਗੋਂ ਪਿਛਲੇ ਦਿਨਾਂ ਦੌਰਾਨ ਜਥੇਦਾਰ ਸਾਹਿਬ ਅਤੇ ਸਿੱਖ ਸੰਸਥਾਵਾਂ ਵਿਰੁੱਧ ਕੀਤੀ ਕਥਿਤ ਭੱਦੀ, ਇਤਰਾਜ਼ਯੋਗ ਅਤੇ ਧਮਕੀ ਭਰੀ ਬਿਆਨਬਾਜ਼ੀ ਕਾਰਨ ਰੋਕਿਆ ਗਿਆ ਸੀ।

ਹੋਰ ਦਲਿਤ ਵਿਧਾਇਕਾਂ ਨੂੰ ਕੋਈ ਰੋਕ ਨਹੀਂ: ਉਨ੍ਹਾਂ ਦੱਸਿਆ ਕਿ ਉਸੇ ਭਾਈਚਾਰੇ ਨਾਲ ਸਬੰਧਿਤ ਵਿਧਾਇਕ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ) ਅਤੇ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ) ਵੀ ਵਫ਼ਦ ਵਿੱਚ ਮੌਜੂਦ ਸਨ, ਜਿਨ੍ਹਾਂ ਨੂੰ ਅੰਦਰ ਆਉਣ ਤੋਂ ਕਿਸੇ ਨੇ ਨਹੀਂ ਰੋਕਿਆ।

ਸਕੱਤਰੇਤ ਨੇ ਗਿਆਸਪੁਰਾ ਨੂੰ ਆਪਣੇ ਬਿਆਨਾਂ ਲਈ ਸਿੱਖ ਕੌਮ ਤੋਂ ਮੁਆਫ਼ੀ ਮੰਗਣ ਲਈ ਕਿਹਾ ਹੈ ਅਤੇ ਮੁਆਫ਼ੀ ਨਾ ਮੰਗਣ ਦੀ ਸੂਰਤ ਵਿੱਚ ਸਖ਼ਤ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।

ਤਲਬ ਕੀਤੇ ਗਏ ਪ੍ਰਮੁੱਖ ਆਗੂ

ਪੇਸ਼ ਹੋਣ ਲਈ ਜਾਰੀ ਸੂਚੀ ਵਿੱਚ ਡਾ. ਇੰਦਰਬੀਰ ਸਿੰਘ ਨਿੱਜਰ, ਕੁਲਦੀਪ ਸਿੰਘ ਧਾਲੀਵਾਲ, ਬੀਬੀ ਬਲਜਿੰਦਰ ਕੌਰ, ਬੀਬੀ ਜੀਵਨਜੋਤ ਕੌਰ, ਦਲਬੀਰ ਸਿੰਘ ਟੌਂਗ, ਕੁਲਵੰਤ ਸਿੰਘ, ਗੁਰਦੀਪ ਸਿੰਘ, ਸਰਵਨ ਸਿੰਘ, ਬੀਬੀ ਸੋਨੀਆ ਕੌਰ, ਗੁਰਇਕਬਾਲ ਸਿੰਘ ਕਾਦੀਆਂ, ਮਨਜਿੰਦਰ ਸਿੰਘ, ਜੋਬਨ ਸਿੰਘ, ਜਸਵੀਰ ਸਿੰਘ, ਕਰਮਬੀਰ ਸਿੰਘ ਅਤੇ ਹਰਮੀਤ ਸਿੰਘ ਸੰਧੂ ਸ਼ਾਮਲ ਹਨ।

# ਸ੍ਰੀ ਦਰਬਾਰ ਸਾਹਿਬ ਨੂੰ ਬਦਨਾਮ ਕਰਨ ਦੀ ਕੋਝੀ ਸਾਜ਼ਿਸ਼, ਮਰਿਆਦਾ ਤੋੜਨ ਮਗਰੋਂ ਵਲੌਗਰ ਨੇ ਪਹਿਰੇਦਾਰਾਂ 'ਤੇ ਲਾਏ ਝੂਠੇ ਦੋਸ਼

## ਮਰਿਆਦਾ ਦੀ ਉਲੰਘਣਾ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ: ਸ਼੍ਰੋਮਣੀ ਕਮੇਟੀ



ਅੰਮ੍ਰਿਤਸਰ/ਏ.ਟੀ.ਨਿਊਜ਼ : ਸੱਚਖੰਡ ਸ੍ਰੀ ਦਰਬਾਰ ਸਾਹਿਬ ਸਮੁੱਚੀ ਮਨੁੱਖਤਾ ਲਈ ਅਧਿਆਤਮਿਕ ਸ਼ਾਂਤੀ, ਰੂਹਾਨੀ ਸਕੂਨ ਅਤੇ ਬਰਾਬਰੀ ਦਾ ਮਹਾਨ ਕੇਂਦਰ ਹੈ। ਇੱਥੇ ਹਰ ਰੋਜ਼ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਨਤਮਸਤਕ ਹੋਣ ਆਉਂਦੇ ਹਨ। ਇਹ ਅਸਥਾਨ ਕਿਸੇ ਮਨੋਰੰਜਨ ਪਾਰਕ ਜਾਂ ਸੈਰ-ਸਪਾਟੇ ਦਾ ਕੇਂਦਰ ਨਹੀਂ, ਸਗੋਂ ਸ਼ਰਧਾ, ਸਿਮਰਨ ਅਤੇ ਸਰਵਉੱਚ ਮਰਿਆਦਾ ਦਾ ਪਾਵਨ ਧੁਰਾ ਹੈ। ਪ੍ਰੰਤੂ ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ ਉੱਤੇ ਵਿਊਜ਼, ਲਾਈਕਸ ਅਤੇ ਸਸਤੀ ਮਕਬੂਲੀਅਤ ਹਾਸਲ ਕਰਨ ਦੀ ਹਵਸ ਨੇ ਇਸ ਪਵਿੱਤਰ ਧਰਤੀ ਦੀ ਮਰਿਆਦਾ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ। ਤਾਜ਼ਾ ਘਟਨਾਕ੍ਰਮ ਵਿੱਚ ਰਾਤ ਵੇਲੇ ਪਰਿਕਰਮਾ ਵਿੱਚ ਵਲੌਗ ਬਣਾ ਰਹੇ ਇੱਕ ਗ਼ੈਰ ਪੰਜਾਬੀ ਨੌਜਵਾਨ ਵੱਲੋਂ ਪਹਿਰੇਦਾਰਾਂ ਉੱਤੇ ਬਦਸਲੂਕੀ ਦੇ ਦੋਸ਼ ਲਾਉਣਾ ਅਤੇ ਫਿਰ ਉਸ ਨੂੰ ਵੱਡੇ ਪੱਧਰ 'ਤੇ ਪ੍ਰਚਾਰਨਾ ਸਿਰਫ਼ ਇੱਕ ਸਾਧਾਰਨ ਘਟਨਾ ਨਹੀਂ ਜਾਪਦੀ, ਸਗੋਂ ਇਹ ਸ੍ਰੀ ਦਰਬਾਰ ਸਾਹਿਬ ਦੀ ਛਵੀ ਨੂੰ ਢਾਹ ਲਾਉਣ ਦੀ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਪ੍ਰਤੀਤ ਹੁੰਦੀ ਹੈ। ਜਦੋਂ ਵੀ ਕੋਈ ਅਜਿਹੀ ਘਟਨਾ ਵਾਪਰਦੀ ਹੈ, ਤਾਂ ਪਹਿਲਾਂ ਨਿਯਮਾਂ ਦੀ ਸ਼ਰੇਆਮ ਉਲੰਘਣਾ ਕੀਤੀ ਜਾਂਦੀ ਹੈ ਅਤੇ ਜਦੋਂ ਸੇਵਾਦਾਰ ਜਾਂ ਪਹਿਰੇਦਾਰ ਮਰਿਆਦਾ ਦੀ ਰਾਖੀ ਲਈ ਰੋਕਦੇ ਹਨ, ਤਾਂ ਤੁਰੰਤ ਮੋਬਾਈਲ ਕੈਮਰਾ ਚਾਲੂ ਕਰਕੇ ਖ਼ੁਦ ਨੂੰ 'ਪੀੜਤ' ਵਜੋਂ ਪੇਸ਼ ਕਰ ਦਿੱਤਾ ਜਾਂਦਾ ਹੈ। ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਕਿਸੇ ਨੂੰ ਵੀ ਧਾਰਮਿਕ ਅਸਥਾਨ ਦੇ ਨਿਯਮ ਦੀ ਉਲੰਘਣਾ ਕਰਨ ਦਾ ਕੀ ਅਧਿਕਾਰ ਹੈ ? ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਵਪਾਰਕ ਵੀਡੀਓਗ੍ਰਾਫੀ, ਵਲੌਗਿੰਗ ਅਤੇ ਸ਼ੂਟਿੰਗ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੂਰਨ ਪਾਬੰਦੀ ਲਗਾਈ ਹੋਈ ਹੈ। ਇਹ ਪਾਬੰਦੀ ਇਸ ਲਈ ਹੈ ਤਾਂ ਜੋ ਇਬਾਦਤ ਕਰਨ ਆਈ ਸੰਗਤ ਦੀ ਇਕਾਗਰਤਾ ਭੰਗ ਨਾ ਹੋਵੇ ਅਤੇ ਦਰਬਾਰ ਸਾਹਿਬ ਦਾ ਅਦਬ-ਸਤਿਕਾਰ ਬਹਾਲ ਰਹੇ। ਜਿਹੜੇ ਲੋਕ ਜਾਣਬੁੱਝ ਕੇ ਨਿਯਮ ਤੋੜਦੇ ਹਨ ਅਤੇ ਬਾਅਦ ਵਿੱਚ ਧਾਰਮਿਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਉਨ੍ਹਾਂ ਦੀ ਨੀਅਤ ਉੱਤੇ ਸ਼ੱਕ ਹੋਣਾ ਲਾਜ਼ਮੀ ਹੈ।

ਇਤਿਹਾਸ ਗਵਾਹ ਹੈ ਕਿ ਸਿੱਖ ਵਿਰੋਧੀ ਅਤੇ ਮਨੂਵਾਦੀ ਸੋਚ ਹਮੇਸ਼ਾ ਹੀ ਸਿੱਖ ਕੇਂਦਰਾਂ ਦੀ ਪ੍ਰਭੂਸੱਤਾ ਅਤੇ ਅਜ਼ਮਤ ਨੂੰ ਢਾਹ ਲਾਉਣ ਦੇ ਮੌਕੇ ਤਲਾਸ਼ਦੀ ਰਹੀ ਹੈ। ਅਜੋਕੇ ਡਿਜੀਟਲ ਯੁੱਗ ਵਿੱਚ ਹਥਿਆਰ ਬਦਲ ਗਏ ਹਨ। ਹੁਣ ਹਮਲਾ ਸੋਸ਼ਲ ਮੀਡੀਆ ਟੂਲਕਿੱਟਾਂ, ਵੀਡੀਓਜ਼ ਅਤੇ ਭੰਬਲਭੂਸਾ ਪੈਦਾ ਕਰਨ ਵਾਲੇ ਬਿਰਤਾਂਤਾਂ ਰਾਹੀਂ ਕੀਤਾ ਜਾਂਦਾ ਹੈ। ਜਦੋਂ ਕਿਸੇ ਗੁਰਧਾਮ ਦੇ ਪ੍ਰਬੰਧ ਨੂੰ ਅਸਹਿਣਸ਼ੀਲ ਜਾਂ ਹਿੰਸਕ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਸ ਪਿੱਛੇ ਮਕਸਦ ਸਿਰਫ਼ ਸੇਵਾਦਾਰਾਂ ਨੂੰ ਬਦਨਾਮ ਕਰਨਾ ਨਹੀਂ ਹੁੰਦਾ, ਸਗੋਂ ਸਮੁੱਚੇ ਸਿੱਖ ਪ੍ਰਬੰਧ ਅਤੇ ਪਰੰਪਰਾਵਾਂ ਉੱਤੇ ਸਵਾਲ ਖੜ੍ਹੇ ਕਰਨਾ ਹੁੰਦਾ ਹੈ। ਬਾਹਰੋਂ ਆਉਣ ਵਾਲੇ ਯਾਤਰੀਆਂ ਦੇ ਮਨਾਂ ਵਿੱਚ ਡਰ ਅਤੇ ਨਫ਼ਰਤ ਭਰਨਾ ਅਜਿਹੇ ਅਨਸਰਾਂ ਦਾ ਮੁੱਖ ਟੀਚਾ ਬਣ ਚੁੱਕਾ ਹੈ। ਇਸ ਨਾਜ਼ੁਕ ਸਥਿਤੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਵਾਇਤੀ ਬਿਆਨਬਾਜ਼ੀ ਤੋਂ ਅੱਗੇ ਵਧ ਕੇ ਠੋਸ ਅਤੇ ਵਿਹਾਰਕ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਜਦੋਂ ਵੀ ਅਜਿਹਾ ਕੋਈ ਮਾਮਲਾ ਸਾਹਮਣੇ ਆਵੇ, ਸ਼੍ਰੋਮਣੀ ਕਮੇਟੀ ਨੂੰ ਬਿਨਾਂ ਕਿਸੇ ਦੇਰੀ ਦੇ ਘਟਨਾ ਵਾਲੀ ਥਾਂ ਦੀ ਸੀਸੀਟੀਵੀ ਫੁਟੇਜ ਜਨਤਕ ਕਰਨੀ ਚਾਹੀਦੀ ਹੈ ਤਾਂ ਜੋ ਸੱਚਾਈ ਦੁਨੀਆ ਸਾਹਮਣੇ ਆ ਸਕੇ ਅਤੇ ਝੂਠੇ ਦੋਸ਼ਾਂ ਦੀ ਹਵਾ ਨਿਕਲ ਸਕੇ। (ਬਾਕੀ ਸਫ਼ਾ 26 'ਤੇ)

ਸਰਬੱਤ ਦਾ ਭਲਾ

SCOPE

Sikh Community Organised for Political Engagement.

# SCOPE ENDORSEMENT GUIDE

## City of Fremont • November 3, 2026 General Election

★ ★ ★

**Vote for SCOPE-endorsed candidates and ballot positions.**

### STATEWIDE

| | |
|---|---|
| ✔ Governor | Xavier Becerra |
| ✔ Lieutenant Governor | Fiona Ma |
| ✔ Secretary of State | Shirley N. Weber |
| ✔ Controller | Malia M. Cohen |
| ✔ Treasurer | Eleni Kounalakis |
| ✔ Attorney General | Rob Bonta |
| ✔ Insurance Commissioner | Ben Allen |
| ✔ State Board of Equalization District 2 | Sally J. Lieber |

### FEDERAL

| | |
|---|---|
| ✔ U.S. House of Representatives District 14 | Aisha Wahab |

### STATE LEGISLATURE

| | |
|---|---|
| ✔ California State Senate District 10 | Scott Sakakihara |
| ✔ California State Assembly District 20 | Liz Ortega |
| ✔ California State Assembly District 24 | Alex Lee |

### NONPARTISAN

| | |
|---|---|
| ✔ State Superinteıdent of Public Instruction | Richard Barrera |

### SCHOOL

| | |
|---|---|
| — Ohlone Community College District Trustee — Area 6 | No Endorsement |
| ✔ School Board Office | Diane Jones |

### CITY

| | |
|---|---|
| ✔ Fremont City Council District 2 | Desrie Campbell |
| ✔ Fremont City Council District 3 | Kathy Kimberlin |
| ✔ Fremont City Council District 4 | Aziz Akbari |

### SPECIAL DISTRICT

| | |
|---|---|
| ✔ AC Transit District Director Ward 7 | Diane Shaw |
| ✔ Alameda County Water District Director Ward 2 | Judy C. Huang |
| ✔ Alameda County Water District Director Ward 3 | Paul Sethy |
| ✔ BART Board Director District 6 | Liz Ames |
| ✔ East Bay Regional Park District Director Ward 3 | Rebecca Lewington |

### JUDICIAL RETENTION

| | | |
|---|---|---|
| ✔ California Supreme Court | Kelli M. Evans | YES |
| ✔ California Supreme Court | Joshua P. Groban | YES |
| ✔ Court of Appeal, First District, Division 1 | Charles A. Smiley | YES |
| ✔ Court of Appeal, First District, Division 1 | Kathleen M. Banke | YES |
| ✔ Court of Appeal, First District, Division 1 | Monique Langhorne Wilson | YES |
| ✔ Court of Appeal, First District, Division 2 | Therese M. Stewart | YES |
| ✔ Court of Appeal, First District, Division 2 | Tara M. Desautels | YES |
| ✔ Court of Appeal, First District, Division 3 | Ioana Petrou | YES |
| ✔ Court of Appeal, First District, Division 3 | Victor A. Rodriguez | YES |
| ✔ Court of Appeal, First District, Division 4 | Tracie L. Brown | YES |
| ✔ Court of Appeal, First District, Division 5 | Mark B. Simons | YES |
| ✔ Court of Appeal, First District, Division 5 | Danny Y. Chou | YES |
| ✔ Court of Appeal, First District, Division 5 | Gordon B. Burns | YES |

### STATE PROPOSITIONS

| | |
|---|---|
| ✔ Proposition 1 | YES |
| ✔ Proposition 2 | YES |
| ✔ Proposition 3 | YES |
| ✔ Proposition 4 | YES |
| ✔ Proposition 5 | YES |
| ✔ Proposition 37 | YES |
| ✔ Proposition 38 | YES |
| ✔ Proposition 39 | NO |
| ✔ Proposition 40 | YES |
| ✔ Proposition 41 | NO |
| ✔ Proposition 42 | NO |
| ✔ Proposition 43 | NO |
| ✔ Proposition 44 | NO |
| ✔ Proposition 45 | NO |

### REGIONAL MEASURE

| | |
|---|---|
| ✔ Measure RTM | YES |




★ ★ ★ Prepared by SCOPE — Sikh Community Organized for Political Engagement ★ ★ ★

SCOPE
ਸਰਬੱਤ ਦਾ ਭਲਾ
Sikh Community Organized for Political Engagement.

# UNION CITY
## 2026 ENDORSEMENT GUIDE

Candidates • Ballot Measures • Judicial Retention

### STATEWIDE CANDIDATES 9

| Office | Candidate |
|---|---|
| Governor | **Xavier Becerra** |
| Lieutenant Governor | **Fiona Ma** |
| Secretary of State | **Shirley N. Weber** |
| Controller | **Malia M. Cohen** |
| Treasurer | **Eleni Kounalakis** |
| Attorney General | **Rob Bonta** |
| Insurance Commissioner | **Ben Allen** |
| Board of Equalization, District 2 | **Sally J. Lieber** |
| Superintendent of Public Instruction | **Richard Barrera** |

### FEDERAL & LEGISLATURE 3

| Office | Candidate |
|---|---|
| U.S. Representative, District 14 | **Aisha Wahab** |
| State Senator, District 10 | **Scott Sakakihara** |
| State Assembly Member, District 20 | **Liz Ortega** |

### CITY, SCHOOLS & DISTRICTS 6

| Office | Candidate |
|---|---|
| Union City Council, District 2 | **Victor Lopez Pulido** |
| Union City Council, District 3 | **Cheris Crocker-Root** |
| New Haven USD Trustee, Area 4 | **Shruti Kumar** |
| New Haven USD Trustee, Area 5 | **Deepti Garg** |
| East Bay Regional Park, Ward 3 | **Rebecca Lewington** |
| Alameda County Water, Ward 3 | **Paul Sethy** |

### BALLOT MEASURE POSITIONS 16

| Measure | Position |
|---|---|
| Proposition 1 | YES |
| Proposition 2 | YES |
| Proposition 3 | YES |
| Proposition 4 | YES |
| Proposition 5 | YES |
| Proposition 37 | YES |
| Proposition 38 | YES |
| Proposition 39 | NO |
| Proposition 40 | YES |
| Proposition 41 | NO |
| Proposition 42 | NO |
| Proposition 43 | NO |
| Proposition 44 | NO |
| Proposition 45 | NO |
| Measure RTM (Regional) | YES |
| Measure II (Union City) | YES |

### JUDICIAL RECOMMENDATIONS 13 YES

SC: CA Supreme Court D1-D5: First District Court of Appeal

| Court | Judge | Recommendation |
|---|---|---|
| SC | Kelli M. Evans | YES |
| SC | Joshua P. Groban | YES |
| D1 | Charles A. Smiley | YES |
| D1 | Kathleen M. Banke | YES |
| D1 | Monique Langhorne Wilson | YES |
| D2 | Therese M. Stewart | YES |
| D2 | Tara M. Desautels | YES |
| D3 | Ioana Petrou | YES |
| D3 | Victor A. Rodríguez | YES |
| D4 | Tracie L. Brown | YES |
| D5 | Mark B. Simons | YES |
| D5 | Danny Y. Chou | YES |
| D5 | Gordon B. Burns | YES |

Prepared from SCOPE-provided selections • Verify ballot details before public distribution

ONE-PAGE GUIDE

# ਕਿਸ ਨਾਲ ਹੱਥ ਮਿਲਾਉਣਗੇ ਸੁਖਬੀਰ ਬਾਦਲ ?

## 2027 ਚੋਣਾਂ ਲਈ 'ਹਮਖ਼ਿਆਲ' ਪਾਰਟੀਆਂ ਨੂੰ ਦਿੱਤਾ

## ਆਪ-ਕਾਂਗਰਸ ਨੂੰ ਨਾਂਹ, ਭਾਜਪਾ ਤੇ ਬਸਪਾ 'ਤੇ ਨਜ਼ਰ

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੰਕੇਤ ਦਿੱਤੇ ਹਨ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ 'ਹਮਖ਼ਿਆਲ' (ਇੱਕੋ ਜਿਹੀ ਸੋਚ ਵਾਲੀਆਂ) ਪਾਰਟੀਆਂ ਨਾਲ ਚੋਣ ਗਠਜੋੜ ਕਰਨ ਲਈ ਤਿਆਰ ਹਨ। ਹਾਲਾਂਕਿ ਉਨ੍ਹਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨਾਲ ਸਮਝੌਤੇ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।



**ਸੁਖਬੀਰ ਬਾਦਲ ਗਠਜੋੜ ਕਿਉਂ ਕਰਨਾ ਚਾਹੁੰਦੇ ਹਨ ?**

ਸ਼੍ਰੋਮਣੀ ਅਕਾਲੀ ਦਲ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਚੋਣਾਂ ਦੌਰਾਨ ਕਾਫ਼ੀ ਕਮਜ਼ੋਰ ਹੋਇਆ ਹੈ। ਸੂਬੇ ਵਿੱਚ ਆਪਣਾ ਸਿਆਸੀ ਆਧਾਰ ਅਤੇ ਪੰਥਕ ਵੋਟ ਬੈਂਕ ਦੁਬਾਰਾ ਮਜ਼ਬੂਤ ਕਰਨ ਲਈ ਅਕਾਲੀ ਦਲ ਨੂੰ ਹੋਰ ਧਿਰਾਂ ਦੇ ਸਾਥ ਦੀ ਲੋੜ ਹੈ। ਇਕੱਲਿਆਂ ਚੋਣ ਲੜ ਕੇ ਸਰਕਾਰ ਬਣਾਉਣਾ ਪਾਰਟੀ ਲਈ ਵੱਡੀ ਚੁਣੌਤੀ ਬਣ ਚੁੱਕਾ ਹੈ। ਇਸ ਲਈ ਬਾਦਲ ਚਾਹੁੰਦੇ ਹਨ ਕਿ ਵਿਰੋਧੀ ਵੋਟਾਂ ਦੇ ਖਿਲਾਰੇ ਨੂੰ ਰੋਕਣ ਅਤੇ ਪੰਜਾਬ ਦੀ ਸਿਆਸਤ ਵਿੱਚ ਵਾਪਸੀ ਕਰਨ ਲਈ ਸਾਂਝਾ ਮੋਰਚਾ ਤਿਆਰ ਕੀਤਾ ਜਾਵੇ।

**ਸੁਖਬੀਰ ਬਾਦਲ ਕੋਲ ਕੀ-ਕੀ ਬਦਲ ਹਨ ?**

ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਲਈ ਅਕਾਲੀ ਦਲ ਕੋਲ ਬਸਪਾ ਨਾਲ ਮੁੜ ਗਠਜੋੜ ਕਰਨ ਦਾ ਇੱਕ ਅਹਿਮ ਬਦਲ ਹੈ।

ਸ਼੍ਰੋਮਣੀ ਅਕਾਲੀ ਦਲ ਵਿੱਚੋਂ ਵੱਖ ਹੋਏ ਆਗੂਆਂ ਦੇ ਧੜੇ ਨਾਲ ਗੱਲਬਾਤ ਚੱਲ ਰਹੀ ਹੈ। ਗੁਰਪ੍ਰਤਾਪ ਸਿੰਘ ਵਡਾਲਾ ਵਰਗੇ ਆਗੂਆਂ ਨੇ ਗੱਲਬਾਤ ਦੀ ਪੁਸ਼ਟੀ ਕੀਤੀ ਹੈ, ਪਰ ਉਨ੍ਹਾਂ ਦੀ ਸ਼ਰਤ ਹੈ ਕਿ ਸੁਖਬੀਰ ਬਾਦਲ ਪ੍ਰਧਾਨਗੀ ਛੱਡ ਕੇ ਇੱਕ ਆਮ ਵਰਕਰ ਵਾਂਗ ਚੋਣ ਮੈਦਾਨ ਵਿੱਚ ਉਤਰਨ। ਅਕਾਲੀ ਦਲ ਅਤੇ ਭਾਜਪਾ ਦਾ ਪੁਰਾਣਾ ਗਠਜੋੜ ਰਿਹਾ ਹੈ। ਪੇਂਡੂ ਅਤੇ ਸ਼ਹਿਰੀ ਵੋਟਾਂ ਦੇ ਸੁਮੇਲ ਲਈ ਭਾਜਪਾ ਨਾਲ ਹੱਥ ਮਿਲਾਉਣਾ ਬਾਦਲ ਲਈ ਸਭ ਤੋਂ ਵੱਡਾ ਰਵਾਇਤੀ ਬਦਲ ਮੰਨਿਆ ਜਾਂਦਾ ਹੈ।

**ਕੀ ਭਾਜਪਾ ਗਠਜੋੜ ਲਈ ਤਿਆਰ ਹੈ?**

ਭਾਜਪਾ ਦੇ ਰੁਖ਼ ਨੂੰ ਲੈ ਕੇ ਦੋ ਵੱਖ-ਵੱਖ ਪਹਿਲੂ ਸਾਹਮਣੇ ਆ ਰਹੇ ਹਨ। ਭਾਜਪਾ ਹਾਈਕਮਾਨ ਅਤੇ ਸੂਬਾ ਇਕਾਈ ਹੁਣ ਤੱਕ ਇਹੀ ਕਹਿੰਦੀ ਆ ਰਹੀ ਹੈ ਕਿ ਪਾਰਟੀ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜੇਗੀ। ਪਾਰਟੀ ਆਪਣਾ ਸੁਤੰਤਰ ਅਧਾਰ ਵਧਾਉਣਾ ਚਾਹੁੰਦੀ ਹੈ। ਦੂਜੇ ਪਾਸੇ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੀਨੀਅਰ ਆਗੂ ਸੁਨੀਲ ਜਾਖੜ ਵਰਗੇ ਚਿਹਰਿਆਂ ਦਾ ਮੰਨਣਾ ਹੈ ਕਿ 'ਆਪ' ਅਤੇ ਕਾਂਗਰਸ ਨੂੰ ਹਰਾਉਣ ਲਈ ਭਾਜਪਾ ਅਤੇ ਅਕਾਲੀ ਦਲ ਨੂੰ ਇਕੱਠੇ ਹੋ ਕੇ ਚੋਣ ਲੜਨੀ ਚਾਹੀਦੀ ਹੈ।

ਇਨ੍ਹਾਂ ਸਿਆਸੀ ਸਮੀਕਰਨਾਂ ਤੋਂ ਸਪੱਸ਼ਟ ਹੈ ਕਿ ਸੁਖਬੀਰ ਬਾਦਲ ਨਵੀਆਂ ਸੰਭਾਵਨਾਵਾਂ ਤਲਾਸ਼ ਰਹੇ ਹਨ, ਪਰ ਪਾਰਟੀ ਅੰਦਰੂਨੀ ਵਿਰੋਧ ਅਤੇ ਭਾਜਪਾ ਦੀਆਂ ਆਪਣੀਆਂ ਸ਼ਰਤਾਂ ਕਾਰਨ ਗਠਜੋੜ ਦਾ ਰਾਹ ਇੰਨਾ ਆਸਾਨ ਨਹੀਂ ਜਾਪਦਾ।

# ਭਾਈ ਹਵਾਰਾ ਦੀ ਪੈਰੋਲ 'ਤੇ ਸਸਪੈਂਸ ਬਰਕਰਾਰ

## ਹਾਈ ਕੋਰਟ ਵਿੱਚ ਸੁਣਵਾਈ 28 ਅਕਤੂਬਰ ਤੱਕ ਟਲੀ

ਚੰਡੀਗੜ੍ਹ/ ਫ਼ਤਹਿਗੜ੍ਹ ਸਾਹਿਬ/ ਏ.ਟੀ.ਨਿਊਜ਼ :ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਨੂੰ ਲੈ ਕੇ ਬਣਿਆ ਸਸਪੈਂਸ ਅਜੇ ਵੀ ਬਰਕਰਾਰ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੀ ਬਿਮਾਰ ਮਾਤਾ ਨੂੰ ਮਿਲਣ ਲਈ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ 28 ਅਕਤੂਬਰ, 2026 ਤੱਕ ਮੁਲਤਵੀ ਕਰ ਦਿੱਤੀ ਹੈ। ਦਿੱਲੀ ਦੀ ਮੰਡੋਲੀ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਪਰਿਵਾਰ ਅਤੇ ਕੌਮੀ ਇਨਸਾਫ਼ ਮੋਰਚੇ ਦੀ ਅਪੀਲ ਤੋਂ ਬਾਅਦ ਆਪਣੀ ਬਜ਼ੁਰਗ ਅਤੇ ਬਿਮਾਰ ਮਾਤਾ ਦੀ ਖ਼ਰਾਬ ਸਿਹਤ ਦੇ ਮੱਦੇਨਜ਼ਰ ਇੱਕ ਦਿਨ ਦੀ ਹਿਰਾਸਤੀ ਪੈਰੋਲ ਲਈ ਸਹਿਮਤ ਹੋਏ ਸਨ।

ਹਾਈ ਕੋਰਟ ਵੱਲੋਂ ਸਬੰਧਿਤ ਧਿਰਾਂ ਨੂੰ ਨੋਟਿਸ ਜਾਰੀ ਕਰਦਿਆਂ ਅਗਲੀ ਸੁਣਵਾਈ 28 ਅਕਤੂਬਰ ਨਿਰਧਾਰਿਤ ਕੀਤੀ ਗਈ ਹੈ, ਜਿਸ ਕਾਰਨ ਫ਼ਿਲਹਾਲ ਉਨ੍ਹਾਂ ਦੇ ਆਪਣੇ ਜੱਦੀ ਪਿੰਡ ਹਵਾਰਾ (ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਪਹੁੰਚਣ 'ਤੇ ਰੋਕ ਲੱਗ ਗਈ ਹੈ।



**ਪੈਰੋਲ ਮਾਮਲੇ ਵਿੱਚ ਮੁੱਖ ਅੜਚਨਾਂ**

ਭਾਈ ਹਵਾਰਾ ਦਿੱਲੀ ਦੀ ਮੰਡੋਲੀ ਜੇਲ੍ਹ ਵਿੱਚ ਬੰਦ ਹਨ, ਪਰ ਉਨ੍ਹਾਂ ਨੂੰ ਸਜ਼ਾ ਚੰਡੀਗੜ੍ਹ ਦੀ ਅਦਾਲਤ ਵੱਲੋਂ ਸੁਣਾਈ ਗਈ ਸੀ। ਇਸ ਕਾਰਨ ਦਿੱਲੀ ਜੇਲ੍ਹ ਪ੍ਰਸ਼ਾਸਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਿਚਾਲੇ ਫ਼ੈਸਲਾ ਲੈਣ ਦੇ ਅਧਿਕਾਰ ਖੇਤਰ ਨੂੰ ਲੈ ਕੇ ਲਗਾਤਾਰ ਦੇਰੀ ਹੋ ਰਹੀ ਹੈ। ਦਿੱਲੀ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਦਿੱਲੀ ਪ੍ਰਸ਼ਾਸਨ ਨੇ ਕਿਹਾ ਸੀ ਕਿ ਅਸਲ ਅਧਿਕਾਰ ਖੇਤਰ ਚੰਡੀਗੜ੍ਹ ਪ੍ਰਸ਼ਾਸਨ ਦਾ ਹੈ।

ਭਾਈ ਹਵਾਰਾ ਵੱਲੋਂ ਦਾਇਰ ਪਟੀਸ਼ਨ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 6 ਜੁਲਾਈ, 2026 ਨੂੰ ਹਦਾਇਤ ਕੀਤੀ ਸੀ ਕਿ ਮੰਡੋਲੀ ਜੇਲ੍ਹ ਸੁਪਰਡੈਂਟ ਉਨ੍ਹਾਂ ਦੀ ਅਰਜ਼ੀ ਚੰਡੀਗੜ੍ਹ ਪ੍ਰਸ਼ਾਸਨ ਦੇ ਗ੍ਰਹਿ ਸਕੱਤਰ ਨੂੰ ਭੇਜੇ, ਚੰਡੀਗੜ੍ਹ ਪ੍ਰਸ਼ਾਸਨ 4 ਹਫ਼ਤਿਆਂ ਵਿੱਚ ਸਿਫ਼ਾਰਸ਼ਾਂ ਦੇਵੇ ਅਤੇ ਅਗਲੇ ਦੋ ਹਫ਼ਤਿਆਂ ਵਿੱਚ ਅੰਤਿਮ ਫ਼ੈਸਲਾ ਲਿਆ ਜਾਵੇ। ਪਰ ਪ੍ਰਸ਼ਾਸਨ ਵੱਲੋਂ ਨਿਰਧਾਰਿਤ ਸਮੇਂ ਅੰਦਰ ਫ਼ੈਸਲਾ ਨਾ ਲੈਣ ਕਾਰਨ ਹਵਾਰਾ ਨੇ ਹੁਕਮਾਂ ਦੀ ਜਾਣਬੁੱਝ ਕੇ ਕੀਤੀ ਗਈ ਉਲੰਘਣਾ ਦਾ ਦੋਸ਼ ਲਾਇਆ ਹੈ।ਦਿੱਲੀ ਤੋਂ ਹਵਾਰਾ ਨੂੰ ਹਵਾਈ ਜਹਾਜ਼ ਰਾਹੀਂ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ ਲਿਆਉਣ ਅਤੇ ਉੱਥੋਂ ਸਖ਼ਤ ਸੁਰੱਖਿਆ ਘੇਰੇ ਹੇਠ ਕਾਰਾਂ ਦੇ ਕਾਫ਼ਲੇ ਰਾਹੀਂ ਪਿੰਡ ਹਵਾਰਾ ਲਿਜਾਣ ਦੀ ਯੋਜਨਾ ਸੀ। ਹਾਈ-ਪ੍ਰੋਫਾਈਲ ਮਾਮਲਾ ਹੋਣ ਕਾਰਨ ਪ੍ਰਸ਼ਾਸਨ ਵੱਲੋਂ ਸੁਰੱਖਿਆ ਅਤੇ ਲੌਜਿਸਟਿਕਸ ਦੀਆਂ ਰਸਮੀ ਕਾਰਵਾਈਆਂ ਨੂੰ ਲੈ ਕੇ ਅਜੇ ਤੱਕ ਕੋਈ ਲਿਖਤੀ ਹੁਕਮ ਜਾਰੀ ਨਹੀਂ ਕੀਤਾ ਗਿਆ।

## ਜਗਤਾਰ ਹਵਾਰਾ ਦੀ ਰਿਹਾਈ ਨਾਲ ਅਮਨ-ਕਾਨੂੰਨ ਨੂੰ ਖ਼ਤਰਾ ਨਹੀਂ: ਮਾਨ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਜਗਤਾਰ ਸਿੰਘ ਹਵਾਰਾ ਦੀ ਰਿਹਾਈ ਨਾਲ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਬਣਾਉਣ ਲਈ ਹਰ ਕਾਨੂੰਨੀ ਅਤੇ ਸੰਵਿਧਾਨਕ ਰਾਹ ਅਪਣਾਏਗੀ ਅਤੇ ਇਨਸਾਫ਼ ਨੂੰ ਅਣਮਿੱਥੇ ਸਮੇਂ ਲਈ ਲਟਕਾਇਆ ਨਹੀਂ ਜਾਣਾ ਚਾਹੀਦਾ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਪੈਰੋਲ ਦੇਣ ਦੀ ਸੂਰਤ ਵਿੱਚ ਅਮਨ-ਕਾਨੂੰਨ ਕਾਇਮ ਰੱਖਣ ਦਾ ਭਰੋਸਾ ਕੇਂਦਰ ਸਰਕਾਰ ਅਤੇ ਰਾਜਪਾਲ ਨੂੰ ਦਿੱਤਾ ਹੋਇਆ ਹੈ। ਇਸ ਦੇ ਬਾਵਜੂਦ ਕੇਂਦਰ ਨੇ ਹਾਲੇ ਤੱਕ ਪੈਰੋਲ ਨੂੰ ਮਨਜ਼ੂਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਭਿਓਰਾ ਅਤੇ ਜਗਤਾਰ ਸਿੰਘ ਤਾਰਾ ਦੇ ਪੈਰੋਲ ਮਾਮਲੇ ਵੀ ਪੰਜਾਬ ਦੇ ਰਾਜਪਾਲ ਕੋਲ ਉਠਾਏ ਜਾਣਗੇ।ਮਾਨ ਨੇ ਕੌਮੀ ਇਨਸਾਫ਼ ਮੋਰਚੇ ਦੇ ਨੁਮਾਇੰਦਿਆਂ, ਸਿੱਖ ਜਥੇਬੰਦੀਆਂ, ਕਿਸਾਨ ਯੂਨੀਅਨਾਂ ਅਤੇ ਹੋਰ ਧਿਰਾਂ ਨਾਲ ਮੀਟਿੰਗ ਕੀਤੀ। (ਬਾਕੀ ਸਫ਼ਾ 27 'ਤੇ)

### ਡੇਰਾ ਸੱਚਾ ਸੌਦਾ ਦੀ ਵਧੀ ਮੁਸ਼ਕਿਲ

# ਅਦਾਲਤਾਂ ਨੂੰ ਬਦਨਾਮ ਕਰਨ ਦੇ ਦੋਸ਼ ਹੇਠ ਹਾਈ ਕੋਰਟ ਵੱਲੋਂ ਅਪਰਾਧਿਕ ਮਾਣਹਾਨੀ ਦਾ ਕੇਸ ਦਰਜ

ਚੰਡੀਗੜ੍ਹ, ਏ.ਟੀ.ਨਿਊਜ਼ :ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸੌਦਾ ਦੇ ਪੱਖ ਵਿੱਚ ਸਟੈਂਡ ਨਹੀਂ ਲਿਆ, ਸਗੋਂ ਡੇਰਾ ਪ੍ਰਬੰਧਨ ਅਤੇ ਅਖ਼ਬਾਰਾਂ ਵਿਰੁੱਧ ਸਖ਼ਤ ਰੁਖ਼ ਅਪਣਾਉਂਦਿਆਂ ਅਪਰਾਧਿਕ ਮਾਣਹਾਨੀ ਤਹਿਤ ਖ਼ੁਦ (ਸੁਓ ਮੋਟੂ) ਨੋਟਿਸ ਜਾਰੀ ਕੀਤਾ ਹੈ।

**ਪੂਰਾ ਮਾਮਲਾ ਕੀ ਹੈ ?**

12 ਸਤੰਬਰ ਨੂੰ ਪ੍ਰਮੁੱਖ ਅੰਗਰੇਜ਼ੀ ਅਤੇ ਹਿੰਦੀ ਅਖ਼ਬਾਰਾਂ ਵਿੱਚ ਡੇਰਾ ਸੌਦਾ ਵੱਲੋਂ ਪਹਿਲੇ ਪੰਨੇ ਉੱਤੇ ਇੱਕ ਵੱਡਾ ਇਸ਼ਤਿਹਾਰ ਛਾਪਿਆ ਗਿਆ ਸੀ, ਜਿਸ ਦਾ ਸਿਰਲੇਖ ਸੀ—'ਕੀ ਗੁਰੂ ਜੀ ਖ਼ਿਲਾਫ਼ ਸਾਜ਼ਿਸ਼ ਸੀ ?।' ਇਸ ਇਸ਼ਤਿਹਾਰ ਰਾਹੀਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਸੌਦਾ ਸਾਧ ਖ਼ਿਲਾਫ਼ ਦਰਜ ਕੇਸ ਅਤੇ ਸਜ਼ਾਵਾਂ ਕਿਸੇ ਸਾਜ਼ਿਸ਼ ਦਾ ਨਤੀਜਾ ਹਨ।

ਹਾਈ ਕੋਰਟ ਦੇ ਜਸਟਿਸ ਸੁਭਾਸ਼ ਮੇਹਲਾ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਸੀ ਕਿ ਜਦੋਂ ਅਦਾਲਤਾਂ ਵਿੱਚ ਅਪੀਲਾਂ ਅਤੇ ਕੇਸ ਵਿਚਾਰਧੀਨ ਹੋਣ, ਉਦੋਂ ਪੇਡ ਇਸ਼ਤਿਹਾਰਾਂ ਰਾਹੀਂ ਜਨਤਕ ਰਾਇ ਨੂੰ ਪ੍ਰਭਾਵਿਤ ਕਰਨਾ ਅਤੇ ਅਦਾਲਤਾਂ ਦੇ ਫ਼ੈਸਲਿਆਂ ਉੱਤੇ ਸਵਾਲ ਚੁੱਕਣਾ ਸਿੱਧੇ ਤੌਰ 'ਤੇ ਨਿਆਂ ਪ੍ਰਣਾਲੀ ਦੇ ਰਾਹ ਵਿੱਚ ਅੜਿੱਕਾ ਪਾਉਣਾ ਹੈ। ਇਸ ਲਈ ਅਦਾਲਤ ਨੇ ਸੰਵਿਧਾਨ ਦੀ ਧਾਰਾ 215 ਅਤੇ 'ਕੰਟੈਂਪਟ ਆਫ਼ ਕੋਰਟਸ ਐਕਟ 1971' ਤਹਿਤ ਡੇਰਾ ਪ੍ਰਬੰਧਨ, 'ਦਿ ਹਿੰਦੂ' ਅਤੇ 'ਦੈਨਿਕ ਭਾਸਕਰ' ਦੇ ਮੁੱਖ ਸੰਪਾਦਕਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।



ਕਾਨੂੰਨੀ ਮਾਹਿਰਾਂ ਮੁਤਾਬਕ ਅਦਾਲਤ ਦਾ ਇਹ ਕਦਮ ਨਿਆਂਇਕ ਪ੍ਰਣਾਲੀ ਦੀ ਸੁਤੰਤਰਤਾ ਬਚਾਉਣ ਲਈ ਜ਼ਰੂਰੀ ਸੀ:

ਵਿਚਾਰਧੀਨ ਮਾਮਲਿਆਂ ਵਿੱਚ ਮੀਡੀਆ ਟ੍ਰਾਇਲ ਗ਼ੈਰ-ਕਾਨੂੰਨੀ: ਕਾਨੂੰਨ ਅਨੁਸਾਰ ਜਿਹੜੇ ਮਾਮਲੇ ਅਦਾਲਤਾਂ ਵਿੱਚ ਚੱਲ ਰਹੇ ਹੋਣ, ਉਨ੍ਹਾਂ 'ਤੇ ਪੈਸੇ ਦੇ ਜ਼ੋਰ ਨਾਲ ਇਸ਼ਤਿਹਾਰ ਛਪਵਾ ਕੇ ਜੱਜਾਂ ਜਾਂ ਜਨਤਾ ਦੀ ਸੋਚ ਪ੍ਰਭਾਵਿਤ ਨਹੀਂ ਕੀਤੀ ਜਾ ਸਕਦੀ। ਮਾਹਿਰਾਂ ਦਾ ਮੰਨਣਾ ਹੈ ਕਿ ਡੇਰੇ ਨੇ ਅਦਾਲਤਾਂ ਦੇ ਵੱਕਾਰ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਇਸੇ ਲਈ ਹਾਈ ਕੋਰਟ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਸ ਨੂੰ ਅਪਰਾਧਿਕ ਮਾਣਹਾਨੀ ਮੰਨਿਆ।

ਪੰਥਕ ਮਾਹਿਰਾਂ ਦਾ ਪੱਖ

ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਡੇਰਾ ਸੌਦਾ ਲਗਾਤਾਰ ਪੈਸੇ ਅਤੇ ਸਿਆਸੀ ਪਹੁੰਚ ਦੇ ਜ਼ੋਰ 'ਤੇ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਥਕ ਵਿਦਵਾਨਾਂ ਮੁਤਾਬਕ ਬੇਅਦਬੀ ਕਾਂਡ, ਛਤਰਪਤੀ ਕਤਲ ਕਾਂਡ ਅਤੇ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਵਰਗੇ ਸੰਗੀਨ ਮਾਮਲਿਆਂ ਵਿੱਚ ਸਜ਼ਾਯਾਫ਼ਤਾ ਸਾਧ ਨੂੰ ਵਾਰ-ਵਾਰ ਪੈਰੋਲ ਮਿਲਣਾ ਅਤੇ ਹੁਣ ਇਸ਼ਤਿਹਾਰਾਂ ਰਾਹੀਂ 'ਮਜ਼ਲੂਮ' ਸਾਬਤ ਕਰਨ ਦਾ ਯਤਨ ਸਿੱਖ ਭਾਵਨਾਵਾਂ ਨਾਲ ਕੋਝਾ ਮਜ਼ਾਕ ਹੈ। ਹਾਈ ਕੋਰਟ ਦਾ ਇਹ ਨੋਟਿਸ ਪੀੜਤਾਂ ਅਤੇ ਇਨਸਾਫ਼ਪਸੰਦ ਲੋਕਾਂ ਲਈ ਇੱਕ ਉਮੀਦ ਦੀ ਕਿਰਨ ਹੈ।

**ਸ਼੍ਰੋਮਣੀ ਕਮੇਟੀ ਅਤੇ ਸਿਆਸੀ ਪਾਰਟੀਆਂ ਦੀ ਭੂਮਿਕਾ 'ਤੇ ਸਵਾਲ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਦੋਸ਼ ਲੱਗਦੇ ਰਹੇ ਹਨ ਕਿ ਇਹ ਪੰਥਕ ਹਿੱਤਾਂ ਦੀ ਰਾਖੀ ਕਰਨ ਦੀ ਬਜਾਏ ਅਕਾਲੀ ਦਲ ਦੇ ਸਿਆਸੀ ਹਿੱਤਾਂ ਅਨੁਸਾਰ ਚੱਲਦੀ ਰਹੀ। (ਬਾਕੀ ਸਫ਼ਾ 26 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਪ੍ਰਗਟ ਸਿੰਘ ਸਾਹਮਣੇ ਸਿਰਫ਼ ਚੋਣਾਂ ਜਿੱਤਣਾ ਹੀ ਨਹੀਂ, ਬਿਖਰੀ ਟੀਮ ਸੰਭਾਲਣਾ ਵੀ ਵੱਡੀ ਚੁਣੌਤੀ

### ➤ ਕੀ ਖ਼ਤਮ ਹੋਵੇਗੀ ਕਾਂਗਰਸ ਦੀ ਅੰਦਰੂਨੀ ਧੜੇਬੰਦੀ? ➤ 2027 ਦੇ ਦੰਗਲ 'ਤੇ ਟਿਕੀਆਂ ਸਿਆਸੀ ਮਾਹਿਰਾਂ ਦੀਆਂ

ਪੰਜਾਬ ਦੀ ਰਾਜਨੀਤੀ ਅੱਜ ਇੱਕ ਅਹਿਮ ਮੋੜ 'ਤੇ ਖੜ੍ਹੀ ਹੈ। ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ, ਉਲੰਪੀਅਨ ਅਤੇ ਜਲੰਧਰ ਛਾਉਣੀ ਤੋਂ ਵਿਧਾਇਕ ਤੇ ਹਾਕੀ ਦੇ ਸਰਦਾਰ ਪ੍ਰਗਟ ਸਿੰਘ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੰਭਾਲ ਲਈ ਹੈ। ਕਾਂਗਰਸ ਹਾਈਕਮਾਂਡ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਥਾਂ ਪ੍ਰਗਟ ਸਿੰਘ ਨੂੰ ਅੱਗੇ ਲਿਆਉਣਾ ਕੇਵਲ ਇੱਕ ਚਿਹਰਾ ਬਦਲਣ ਦੀ ਕਵਾਇਦ ਨਹੀਂ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਦੀ ਵੱਡੀ ਸਿਆਸੀ ਕੋਸ਼ਿਸ਼ ਹੈ। ਬੀਤੇ ਦਿਨੀਂ ਕਾਂਗਰਸ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਨੇ ਪ੍ਰਗਟ ਸਿੰਘ ਨੂੰ 'ਤਜਰਬੇਕਾਰ ਕਪਤਾਨ' ਗਰਦਾਨ ਕੇ ਟੀਮ ਭਾਵਨਾ ਦੀ ਉਮੀਦ ਜਤਾਈ ਸੀ। ਪਰ ਸਵਾਲ ਉਹੀ ਹੈ: ਕੀ ਖੇਡ ਦੇ ਮੈਦਾਨ ਵਿੱਚ ਸ਼ਾਨਦਾਰ ਡਿਫੈਂਸ ਅਤੇ ਰਣਨੀਤੀ ਦਿਖਾਉਣ ਵਾਲਾ ਇਹ ਕਪਤਾਨ, ਪੰਜਾਬ ਕਾਂਗਰਸ ਦੇ ਬਿਖਰੇ ਖਿਡਾਰੀਆਂ ਨੂੰ ਇਕੱਠੇ ਕਰਕੇ ਜਿੱਤ ਦਾ ਗੋਲ ਦਾਗ਼ ਸਕੇਗਾ?

ਪੰਜਾਬ ਕਾਂਗਰਸ ਦਾ ਇਤਿਹਾਸ ਗਵਾਹ ਹੈ ਕਿ ਪਾਰਟੀ ਜਿੰਨਾ ਬਾਹਰੀ ਵਿਰੋਧੀਆਂ ਤੋਂ ਨਹੀਂ ਹਾਰਦੀ, ਉਸ ਤੋਂ ਵੱਧ ਆਪਣੀ ਹੀ ਅੰਦਰੂਨੀ ਫੁੱਟ ਕਾਰਨ ਖ਼ੁਆਰ ਹੁੰਦੀ ਹੈ। ਤਾਜਪੋਸ਼ੀ ਵਾਲੇ ਦਿਨ ਚੰਡੀਗੜ੍ਹ ਸਥਿਤ ਕਾਂਗਰਸ ਭਵਨ ਵਿਖੇ ਜੋ ਨਜ਼ਾਰਾ ਦੇਖਣ ਨੂੰ ਮਿਲਿਆ, ਉਸ ਨੇ ਸਾਫ਼ ਕਰ ਦਿੱਤਾ ਕਿ ਨਵੇਂ ਪ੍ਰਧਾਨ ਲਈ ਰਾਹ ਫੁੱਲਾਂ ਦੀ ਸੇਜ ਨਹੀਂ ਹੈ। ਇੱਕ ਪਾਸੇ ਜਿੱਥੇ ਏਕਤਾ ਦਾ ਵਿਖਾਵਾ ਕੀਤਾ ਜਾ ਰਿਹਾ ਸੀ, ਉੱਥੇ ਹੀ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਵੱਖਰਾ ਸ਼ਕਤੀ ਪ੍ਰਦਰਸ਼ਨ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਮਰਥਕਾਂ ਦੀ ਨਾਅਰੇਬਾਜ਼ੀ ਪਾਰਟੀ ਅੰਦਰਲੀ ਤਰੇੜ ਨੂੰ ਉਘਾੜ ਰਹੀ ਸੀ। ਰਾਜਾ ਵੜਿੰਗ ਵੱਲੋਂ ਸਚਿਨ ਪਾਇਲਟ ਨੂੰ ਸਿੱਧਾ ਨਿਸ਼ਾਨਾ ਬਣਾਉਂਦਿਆਂ ਇਹ



ਕਹਿਣਾ ਕਿ 'ਭਾਵੇਂ ਮੇਰੀ ਟਿਕਟ ਕੱਟ ਦਿਓ, ਪਰ ਮੈਂ ਲੜਦਾ ਰਹਾਂਗਾ', ਇਹ ਸਾਬਤ ਕਰਦਾ ਹੈ ਕਿ ਲੀਡਰਸ਼ਿਪ ਵਿੱਚ ਫੁਟ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ।

ਪ੍ਰਗਟ ਸਿੰਘ ਸਾਹਮਣੇ ਸਭ ਤੋਂ ਵੱਡੀ ਤੇ ਪਹਿਲੀ ਚੁਣੌਤੀ 'ਸੀਨੀਅਰਜ਼ ਕਲੱਬ' ਨੂੰ ਇੱਕ ਮੰਚ 'ਤੇ ਲਿਆਉਣ ਦੀ ਹੈ। ਪੰਜਾਬ ਕਾਂਗਰਸ ਵਿੱਚ ਆਗੂਆਂ ਦੀ ਨਹੀਂ, ਸਗੋਂ ਮੁੱਖ ਮੰਤਰੀ ਦੇ ਦਾਅਵੇਦਾਰਾਂ ਦੀ ਭਰਮਾਰ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਮਨੀਸ਼ ਤਿਵਾੜੀ, ਰਾਣਾ ਕੇ.ਪੀ. ਸਿੰਘ ਅਤੇ ਰਾਜਾ ਵੜਿੰਗ ਵਰਗੇ ਆਗੂ ਆਪੋ-ਆਪਣੇ ਇਲਾਕਿਆਂ ਵਿੱਚ ਵੱਡਾ ਆਧਾਰ ਰੱਖਦੇ ਹਨ। ਇਹ ਸਾਰੇ ਆਗੂ ਸੁਤੰਤਰ ਧੁਰੇ ਹਨ ਜੋ ਕਿਸੇ ਦੀ ਸਰਦਾਰੀ ਆਸਾਨੀ ਨਾਲ ਕਬੂਲ ਨਹੀਂ ਕਰਦੇ। ਹਾਕੀ ਵਿੱਚ ਜੇਕਰ ਇੱਕ ਖਿਡਾਰੀ ਗੇਂਦ ਆਪਣੇ ਕੋਲ ਹੀ ਰੱਖੇ ਅਤੇ ਪਾਸ ਨਾ ਦੇਵੇ ਤਾਂ ਮੈਚ ਹੱਥੋਂ ਨਿਕਲ ਜਾਂਦਾ ਹੈ। ਇਹੀ ਹਾਲਤ ਕਾਂਗਰਸ ਦੀ ਹੈ। ਪ੍ਰਗਟ ਸਿੰਘ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਹਰ ਸੀਨੀਅਰ ਨੇਤਾ ਪਾਰਟੀ ਹਿੱਤ ਲਈ ਨਿੱਜੀ ਅਹੰਕਾਰ ਨੂੰ ਪਾਸੇ ਰੱਖ ਕੇ ਇੱਕਜੁੱਟ ਹੋਵੇ।ਦੂਜੀ ਵੱਡੀ ਚੁਣੌਤੀ ਜ਼ਮੀਨੀ ਪੱਧਰ 'ਤੇ ਵਰਕਰਾਂ ਵਿੱਚ ਨਵਾਂ ਜੋਸ਼ ਭਰਨਾ ਹੈ। 2022 ਦੀ ਹਾਰ ਤੋਂ ਬਾਅਦ ਕਾਂਗਰਸ ਦਾ ਕਾਡਰ ਲਗਾਤਾਰ ਬੇਦਿਲ ਦਿਖਾਈ ਦੇ ਰਿਹਾ ਹੈ। ਪਾਰਟੀ ਦੀ ਜ਼ਿਲ੍ਹਾ ਅਤੇ ਬਲਾਕ ਪੱਧਰੀ ਇਕਾਈਆਂ ਵਿੱਚ ਆਪਸੀ ਗੁੱਟਬੰਦੀ ਕਾਰਨ ਆਮ ਵਰਕਰ ਭੰਬਲਭੂਸੇ ਵਿੱਚ ਹੈ। ਪ੍ਰਗਟ ਸਿੰਘ ਨੇ ਆਪਣੀ ਸ਼ੁਰੂਆਤ ਵਿੱਚ ਬੜੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਉਹ ਬਦਲਾਖੋਰੀ ਵਾਲੀ ਰਾਜਨੀਤੀ ਵਿੱਚ ਯਕੀਨ ਨਹੀਂ ਰੱਖਦੇ ਅਤੇ ਸਾਫ਼-ਸੁਥਰੀ ਸਿਆਸਤ ਨੂੰ ਅੱਗੇ ਵਧਾਉਣਗੇ। ਉਨ੍ਹਾਂ ਦਾ ਇਹ ਗੁਣ ਸ਼ਲਾਘਾਯੋਗ ਹੈ। ਖੇਡ ਪਿਛੋਕੜ ਹੋਣ ਕਾਰਨ ਉਨ੍ਹਾਂ ਦਾ ਨਿੱਜੀ ਅਕਸ ਨਿਰਪੱਖ ਅਤੇ ਸਾਫ਼-ਸੁਥਰਾ ਰਿਹਾ ਹੈ। ਪਰ ਸਿਆਸਤ ਵਿੱਚ ਸਾਫ਼ ਅਕਸ ਦੇ ਨਾਲ-ਨਾਲ ਸਖ਼ਤ ਫ਼ੈਸਲੇ ਲੈਣ ਦੀ ਸਮਰੱਥਾ ਵੀ ਜ਼ਰੂਰੀ ਹੁੰਦੀ ਹੈ। ਕੀ ਪ੍ਰਗਟ ਸਿੰਘ ਅਨੁਸ਼ਾਸਨਹੀਣਤਾ ਕਰਨ ਵਾਲੇ ਵੱਡੇ ਆਗੂਆਂ 'ਤੇ ਲਗਾਮ ਕੱਸ ਸਕਣਗੇ? ਇਹ ਇੱਕ ਵੱਡਾ ਸਵਾਲ ਹੈ।

ਤੀਜੀ ਅਹਿਮ ਚੁਣੌਤੀ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣਾ ਹੈ। ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜੋ ਪ੍ਰਚਾਰ ਅਤੇ ਸੰਚਾਰ ਦੇ ਮਾਮਲੇ ਵਿੱਚ ਕਾਫ਼ੀ ਹਮਲਾਵਰ ਹੈ। ਪੰਜਾਬ ਇਸ ਵੇਲੇ ਵਿੱਤੀ ਸੰਕਟ, ਨਸ਼ਿਆਂ ਦੀ ਮਾਰ, ਕਿਸਾਨੀ ਮੰਗਾਂ, ਕਾਨੂੰਨ-ਵਿਵਸਥਾ ਅਤੇ ਬੇਰੁਜ਼ਗਾਰੀ ਵਰਗੇ ਗੰਭੀਰ ਮੁੱਦਿਆਂ ਨਾਲ ਜੂਝ ਰਿਹਾ ਹੈ।

(ਬਾਕੀ ਸਫ਼ਾ 27 'ਤੇ)

## ਸਾਬਕਾ ਜੱਜ ਕੇ. ਚੰਦਰੂ ਦਾ ਵੱਡਾ ਖ਼ੁਲਾਸਾ

# ਕਾਲਜੀਅਮ ਨਹੀਂ, ਪ੍ਰਧਾਨ ਮੰਤਰੀ ਮੋਦੀ ਕਰ ਰਹੇ ਨੇ ਜੱਜਾਂ ਦੀ ਨਿਯੁਕਤੀ

### ਨਿਆਂਪਾਲਿਕਾ ਵਿੱਚ ਪਾਰਦਰਸ਼ਤਾ ਦੀ ਘਾਟ,ਔਰਤਾਂ ਦੀ ਨੁਮਾਇੰਦਗੀ ਨਾ ਹੋਣ 'ਤੇ ਵੀ ਜਤਾਈ ਚਿੰਤਾ

ਹਾਲ ਹੀ ਵਿੱਚ ਮਦਰਾਸ ਹਾਈ ਕੋਰਟ ਦੇ ਸਾਬਕਾ ਜੱਜ ਕੇ. ਚੰਦਰੂ ਅਤੇ ਉੜੀਸਾ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਐੱਸ. ਮੁਰਲੀਧਰ ਵੱਲੋਂ ਜੱਜਾਂ ਦੀਆਂ ਨਿਯੁਕਤੀਆਂ ਬਾਰੇ ਦਿੱਤੇ ਬਿਆਨਾਂ ਨੇ ਭਾਰਤੀ ਨਿਆਂ ਪ੍ਰਣਾਲੀ ਦੇ ਅੰਦਰੂਨੀ ਸੰਕਟ ਨੂੰ ਇੱਕ ਵਾਰ ਫਿਰ ਸਤ੍ਹਾ 'ਤੇ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਦਾ ਇਹ ਦੋਸ਼ ਬੇਹੱਦ ਗੰਭੀਰ ਹੈ ਕਿ ਅੱਜ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵਿੱਚ ਜੱਜਾਂ ਦੀ ਨਿਯੁਕਤੀ ਕਾਲਜੀਅਮ ਨਹੀਂ, ਸਗੋਂ ਕੇਂਦਰ ਸਰਕਾਰ ਅਤੇ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ।

ਇਸ ਮਸਲੇ ਨੂੰ ਸਮਝਣ ਲਈ ਪਿਛੋਕੜ 'ਤੇ ਝਾਤ ਮਾਰਨੀ ਲਾਜ਼ਮੀ ਹੈ। ਸਾਲ 2014 ਵਿੱਚ ਸੱਤਾ ਵਿੱਚ ਆਉਂਦਿਆਂ ਹੀ ਮੋਦੀ ਸਰਕਾਰ ਨੇ ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਬਣਾਉਣ ਦਾ ਫ਼ੈਸਲਾ ਲਿਆ ਸੀ। ਮਕਸਦ ਸਾਫ਼ ਸੀ ਕਿ ਜੱਜਾਂ ਦੀ ਚੋਣ ਪ੍ਰਕਿਰਿਆ ਵਿੱਚ ਕਾਰਜਪਾਲਿਕਾ (ਸਰਕਾਰ) ਦੀ ਹਿੱਸੇਦਾਰੀ ਹੋਵੇ। ਪਰ ਸੁਪਰੀਮ ਕੋਰਟ ਨੇ ਸੰਵਿਧਾਨਕ ਦਾਇਰੇ ਅਤੇ ਅਦਾਲਤੀ ਆਜ਼ਾਦੀ ਦਾ ਹਵਾਲਾ ਦੇ ਕੇ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਅਦਾਲਤ ਦਾ ਤਰਕ ਸੀ ਕਿ ਸਰਕਾਰੀ ਦਖ਼ਲ ਨਾਲ ਨਿਆਂਇਕ ਆਜ਼ਾਦੀ ਪ੍ਰਭਾਵਿਤ ਹੋਵੇਗੀ।

ਹਾਲਾਂਕਿ, ਜਸਟਿਸ ਚੰਦਰੂ ਦੇ ਤਾਜ਼ਾ ਵਿਚਾਰ ਇਸ ਤੋਂ ਵੱਖਰੀ ਅਤੇ ਕੌੜੀ ਹਕੀਕਤ ਬਿਆਨ ਕਰਦੇ ਹਨ। ਉਨ੍ਹਾਂ ਮੁਤਾਬਕ ਐੱਨ.ਜੇ.ਏ.ਸੀ. ਰੱਦ ਹੋਣ ਤੋਂ ਬਾਅਦ ਸਰਕਾਰ ਨੇ ਕੋਈ ਨਵਾਂ ਕਾਨੂੰਨ ਲਿਆਉਣ ਦੀ ਲੋੜ ਹੀ ਨਹੀਂ ਸਮਝੀ। ਸਰਕਾਰ ਨੇ ਸਮਝ ਲਿਆ ਕਿ ਕਾਨੂੰਨ ਬਣਾਏ ਬਿਨਾਂ ਵੀ ਕੰਮ



ਚਲਾਇਆ ਜਾ ਸਕਦਾ ਹੈ। ਕਾਲਜੀਅਮ ਵੱਲੋਂ ਭੇਜੇ ਗਏ ਨਾਵਾਂ ਵਿੱਚੋਂ ਆਪਣੀ ਪਸੰਦ ਦੇ ਨਾਵਾਂ ਨੂੰ ਮਨਜ਼ੂਰੀ ਦੇਣਾ ਅਤੇ ਨਾਪਸੰਦ ਨਾਵਾਂ ਦੀਆਂ ਫ਼ਾਈਲਾਂ ਮਹੀਨਿਆਂ ਜਾਂ ਸਾਲਾਂ ਤੱਕ ਦਬਾ ਕੇ ਰੱਖਣਾ ਸਰਕਾਰ ਦੀ ਅਣ-ਐਲਾਨੀ ਨੀਤੀ ਬਣ ਗਈ। ਇਸ ਰਣਨੀਤੀ ਨੇ ਕਾਲਜੀਅਮ ਨੂੰ ਕਾਫ਼ੀ ਹੱਦ ਤੱਕ ਲਾਚਾਰ ਕਰ ਦਿੱਤਾ। ਸਿੱਟਾ ਇਹ ਨਿਕਲਿਆ ਕਿ ਸਰਕਾਰ ਨੇ ਪਰਦੇ ਪਿੱਛੇ ਰਹਿ ਕੇ ਨਿਯੁਕਤੀਆਂ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲਈ।ਦੂਜੇ ਪਾਸੇ, ਸਵਾਲ ਸਿਰਫ਼ ਸਰਕਾਰ 'ਤੇ ਹੀ ਨਹੀਂ ਬਲਕਿ ਖ਼ੁਦ ਕਾਲਜੀਅਮ ਪ੍ਰਣਾਲੀ 'ਤੇ ਵੀ ਉੱਠ ਰਹੇ ਹਨ। ਜਸਟਿਸ ਚੰਦਰੂ ਨੇ ਬੜੀ ਬੇਬਾਕੀ ਨਾਲ ਕਿਹਾ ਕਿ ਕਾਲਜੀਅਮ ਦੇਸ਼ ਦਾ ਸਭ ਤੋਂ ਵੱਡਾ ਗੁਪਤ ਰਾਜ਼ ਹੈ। ਬੰਦ ਕਮਰਿਆਂ ਵਿੱਚ ਚਾਰ ਜਾਂ ਪੰਜ ਸੀਨੀਅਰ ਜੱਜ ਬੈਠ ਕੇ ਕਿਸ ਆਧਾਰ 'ਤੇ ਨਾਵਾਂ ਦੀ ਸਿਫ਼ਾਰਸ਼ ਕਰਦੇ ਹਨ, ਇਸ ਦਾ ਦੇਸ਼ ਦੇ ਨਾਗਰਿਕਾਂ ਨੂੰ ਕੋਈ ਇਲਮ ਨਹੀਂ ਹੁੰਦਾ। ਭਾਰਤੀ ਸੰਵਿਧਾਨ ਵਿੱਚ ਵੀ ਕਾਲਜੀਅਮ ਵਰਗੀ ਕਿਸੇ ਪ੍ਰਣਾਲੀ ਦਾ ਕੋਈ ਜ਼ਿਕਰ ਨਹੀਂ ਹੈ। ਦੁਨੀਆ ਦੇ ਕਿਸੇ ਵੀ ਪ੍ਰਮੁੱਖ ਲੋਕਤੰਤਰ ਵਿੱਚ ਜੱਜ ਖ਼ੁਦ ਹੀ ਆਪਣੇ ਸਾਥੀ ਜੱਜਾਂ ਦੀ ਚੋਣ ਨਹੀਂ ਕਰਦੇ। ਪਾਰਦਰਸ਼ਤਾ ਦੀ ਘਾਟ ਕਾਰਨ ਕਾਲਜੀਅਮ ਪ੍ਰਣਾਲੀ ਲਗਾਤਾਰ ਆਲੋਚਨਾ ਦੇ ਘੇਰੇ ਵਿੱਚ ਰਹੀ ਹੈ।ਇਸ ਬਹਿਸ ਵਿੱਚ ਪ੍ਰਤੀਨਿਧਤਾ ਅਤੇ ਸਮਾਜਿਕ ਵਿਭਿੰਨਤਾ ਦਾ ਪੱਖ ਵੀ ਬਹੁਤ ਅਹਿਮ ਹੈ। ਜਸਟਿਸ ਐੱਸ. ਮੁਰਲੀਧਰ ਨੇ ਨਿਆਂਪਾਲਿਕਾ ਵਿੱਚ ਔਰਤਾਂ ਦੀ ਬਹੁਤ ਘੱਟ ਗਿਣਤੀ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਯਾਦ ਦਿਵਾਇਆ ਕਿ ਸਾਬਕਾ ਮੁੱਖ ਜੱਜ ਡੀ.ਵਾਈ. ਚੰਦਰਚੂੜ ਦੇ ਦੋ ਸਾਲਾਂ ਦੇ ਲੰਮੇ ਕਾਰਜਕਾਲ ਦੌਰਾਨ ਸੁਪਰੀਮ ਕੋਰਟ ਲਈ ਇੱਕ ਵੀ ਮਹਿਲਾ ਜੱਜ ਦੀ ਤਰੱਕੀ ਨਹੀਂ ਹੋਈ।

(ਬਾਕੀ ਸਫ਼ਾ 27 'ਤੇ)

# ਅੱਤਵਾਦ ਵਿਰੋਧ ਦਾ ਬਹਾਨਾ, ਨਿਸ਼ਾਨੇ 'ਤੇ ਭਾਰਤ!

### ਚੀਨ-ਪਾਕਿ ਦੀਆਂ ਵਧਦੀਆਂ ਫ਼ੌਜੀ ਸਰਗਰਮੀਆਂ ਨੇ ਵਧਾਈ ਹਲਚਲ

ਚੀਨ ਅਤੇ ਪਾਕਿਸਤਾਨ ਵਿਚਾਲੇ ਲਗਾਤਾਰ ਵਧ ਰਿਹਾ ਫ਼ੌਜੀ ਤਾਲਮੇਲ ਦੱਖਣੀ ਏਸ਼ੀਆ ਦੇ ਸ਼ਾਂਤੀ ਸੰਤੁਲਨ ਨੂੰ ਪ੍ਰਭਾਵਿਤ ਕਰ ਰਿਹਾ ਹੈ। ਹਾਲ ਹੀ ਵਿੱਚ ਚੀਨ ਦੇ ਸ਼ਿਨਜਿਆਂਗ ਸੂਬੇ ਵਿੱਚ ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਨੇ ਸਾਂਝਾ ਫ਼ੌਜੀ ਅਭਿਆਸ ਕਰਨ ਦਾ ਐਲਾਨ ਕੀਤਾ ਹੈ। ਇਸ ਅਭਿਆਸ ਵਿੱਚ ਦੋਹਾਂ ਦੇਸ਼ਾਂ ਦੇ ਕਮਾਂਡੋ ਹਿੱਸਾ ਲੈ ਰਹੇ ਹਨ। ਭਾਵੇਂ ਇਸ ਨੂੰ ਅੱਤਵਾਦ ਵਿਰੋਧੀ ਕਾਰਵਾਈ ਦਾ ਨਾਂਅ ਦਿੱਤਾ ਗਿਆ ਹੈ, ਪਰ ਭਾਰਤ ਦੇ ਨਜ਼ਰੀਏ ਤੋਂ ਇਹ ਸਿਰਫ਼ ਇੱਕ ਰਸਮੀ ਅਭਿਆਸ ਨਹੀਂ ਹੈ। ਇਹ ਕਦਮ ਭਾਰਤ ਦੀ ਸਰਹੱਦੀ ਸੁਰੱਖਿਆ, ਖੇਤਰੀ ਰਣਨੀਤੀ ਅਤੇ ਕੂਟਨੀਤੀ ਲਈ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਭਾਰਤੀ ਰੱਖਿਆ ਮਾਹਿਰ ਲੰਮੇ ਸਮੇਂ ਤੋਂ 'ਟੂ-ਫਰੰਟ ਵਾਰ' ਯਾਨੀ ਦੋ-ਮੋਰਚਾ ਜੰਗ ਦੀ ਚਰਚਾ ਕਰਦੇ ਰਹੇ ਹਨ। ਜਦੋਂ ਚੀਨ ਅਤੇ ਪਾਕਿਸਤਾਨ ਦੀਆਂ ਫ਼ੌਜਾਂ ਮਿਲ ਕੇ ਅਭਿਆਸ ਕਰਦੀਆਂ ਹਨ, ਤਾਂ ਉਨ੍ਹਾਂ ਦਾ ਆਪਸੀ ਤਾਲਮੇਲ ਮਜ਼ਬੂਤ ਹੁੰਦਾ ਹੈ। ਉਹ ਇੱਕ-ਦੂਜੇ ਦੇ ਹਥਿਆਰਾਂ, ਸੰਚਾਰ ਪ੍ਰਣਾਲੀਆਂ ਅਤੇ ਲੜਾਕੂ ਤਰੀਕਿਆਂ ਨੂੰ ਸਮਝਦੀਆਂ ਹਨ। ਜੇਕਰ ਭਵਿੱਖ ਵਿੱਚ ਕਿਸੇ ਇੱਕ ਦੇਸ਼ ਨਾਲ ਤਣਾਅ ਵਧਦਾ ਹੈ, ਤਾਂ ਦੂਜਾ ਦੇਸ਼ ਆਪਣੇ-ਆਪ ਦੂਜੇ ਪਾਸਿਓਂ ਦਬਾਅ ਬਣਾ ਸਕਦਾ ਹੈ। ਭਾਰਤੀ ਫ਼ੌਜ ਲਈ ਪੂਰਬੀ ਅਤੇ ਪੱਛਮੀ ਸਰਹੱਦਾਂ 'ਤੇ ਇੱਕੋ ਸਮੇਂ ਪੂਰੀ ਤਰ੍ਹਾਂ ਚੌਕਸ ਰਹਿਣਾ ਇੱਕ ਵੱਡੀ ਚੁਣੌਤੀ ਬਣ ਜਾਂਦਾ ਹੈ।

ਇਹ ਤਾਜ਼ਾ ਅਭਿਆਸ ਸ਼ਿਨਜਿਆਂਗ ਦੇ ਕੋਰਲਾ ਖੇਤਰ ਵਿੱਚ ਰੱਖਿਆ ਗਿਆ ਹੈ। ਇਹ ਖੇਤਰ ਭਾਰਤ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਦੇ ਬਹੁਤ ਨੇੜੇ ਪੈਂਦਾ ਹੈ। ਇਸ ਤੋਂ ਇਲਾਵਾ ਇਹ ਇਲਾਕਾ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨਾਲ ਵੀ ਜੁੜਿਆ ਹੋਇਆ ਹੈ। ਭਾਰਤ ਦੀ ਸਰਹੱਦ ਦੇ ਬਿਲਕੁਲ ਕੋਲ ਅਜਿਹੇ ਅਭਿਆਸ ਕਰਨੇ ਸਿੱਧੇ ਤੌਰ 'ਤੇ ਰਣਨੀਤਕ ਦਬਾਅ ਬਣਾਉਣ ਦੀ ਕੋਸ਼ਿਸ਼ ਹਨ। ਇਸ ਖੇਤਰ ਵਿੱਚ ਚੀਨ-ਪਾਕਿਸਤਾਨ ਆਰਥਿਕ ਗਲਿਆਰਾ ਵੀ ਲੰਘਦਾ ਹੈ। ਇਸ ਪ੍ਰਾਜੈਕਟ ਦੀ ਸੁਰੱਖਿਆ ਦੇ ਬਹਾਨੇ ਚੀਨੀ ਫ਼ੌਜ ਦੀ ਹਲਚਲ ਇਸ ਖੇਤਰ ਵਿੱਚ ਲਗਾਤਾਰ ਵਧੀ ਹੈ, ਜੋ ਭਾਰਤ ਲਈ ਚਿੰਤਾ ਦਾ ਵੱਡਾ ਕਾਰਨ ਹੈ।

ਪਹਿਲਾਂ ਚੀਨ ਅਤੇ ਪਾਕਿਸਤਾਨ ਸਿਰਫ਼ ਹਵਾਈ ਸੈਨਾ ਜਾਂ ਜਲ ਸੈਨਾ ਪੱਧਰ 'ਤੇ ਸੀਮਤ ਅਭਿਆਸ ਕਰਦੇ ਸਨ। ਹਵਾਈ ਸੈਨਾ ਦਾ 'ਸ਼ਾਹੀਨ' ਅਤੇ ਜਲ ਸੈਨਾ ਦਾ 'ਸੀ ਗਾਰਡੀਅਨਜ਼' ਅਭਿਆਸ ਇਸ ਦੀਆਂ ਉਦਾਹਰਣਾਂ ਹਨ। ਪਰ ਹੁਣ ਜ਼ਮੀਨੀ ਫ਼ੌਜਾਂ ਦੇ ਵਿਸ਼ੇਸ਼ ਕਮਾਂਡੋ ਦਸਤੇ ਵੀ ਇਕੱਠੇ ਮੈਦਾਨ ਵਿੱਚ ਉਤਰ ਰਹੇ ਹਨ। ਇਸ ਨਾਲ ਦੋਹਾਂ ਦੇਸ਼ਾਂ ਦਾ ਫ਼ੌਜੀ ਗੱਠਜੋੜ ਹੁਣ ਰਸਮੀ ਦੋਸਤੀ ਤੋਂ ਅੱਗੇ ਵਧ ਕੇ ਅਮਲੀ ਜੰਗੀ ਤਿਆਰੀ ਦਾ ਰੂਪ ਧਾਰਨ ਕਰ ਰਿਹਾ ਹੈ। ਚੀਨ ਵੱਲੋਂ ਪਾਕਿਸਤਾਨ ਨੂੰ ਲੜਾਕੂ ਜਹਾਜ਼, ਪਣਡੁੱਬੀਆਂ, ਡਰੋਨ ਅਤੇ ਰਾਡਾਰ ਪ੍ਰਣਾਲੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਨਾਲ ਪਾਕਿਸਤਾਨ ਦੀ ਰੱਖਿਆ ਸਮਰੱਥਾ ਆਧੁਨਿਕ ਹੋ ਰਹੀ ਹੈ ਅਤੇ ਇਸ ਨਾਲ ਭਾਰਤ ਲਈ ਖਤਰਾ ਸਿਧ ਹੋ ਰਿਹਾ ਹੈ। ਭਾਰਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਅਭਿਆਸ ਨੂੰ 'ਅੱਤਵਾਦ ਵਿਰੋਧੀ' ਦੱਸਣਾ ਆਪਣੇ ਆਪ ਵਿੱਚ ਵਿਰੋਧਾਭਾਸੀ ਜਾਪਦਾ ਹੈ। ਚੀਨ ਸੰਯੁਕਤ ਰਾਸ਼ਟਰ ਵਿੱਚ ਕਈ ਵਾਰ ਪਾਕਿਸਤਾਨ ਸਥਿਤ ਅੱਤਵਾਦੀਆਂ ਨੂੰ ਕੌਮਾਂਤਰੀ ਅੱਤਵਾਦੀ ਐਲਾਨਣ ਦੇ ਰਾਹ ਵਿੱਚ ਅੜਿੱਕਾ ਡਾਹੁੰਦਾ ਰਿਹਾ ਹੈ। ਦੂਜੇ ਪਾਸੇ ਪਾਕਿਸਤਾਨ ਭਾਰਤ ਖ਼ਿਲਾਫ਼ ਸਰਹੱਦ ਪਾਰ ਅੱਤਵਾਦ ਨੂੰ ਉਤਸ਼ਾਹਿਤ ਕਰਦਾ ਆਇਆ ਹੈ। ਇਸ ਲਈ ਦੋਹਾਂ ਦੇਸ਼ਾਂ ਵੱਲੋਂ ਅੱਤਵਾਦ ਵਿਰੁੱਧ ਸਾਂਝੇ ਯਤਨਾਂ ਦੀ ਗੱਲ ਕਰਨਾ ਸਿਰਫ਼ ਇੱਕ ਕੂਟਨੀਤਕ ਪਰਦਾ ਜਾਪਦਾ ਹੈ। ਇਸ ਦਾ ਅਸਲ ਮਕਸਦ ਖੇਤਰ ਵਿੱਚ ਆਪਣੀ ਫ਼ੌਜੀ ਪਕੜ ਮਜ਼ਬੂਤ ਕਰਨਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਨੌਜਵਾਨਾਂ ਦਾ ਅੰਦੋਲਨ

ਉੱਭਰਦੇ ਹੋਏ ਲੋਕਤੰਤਰਾਂ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਵਾਲੇ ਦੇਸ਼ ਭਾਰਤ ਦਾ ਨੌਜਵਾਨ ਵਰਗ ਇੱਕ ਵਾਰ ਫੇਰ ਅੰਦੋਲਨ ਦੇ ਰਾਹ ਪੈ ਗਿਆ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਦੇ ਨਾਲ-ਨਾਲ ਪੇਪਰ ਲੀਕ, ਐੱਸ.ਆਈ.ਆਰ. ਅਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ਤੋਂ ਦੁਖੀ ਨੌਜਵਾਨ ਸੜਕਾਂ ’ਤੇ ਆ ਰਹੇ ਹਨ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਹਿੱਸਿਆਂ ਵਿੱਚ ਸਰਕਾਰ ਖ਼ਿਲਾਫ਼ ਨੌਜਵਾਨ ਸੜਕਾਂ ’ਤੇ ਉੱਤਰ ਕੇ ਲਾਠੀਆਂ ਖਾ ਰਹੇ ਹਨ। ਮੁੱਖ ਚੋਣ ਕਮਿਸ਼ਨਰ ’ਤੇ ਸ਼ੱਕੀ ਸਪੈਸ਼ਲ ਇੰਟੈਂਸਿਵ ਰਿਵਿਊ (ਐਸ.ਆਈ.ਆਰ.) ਪ੍ਰਕਿਰਿਆ ਰਾਹੀਂ 30 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 134 ਮਿਲੀਅਨ ਵੋਟਰਾਂ ਨੂੰ ਵੋਟ ਪਾਉਣ ਤੋਂ ਵਾਂਝਾ ਕਰਨ ਦਾ ਦੋਸ਼ ਹੈ।

ਨੌਜਵਾਨਾਂ ਦੇ ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ‘ਕਾਕਰੋਚ ਜਨਤਾ ਪਾਰਟੀ’ ਦੇ ਆਗੂ ਅਭਿਜੀਤ ਦੀਪਕੇ, ਸੌਰਵ ਦਾਸ ਅਤੇ ਆਸ਼ੂਤੋਸ਼ ਰਾਂਕਾ ਕਰ ਰਹੇ ਹਨ। ਦੂਜੇ ਪਾਸੇ ਕਾਂਗਰਸ, ਆਮ ਆਦਮੀ ਪਾਰਟੀ, ਤ੍ਰਿਣਮੂਲ ਕਾਂਗਰਸ, ਖੱਬੇ ਪੱਖੀ ਪਾਰਟੀਆਂ ਵੱਖ- ਵੱਖ ਵਿਦਿਆਰਥੀ ਜਥੇਬੰਦੀਆਂ, ਸਿਵਲ ਸੁਸਾਇਟੀ, ਵਕੀਲ ਭਾਈਚਾਰਾ ਅਤੇ ਹੋਰ ਇਨਸਾਫ ਪਸੰਦ ਲੋਕਾਂ ਸਮੇਤ ਅਨੇਕਾਂ ਸਿਆਸੀ ਪਾਰਟੀਆਂ ਨੇ ਵੀ ਨੌਜਵਾਨਾਂ ਦੇ ਇਸ ਅੰਦੋਲਨ ਨੂੰ ਆਪਣੀ ਹਮਾਇਤ ਦਿੱਤੀ ਹੈ ਅਤੇ ਇਹਨਾਂ ਪਾਰਟੀਆਂ ਦੇ ਸੀਨੀਅਰ ਆਗੂਆਂ ਨੇ ਨਵੀਂ ਦਿੱਲੀ ’ਚ ਚੱਲ ਰਹੇ ਨੌਜਵਾਨਾਂ ਦੇ ਅੰਦੋਲਨ ਵਿੱਚ ਖੁੱਲ੍ਹ ਕੇ ਹਿੱਸਾ ਵੀ ਲਿਆ ਹੈ। ਇਹ ਠੀਕ ਹੈ ਕਿ ਅੰਦੋਲਨ ਦੀ ਅਗਵਾਈ ਦਾ ਦਾਅਵਾ ਕਰ ਰਹੇ ਅਭਿਜੀਤ ਦੀਪਕੇ ਅਤੇ ਉਹਨਾਂ ਦੀ ਚਾਰ ਮੈਂਬਰੀ ਟੀਮ ਕੋਲ ਜ਼ਮੀਨੀ ਪੱਧਰ ’ਤੇ ਲੋਕਾਂ ਨੂੰ ਲਾਮਬੰਦ (ਮੋਬਿਲਾਈਜ਼) ਕਰਨ ਲਈ ਨਾ ਤਾਂ ਕੋਈ ਮਜ਼ਬੂਤ ਸੰਗਠਨਾਤਮਕ ਢਾਂਚਾ ਹੈ ਅਤੇ ਨਾ ਹੀ ਵੱਡੀ ਸਮਰੱਥਾ। ਇਸ ਦੇ ਬਾਵਜੂਦ ਦੇਸ਼ ਦੇ ਵੱਖ- ਵੱਖ ਇਲਾਕਿਆਂ ਤੋਂ ਵੱਡੀ ਗਿਣਤੀ ਨੌਜਵਾਨ ਸਿਰਫ਼ ਸੋਸ਼ਲ ਮੀਡੀਆ ਦੇ ਸੱਦੇ ’ਤੇ ਹੀ ਨਵੀਂ ਦਿੱਲੀ ਪਹੁੰਚ ਕੇ ਅੰਦੋਲਨ ਦਾ ਹਿੱਸਾ ਬਣ ਰਹੇ ਹਨ। ਕਿਸੇ ਗ਼ੈਰ-ਸਿੱਧੇ ਮੁੱਦੇ ’ਤੇ ਆਮ ਲੋਕਾਂ ਦੀ ਭੀੜ ਇਕੱਠੀ ਕਰਨਾ ਇੱਕ ਔਖਾ ਕੰਮ ਹੁੰਦਾ ਹੈ, ਜਿਸ ਲਈ ਵੱਡੇ ਕੇਡਰ ਅਤੇ ਸਾਧਨਾਂ ਦੀ ਲੋੜ ਪੈਂਦੀ ਹੈ। ਦਿੱਲੀ ਵਿੱਚ ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਕੋਲ ਇੱਕ ਸੰਗਠਿਤ ਕੇਡਰ ਮੌਜੂਦ ਹੈ, ਜੋ ਭੀੜ ਲਾਮਬੰਦ ਕਰਨ ਵਿੱਚ ਮੁੱਖ ਭੂਮਿਕਾ ਨਿਭਾ ਰਿਹਾ ਹੈ।

ਭਾਰਤ ਦਾ ਇਤਿਹਾਸ ਗਵਾਹ ਹੈ ਕਿ ਭਾਰਤ ਦੇ ਨੌਜਵਾਨ ਬੀਤੇ ਸਮੇਂ ਦੌਰਾਨ ਵੱਡੇ ਅੰਦੋਲਨ ਕਰ ਚੁੱਕੇ ਹਨ। ਭਾਰਤ ਦੀ ਆਜ਼ਾਦੀ ਲਈ ਚੱਲਿਆ ‘ਆਜ਼ਾਦੀ ਅੰਦੋਲਨ’ ਇਸ ਗੱਲ ਦਾ ਮੁੱਖ ਗਵਾਹ ਹੈ। ਇਸ ਆਜ਼ਾਦੀ ਅੰਦੋਲਨ ਵਿੱਚ ਉਸ ਸਮੇਂ ਦੇਸ਼ ਦੇ ਵੱਡੀ ਗਿਣਤੀ ਨੌਜਵਾਨਾਂ ਨੇ ਆਪਣੇ ਤਨ, ਮਨ ਅਤੇ ਧਨ ਨਾਲ ਵੱਡਾ ਯੋਗਦਾਨ ਪਾਇਆ। ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਚੰਦਰ ਸ਼ੇਖਰ ਆਜ਼ਾਦ ਅਤੇ ਹੋਰ ਅਨੇਕਾਂ ਦੇਸ਼ ਭਗਤਾਂ ਨੇ ਭਰ ਜਵਾਨੀ ਵਿੱਚ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜ਼ਿੰਦਗੀਆਂ ਕੁਰਬਾਨ ਕਰ ਦਿੱਤੀਆਂ। ਇਹਨਾਂ ਨੌਜਵਾਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਾਰਨ ਹੀ ਭਾਰਤ ਵਾਸੀ ਅੱਜ ਆਜ਼ਾਦੀ ਦਾ ਆਨੰਦ ਉਠਾ ਰਹੇ ਹਨ। ਕੁਝ ਸਮਾਂ ਪਹਿਲਾਂ ਦਿੱਲੀ ਦੀਆਂ ਬਰੂੰਹਾਂ ’ਤੇ ਚੱਲੇ ਕਿਸਾਨ ਅੰਦੋਲਨ ਵਿੱਚ ਵੀ ਨੌਜਵਾਨਾਂ ਨੇ ਵੱਡਾ ਯੋਗਦਾਨ ਪਾਇਆ ਸੀ। ਕਿਸਾਨ ਅੰਦੋਲਨ ਵੀ ਨੌਜਵਾਨਾਂ ਦੇ ਜੋਸ਼ ਅਤੇ ਜਜ਼ਬੇ ਕਾਰਨ ਸਫ਼ਲ ਹੋ ਗਿਆ ਸੀ ਅਤੇ ਕਿਸਾਨ ਜੇਤੂ ਹੋ ਕੇ ਆਪਣੇ ਘਰਾਂ ਨੂੰ ਪਰਤੇ ਸਨ। ਕੁਝ ਸਮਾਂ ਪਹਿਲਾਂ ਹੀ ਕਾਕਰੋਚ ਜਨਤਾ ਪਾਰਟੀ ਵੱਲੋਂ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਮੁੱਖ ਰੱਖਦਿਆਂ ਅੰਦੋਲਨ ਸ਼ੁਰੂ ਕੀਤਾ ਸੀ, ਜੋ ਕਿ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਤੋਂ ਬਾਅਦ ਸਮਾਪਤ ਹੋ ਗਿਆ ਸੀ। ਹੁਣ ਨੌਜਵਾਨਾਂ ਵੱਲੋਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵਿਰੁੱਧ ਵੱਡਾ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਉਸ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਹੈ।

ਨੌਜਵਾਨਾਂ ਨੂੰ ਭਾਰਤ ਦੀ ਪੂਰੀ ਵਿਵਸਥਾ (ਸਿਸਟਮ) ਹੀ ਬਦਲਣ ਦੇ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਇਸ ਸਮੇਂ ਭਾਰਤ ਵਿੱਚ ਲੋਕ-ਤੰਤਰ ਨੂੰ ਜਿਉਂਦਾ ਰੱਖਣ ਲਈ ਪੂਰੀ ਵਿਵਸਥਾ ਨੂੰ ਬਦਲਣਾ ਜ਼ਰੂਰੀ ਹੈ। ਜਿੰਨੀ ਦੇਰ ਤੱਕ ਪੂਰੇ ਸਿਸਟਮ ਨੂੰ ਹੀ ਨਹੀਂ ਬਦਲਿਆ ਜਾਂਦਾ, ਓਨੀ ਦੇਰ ਤੱਕ ਸੱਤਾਧਾਰੀ ਪਾਰਟੀ ਆਪਣੀ ਮਨਮਰਜ਼ੀ ਕਰਦੀ ਰਹੇਗੀ ਅਤੇ ਨੌਜਵਾਨ ਜਿੱਤ ਕੇ ਵੀ ਇੱਕ ਤਰ੍ਹਾਂ ਹਾਰ ਜਾਣਗੇ। ਇਸ ਸਮੇਂ ਵੱਡਾ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਸਿਰਫ਼ ਸੱਤਾ ਬਦਲਣ ਨਾਲ ਆਮ ਲੋਕਾਂ ਦੀ ਜ਼ਿੰਦਗੀ ਬਦਲ ਜਾਂਦੀ ਹੈ? ਕੀ ਸਰਕਾਰ ਬਦਲਣ ਨਾਲ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਸਮਾਜਿਕ ਵਿਤਕਰਾ ਅਤੇ ਪ੍ਰਸ਼ਾਸਨਿਕ ਅਸੰਵੇਦਨਸ਼ੀਲਤਾ ਵਰਗੀਆਂ ਸਮੱਸਿਆਵਾਂ ਵੀ ਖਤਮ ਹੋ ਜਾਂਦੀਆਂ ਹਨ? ਜੇ ਨਹੀਂ, ਤਾਂ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਸਿਸਟਮ ਵਿੱਚ ਤਬਦੀਲੀ ਸੱਤਾ ਵਿੱਚ ਤਬਦੀਲੀ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਸੱਤਾ ਵਿੱਚ ਤਬਦੀਲੀ ਦਾ ਅਰਥ ਹੈ ਸੱਤਾ ਵਿੱਚ ਵਿਅਕਤੀਆਂ ਜਾਂ ਰਾਜਨੀਤਿਕ ਪਾਰਟੀਆਂ ਵਿੱਚ ਤਬਦੀਲੀ। ਇਸਦੇ ਉਲਟ, ਸਿਸਟਮ ਵਿੱਚ ਤਬਦੀਲੀ ਦਾ ਅਰਥ ਹੈ ਨੀਤੀਆਂ, ਸੰਸਥਾਵਾਂ, ਪ੍ਰਕਿਰਿਆਵਾਂ ਅਤੇ ਸਮਾਜਿਕ ਸਬੰਧਾਂ ਵਿੱਚ ਤਬਦੀਲੀ ਜੋ ਇਹ ਨਿਰਧਾਰਤ ਕਰਦੇ ਹਨ ਕਿ ਦੇਸ਼ ਦੇ ਸਰੋਤਾਂ ’ਤੇ ਕਿਸਦਾ ਕੰਟਰੋਲ ਹੋਵੇਗਾ? ਵਿਕਾਸ ਤੋਂ ਕਿਸ ਨੂੰ ਲਾਭ ਹੋਵੇਗਾ? ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਆਮ ਨਾਗਰਿਕ ਦੀ ਕਿੰਨੀ ਹਿੱਸੇਦਾਰੀ ਹੋਵੇਗੀ? ਹੁਣ ਇੱਕ ਨਵੇਂ ਸਮਾਜ ਦੇ ਰੂਪ ਵਿੱਚ ਦੇਸ਼ ਦੀ ਲੋਕਤੰਤਰੀ ਭਾਵਨਾ ਨੂੰ ਦ੍ਰਿੜਤਾ, ਹਿੰਮਤ ਅਤੇ ਆਤਮਵਿਸ਼ਵਾਸ ਨਾਲ ਪੂਰੀ ਤਰ੍ਹਾਂ ਸਾਕਾਰ ਕਰਨ ਦਾ ਸਮਾਂ ਆ ਗਿਆ ਹੈ।

# ਭਾਰਤ ’ਚ ਲੋਕਤੰਤਰ ਨੂੰ ਬਚਾਉਣ ਦੀ ਲੋੜ



ਡਾ. ਸੁਰਿੰਦਰ ਮੰਡ

ਕੌਕਰੋਚ ਜਨਤਾ ਪਾਰਟੀ, ਵਿਦਿਆਰਥੀ ਜਥੇਬੰਦੀਆਂ, ਸਿਵਲ ਸੁਸਾਇਟੀ, ਵਕੀਲਾਂ ਅਤੇ ਹੋਰ ਇਨਸਾਫ ਪਸੰਦ ਲੋਕਾਂ ਵੱਲੋਂ ਜੰਤਰ ਮੰਤਰ ਉੱਤੇ ਪੁਰਅਮਨ ਇਕੱਠ ਕਰਨ ਦੇ ਸੱਦੇ ਤੋਂ ਘਬਰਾ ਕੇ ਜਿਵੇਂ ਕੇਂਦਰ ਸਰਕਾਰ ਨੇ ਮੋਰਚਾਬੰਦੀ ਕਰਕੇ ਵਿਰੋਧ ਦੀ ਆਵਾਜ਼ ਨੂੰ ਕੁਚਲਣ ਦਾ ਯਤਨ ਕੀਤਾ ਹੈ, ਉਹ ਸਭ ਦੇ ਸਾਹਮਣੇ ਹੈ। ਸਭ ਪੇਸ਼ਬੰਦੀਆਂ ਦੇ ਬਾਵਜੂਦ 7000 ਗ੍ਰਿਫਤਾਰੀਆਂ ਫਿਰ ਤੁਰੰਤ ਰਿਹਾਈ, ਪ੍ਰਦਰਸ਼ਨ ਕੁਚਲਣ ਦੀਆਂ ਖ਼ੌਫ਼ਨਾਕ ਵੀਡੀਓਜ਼, ਵਿਸ਼ਵ ਪੱਧਰ ਉੱਤੇ ਹੋਈ ਆਲੋਚਨਾ, ਜ਼ੈੱਨ. ਜੀ ਦੇ ਬੁਲੰਦ ਹੌਸਲੇ, ਸੁਪਰੀਮ ਕੋਰਟ ਦੀ ਝਾੜ-ਝੰਬ ਆਦਿ ਸਾਬਤ ਕਰਦੀਆਂ ਕਿ ਰੋਸ ਪ੍ਰਦਰਸ਼ਨ ਸਫ਼ਲ ਰਿਹਾ। ‘ਮੁੱਖ ਚੋਣ ਕਮਿਸ਼ਨਰ’ ਗਿਆਨੇਸ਼ ਕੁਮਾਰ ਦੇ ਰਾਹੀਂ ਵਿਰੋਧੀ ਧਿਰਾਂ ਦੀਆਂ ਵੋਟਾਂ ਕੱਟ ਕੇ ਚੋਣ ਜਿੱਤਣ ਵਾਲੀ ਗੱਲ ਵਿਰੁੱਧ ਲੜਾਈ ਪ੍ਰਚੰਡ ਹੋਣ ਵੱਲ ਵਧ ਗਈ ਹੈ ਕਿਉਂਕਿ ਇੱਕ ਦਿਨ ਬਾਅਦ ਹੀ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਵੱਲੋਂ ‘ਸ਼ਿਵ ਜੀ ਦੀ ਬਾਰਾਤ’ ਵਰਗਾ ਸਾਂਝਾ ਨਾਮ ਦੇ ਕੇ ਸੁਪਰੀਮ ਕੋਰਟ ਤੱਕ ਕੀਤਾ ਭਰਵਾਂ ਜੋਸ਼ੀਲਾ ਸਫ਼ਲ ਮਾਰਚ ਅਤੇ ਵੋਟਾਂ ਕੱਟੇ ਜਾਣ ਵਿਰੁੱਧ ਦਾਇਰ ਪਟੀਸ਼ਨ ਤੋਂ ਜਾਪਦਾ ਹੈ ਕਿ ਐੱਸ. ਆਈ. ਆਰ ਅਤੇ ਈ. ਵੀ. ਐਮ ਵਿਰੁੱਧ ਸੰਘਰਸ਼ ਹੁਣ ਫੈਸਲਾਕੁਨ ਦੌਰ ਵਿੱਚ ਦਾਖ਼ਲ ਹੋ ਗਿਆ ਹੈ।

ਐੱਸ. ਆਈ. ਆਰ. ਦਾ ਸਮੁੱਚਾ ਮਸਲਾ ਬਹੁਤ ਗੰਭੀਰ ਹੈ। ਸੁਪਰੀਮ ਕੋਰਟ ਦੀ ਟਿੱਪਣੀ ਮਗਰੋਂ ਐੱਸ. ਆਈ. ਆਰ. ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਵਿਰੋਧੀ ਧਿਰਾਂ ਦੇ ਅੰਦੋਲਨ ਨੂੰ ਬਲ ਮਿਲਿਆ ਹੈ। ਸੁਪਰੀਮ ਕੋਰਟ ਨੇ ਆਖਿਆ ਹੈ ਕਿ ਉਸ ਨੇ ਵੋਟਾਂ ਬਣਾਉਣ ਵਾਲੇ ‘ਫਾਰਮ 6’ ਵਿੱਚ ਕੀਤੇ ਗ਼ੈਰ-ਕਾਨੂੰਨੀ ਬਦਲਾਅ ਦਾ ਪੱਖ ਨਹੀਂ ਸੀ ਲਿਆ ਜਦੋਂਕਿ ਚੋਣ ਕਮਿਸ਼ਨ ਨੇ ਆਪਣੇ 25 ਸਤੰਬਰ ਦੇ ਪ੍ਰੈੱਸ ਨੋਟ ਵਿੱਚ ਇਸ ਦਾ ਦਾਅਵਾ ਕੀਤਾ ਸੀ। ਦੋ ਚੋਣ ਕਮਿਸ਼ਨਰਾਂ ਦੇ ਇਸ ਨਾਲ ਅਸਹਿਮਤ ਹੋਣ ਦਾ ਪਹਿਲਾਂ ਹੀ ਖੁਲਾਸਾ ਹੋ ਗਿਆ ਸੀ। ਹੁਣ ਇਸ ਗ਼ੈਰ-ਕਾਨੂੰਨੀ ਬਦਲਾਅ ਬਾਰੇ ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨਰਾਂ ਅਤੇ ਹੋਰ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬਤਲਬੀ ਕੀਤੀ ਗਈ ਹੈ। ਇਹੀ ਬਦਲਾਅ ਕਰੋੜਾਂ ਵੋਟਾਂ ਬਣਨ ਤੋਂ ਰੋਕਣ ਅਤੇ ਕੱਟਣ ਦਾ ਆਧਾਰ ਬਣਿਆ ਸੀ। ਹੁਣ ਸਮੁੱਚੀ ਐੱਸ ਆਈ ਆਰ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਅੰਦੋਲਨ ਚੌਤਰਫ਼ਾ ਰੂਪ ਲੈ ਗਿਆ ਹੈ। ਇੱਕ ਪਾਸੇ 19 ਵਿਰੋਧੀ ਪਾਰਟੀਆਂ, ਕੌਕਰੌਚ ਜਨਤਾ ਪਾਰਟੀ, ਜੈੱਨ-ਜ਼ੀ, ਵਿਦਿਆਰਥੀ ਅਤੇ ਸਿਵਿਲ ਸੁਸਾਇਟੀ ਦੇ ਲੋਕਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ, ਐੱਸ ਆਈ ਆਰ ਰੱਦ ਕਰਨ ਅਤੇ ਬੈਲੇਟ ਪੇਪਰ ਰਾਹੀਂ ਚੋਣਾਂ ਕਰਵਾਉਣ ਲਈ ਦੇਸ਼-ਵਿਆਪੀ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਦੂਜੇ ਪਾਸੇ ਸੁਪਰੀਮ ਕੋਰਟ ਦੇ ਵਕੀਲਾਂ ਨੇ ਗਿਆਨੇਸ਼ ਕੁਮਾਰ ਖ਼ਿਲਾਫ਼ ਅਦਾਲਤ ਵਿੱਚ ਮੁਕੱਦਮਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਅੰਦੋਲਨ ਆਮ ਲੋਕਾਂ ਵਿੱਚ ਬਣ ਚੁੱਕੀ ਇਸ ਧਾਰਨਾ ਦਾ ਨਤੀਜਾ ਹੈ ਕਿ ਸਾਡੇ ਮੁਲਕ ਦਾ ਬਚਿਆ-ਖੁਚਿਆ ਲੋਕਤੰਤਰ ਵੀ ਖ਼ਤਰੇ ਵਿੱਚ ਹੈ। ਚੋਣਾਂ ਵਿੱਚ ਪੈਸੇ ਦਾ ਬੋਲਬਾਲਾ, ਧਰਮ-ਜਾਤ ਆਧਾਰਿਤ ਧੱਕੇਸ਼ਾਹੀ ਵਾਲੀ ਰਾਜਨੀਤੀ, ਲੀਡਰਾਂ ਦੀਆਂ ਦਲਬਦਲੀਆਂ ਦਾ ਵਰਤਾਰਾ, ਚੁਣੇ ਲੀਡਰ ਖਰੀਦੇ ਜਾਣਾ, ਵਿਰੋਧੀ ਪਾਰਟੀਆਂ ਵਿਰੁੱਧ ਸਰਕਾਰੀ ਏਜੰਸੀਆਂ ਦੀ ਕਥਿਤ ਨਾਜਾਇਜ਼ ਵਰਤੋਂ, ਝੂਠੇ ਕੇਸ ਪਾਉਣੇ, ਸਵਾਰਥੀ ਵਪਾਰੀ ਵਰਗ ਦਾ ਰਾਜਨੀਤੀ ਵਿੱਚ ਕੁੱਦ ਪੈਣਾ ਤੇ ਦਾਨੇ ਬੰਦਿਆਂ ਲਈ ਰਾਜਨੀਤੀ ਵਿੱਚ ਅਸਹਿਜ ਮਾਹੌਲ ਆਦਿ ਅਲਾਮਤਾਂ ਨੇ ਭਾਰਤੀ ਜਮਹੂਰੀਅਤ ਨੂੰ ਪਹਿਲਾਂ ਹੀ ਖ਼ਤਰੇ ਵਿੱਚ ਪਾਇਆ ਹੋਇਆ ਸੀ। ਉੱਪਰੋਂ ਆ ਗਈ ਬਟਨ ਨੱਪ ਕੇ ਵੋਟ ਪਾਉਣ ਵਾਲੀ ਈ ਵੀ ਐੱਮ। ਅਮਰੀਕਾ ਵਰਗੇ ਸਾਰੇ ਵਿਕਸਿਤ ਮੁਲਕ ਬੈਲੇਟ ਪੇਪਰ ਰਾਹੀਂ ਵੋਟਾਂ ਪੁਆਉਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮਸ਼ੀਨ ਰਾਹੀਂ ਹੇਰਾਫੇਰੀ ਹੋ ਸਕਦੀ ਹੈ। ਮਹਾਰਾਸ਼ਟਰ ਦੀਆਂ 2024 ਵਾਲੀਆਂ ਅਸੈਂਬਲੀ ਚੋਣਾਂ ਵਿੱਚ 5 ਵਜੇ ਤੱਕ 58.70 ਫ਼ੀਸਦੀ ਪੋਲਿੰਗ ਹੋਈ ਸੀ। ਅਗਲੇ ਦਿਨ ਖ਼ਬਰ ਆਈ ਕਿ ਕੁੱਲ 66.5 ਫ਼ੀਸਦੀ ਪੋਲਿੰਗ ਹੋਈ ਹੈ ਕਿਉਂਕਿ ਪੰਜ ਵਜੇ ਤੋਂ ਬਾਅਦ 7.83 ਫ਼ੀਸਦੀ (76 ਲੱਖ) ਹੋਰ ਪੋਲਿੰਗ ਹੋ ਗਈ ਸੀ। ਇਹ ਵੋਟਾਂ ਕਿਸ ਨੇ ਪਾਈਆਂ ਸਨ? ਵਿਰੋਧੀ ਪਾਰਟੀਆਂ ਦੀਆਂ ਇਸ ਬਾਰੇ ਕੀਤੀਆਂ ਸ਼ਿਕਾਇਤਾਂ ’ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਇੱਕ ਹੋਰ ਵਰਤਾਰਾ ਵਾਪਰਿਆ, ਜਿਸ ਦੀ ਇਸ ਵੇਲੇ ਸਭ ਤੋਂ ਵੱਧ ਚਰਚਾ ਹੈ। ਸਾਲ 2023 ਵਿੱਚ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਫ਼ੈਸਲਾ ਦਿੱਤਾ ਸੀ ਕਿ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਤਿੰਨ ਵਿਅਕਤੀ ਕਰਨਗੇ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦਾ ਨੇਤਾ ਅਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ਼ਾਮਿਲ ਹੋਣਗੇ। ਇਸੇ ਦੌਰਾਨ ਮੋਦੀ ਸਰਕਾਰ ਨੇ ਸੰਸਦ ਰਾਹੀਂ ਕਾਨੂੰਨ ਵਿੱਚ ਸੋਧ ਕਰ ਦਿੱਤੀ ਕਿ ਭਾਰਤ ਦੇ ਚੀਫ ਜਸਟਿਸ ਦੀ ਥਾਂ ਕੇਂਦਰੀ ਮੰਤਰੀ ਲਵੇਗਾ ਮਤਲਬ ਕਿ ਪ੍ਰਧਾਨ ਮੰਤਰੀ ਹੀ ਹੁਣ ਬਹੁ-ਸੰਮਤੀ ਨਾਲ ਆਪਣੀ ਮਰਜ਼ੀ ਦਾ ‘ਮੁੱਖ ਚੋਣ ਕਮਿਸ਼ਨਰ’ ਲਾਵੇਗਾ ਤੇ ਇੰਝ ਗਿਆਨੇਸ਼ ਕੁਮਾਰ ਦੀ ਨਿਯੁਕਤੀ ਹੋਈ। ਨਾਲ ਹੀ ਸੰਸਦ ਰਾਹੀਂ 2024 ਵਿੱਚ ਕਾਨੂੰਨ ਪਾਸ ਕਰ ਦਿੱਤਾ ਗਿਆ ਕਿ ਮੁੱਖ ਚੋਣ ਕਮਿਸ਼ਨਰ ਵਿਰੁੱਧ ਸੇਵਾਮੁਕਤੀ ਤੋਂ ਬਾਅਦ ਵੀ ਕੋਈ ਮੁਕੱਦਮਾ ਜਾਂ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ। ਹਾਲਾਂਕਿ ਇਹ ਸਹੂਲਤ ਤਾਂ ਰਾਸ਼ਟਰਪਤੀ ਅਤੇ ਗਵਰਨਰ ਨੂੰ ਵੀ ਨਹੀਂ ਦਿੱਤੀ ਗਈ। ਇਸ ਮਗਰੋਂ ਅਕਤੂਬਰ 2025 ਵਿੱਚ ਹਫ਼ੜਾ-ਦਫ਼ੜੀ ਵਾਲੇ ਮਾਹੌਲ ਵਿੱਚ ਸ਼ੁਰੂ ਕੀਤੀ ਗਈ ਐੱਸ ਆਈ ਆਰ ਦਾ ਮਕਸਦ ‘ਕਿਹੜਾ ਵੋਟਰ ਬਣਨ ਯੋਗ ਹੈ ਤੇ ਕਿਹੜਾ ਨਹੀਂ’ ਪ੍ਰਚਾਰਿਆ ਗਿਆ ਸੀ। ਇਹ ਵੀ ਸੁਣਨ ਨੂੰ ਮਿਲਿਆ ਸੀ ਕਿ ਦੇਸ਼ ’ਚੋਂ ਘੁਸਪੈਠੀਏ ਲੱਭ ਕੇ ਬਾਹਰ ਕੱਢਣੇ ਹਨ। ਹਾਲੇ 13 ਰਾਜਾਂ ਤੇ ਤਿੰਨ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਹੀ ਇਹ ਕੰਮ ਕੀਤਾ ਗਿਆ ਹੈ, ਜਿੱਥੇ 13.3 ਕਰੋੜ ਵੋਟਾਂ ਕੱਟ ਦਿੱਤੀਆਂ ਗਈਆਂ ਹਨ।

ਵਿਰੋਧੀ ਪਾਰਟੀਆਂ ਕਹਿੰਦੀਆਂ ਹਨ ਕਿ ਇਨ੍ਹਾਂ ਵਿੱਚ ਜ਼ਿਆਦਾਤਰ ਮੁਸਲਮਾਨ ਅਤੇ ਗ਼ੈਰ-ਭਾਜਪਾ ਵੋਟਰ ਹਨ। ਸਰਕਾਰ ਇਹ ਵੀ ਕਹਿੰਦੀ ਹੈ ਕਿ ਜਿਹੜੇ ਵੋਟਰ ਨਹੀਂ ਬਣਨਗੇ, ਉਹ ਕਿਸੇ ਸਰਕਾਰੀ ਸਹੂਲਤ ਦੇ ਹੱਕਦਾਰ ਵੀ ਨਹੀਂ ਹੋਣਗੇ। ਫਿਰ ਕੱਟੀਆਂ ਵੋਟਾਂ ਨਾਲ ਹੀ ਬਿਹਾਰ ਵਿੱਚ ਚੋਣਾਂ ਹੋ ਗਈਆਂ। ਬਿਹਾਰੀਆਂ ਦੀ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਵੀ ਗੱਲ ਨਹੀਂ ਸੁਣੀ। ਫਿਰ ਚੋਣਾਂ ਤੋਂ ਪਹਿਲਾਂ 90 ਲੱਖ ਤੋਂ ਵੱਧ ਬੰਗਾਲੀਆਂ ਦੀਆਂ ਵੋਟਾਂ ਕੱਟੀਆਂ ਗਈਆਂ। ਕੱਟੀਆਂ ਵੋਟਾਂ ਵਿੱਚੋਂ 27 ਲੱਖ ਬੰਗਾਲੀਆਂ ਨੇ ਮੁੜ ਅਰਜ਼ੀਆਂ ਦਿੱਤੀਆਂ, ਜਿਨ੍ਹਾਂ ਵਿੱਚੋਂ ਸਿਰਫ਼ ਇੱਕ ਲੱਖ ਦੀ ਹੀ ਪੜਤਾਲ ਹੋਈ ਤੇ 93 ਫ਼ੀਸਦੀ ਕੱਟੀਆਂ ਵੋਟਾਂ ਦਰੁਸਤ ਪਾਈਆਂ ਗਈਆਂ। ਬਾਕੀਆਂ ਬਾਰੇ ਸੁਪਰੀਮ ਕੋਰਟ ਨੇ ਆਖ ਦਿੱਤਾ ਕਿ ਚਲੋ ਕੋਈ ਗੱਲ ਨਹੀਂ ਤੁਸੀਂ ਅਗਲੀ ਵਾਰ ਵੋਟ ਪਾ ਲੈਣਾ। ਇਸ ਤਰ੍ਹਾਂ ਬੰਗਾਲ ਦੀ ਚੋਣ ਵੀ ਕਰਵਾ ਦਿੱਤੀ ਗਈ।

ਹੁਣ ਖੁਲਾਸਾ ਹੋਇਆ ਹੈ ਕਿ ਚੋਣ ਕਮਿਸ਼ਨ ਦੇ ਦਫ਼ਤਰ ਵਿੱਚ ਇੱਕ ਵੱਖਰਾ ਆਈ ਟੀ ਸੈੱਲ ਹੈ, ਜੋ ਸਭ ਕੁਝ ਮੈਨੇਜ ਕਰ ਰਿਹਾ ਹੈ। ਬੂਥ ਲੈਵਲ ਤੱਕ ਦਾ ਸਾਰਾ ਡੇਟਾ ਮੈਨੇਜ ਕਰਨ, ਵੋਟਾਂ ਕੱਟਣ, ਬਣਾਉਣ ਤੇ ਛਪਾਉਣ ਬਾਰੇ ਆਈ ਟੀ ਸੈੱਲ (ਦਿੱਲੀ) ਦਾ ਪੂਰੇ ਮੁਲਕ ਦੀਆਂ ਵੋਟਾਂ ਉੱਤੇ ਕੰਟਰੋਲ ਹੈ। ਇਹ ਸੈੱਲ ਅਤੇ ਗਿਆਨੇਸ਼ ਕੁਮਾਰ ਬਾਕੀ ਦੋ ਚੋਣ ਕਮਿਸ਼ਨਰਾਂ ਨੂੰ ਵੀ ਕੁਝ ਨਹੀਂ ਸਮਝਦੇ। ਦੋਵਾਂ ਚੋਣ ਕਮਿਸ਼ਨਰਾਂ ਨੇ 14 ਵਾਰ ਇਤਰਾਜ਼ ਨੋਟ ਕਰਵਾਏ ਅਤੇ ਕੈਬਨਿਟ ਸਕੱਤਰ ਤੱਕ ਸ਼ਿਕਾਇਤ ਵੀ ਕੀਤੀ, ਪਰ ਸੁਣਵਾਈ ਨਹੀਂ ਹੋਈ। ਇਹ ਖੁਲਾਸਾ ‘ਇੰਡੀਅਨ ਐਕਸਪ੍ਰੈੱਸ’ ਅਖ਼ਬਾਰ ਦੀ ਖ਼ਬਰ ਤੋਂ ਹੋਇਆ। ਇੰਝ ਆਮ ਜਨਤਾ ਵਿੱਚ ਇਹ ਮੁੱਦਾ ਭਖ਼ ਗਿਆ। ਸਾਰੀਆਂ ਵਿਰੋਧੀ ਧਿਰਾਂ ਆਵਾਜ਼ ਚੁੱਕ ਰਹੀਆਂ ਹਨ। ਦੋ ਅਕਤੂਬਰ ਤੋਂ ਦਿੱਲੀ ਜੰਤਰ ਮੰਤਰ ਅਤੇ ਦੇਸ਼-ਵਿਆਪੀ ਅੰਦੋਲਨ ਸ਼ੁਰੂ ਹੋ ਗਿਆ ਹੈ। ‘ਇੰਡੀਆ ਗੱਠਜੋੜ’ ਦੀਆਂ 19 ਪਾਰਟੀਆਂ, ਕੌਕਰੋਚ ਜਨਤਾ ਪਾਰਟੀ, ਜੈੱਨ-ਜ਼ੀ, ਸੁਪਰੀਮ ਕੋਰਟ ਦੇ ਵਕੀਲ, ਸਮਾਜ ਸੇਵੀ ਜਥੇਬੰਦੀਆਂ, ਸਿਵਿਲ ਸੁਸਾਇਟੀ ਦੇ ਲੋਕਾਂ ਨੇ ਇਸ ਨੂੰ ਜ਼ਿੰਦਗੀ ਤੇ ਮੌਤ ਦਾ ਸਵਾਲ ਬਣਾ ਲਿਆ ਜਾਪਦਾ ਹੈ। ਫਿਲਹਾਲ ਇਹ ਤਿੰਨ ਮੁੱਖ ਮੰਗਾਂ ਉਭਾਰੀਆਂ ਜਾ ਰਹੀਆਂ ਹਨ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਸਤੀਫ਼ਾ ਦੇਵੇ, ਐੱਸ ਆਈ ਆਰ ਰੱਦ ਕੀਤੀ ਜਾਵੇ ਅਤੇ ਭਵਿੱਖ ਵਿੱਚ ਵੋਟਾਂ ਈ ਵੀ ਐੱਮ ਦੀ ਥਾਂ ਬੈਲੇਟ ਪੇਪਰ ਰਾਹੀਂ ਕਰਵਾਈਆਂ ਜਾਣ। ਸਿਆਣੇ ਲੋਕਾਂ ਦਾ ਮੱਤ ਹੈ ਕਿ ਜੇ ਵਿਰੋਧੀ ਪਾਰਟੀਆਂ ਅਤੇ ਜਮਹੂਰੀਅਤਪਸੰਦ ਲੋਕਾਂ ਨੇ ਇਨ੍ਹਾਂ ਮੁੱਦਿਆਂ ਨੂੰ ਆਪਣੀ ਆਖ਼ਰੀ ਲੜਾਈ ਸਮਝ ਕੇ ਨਾ ਲੜਿਆ ਤਾਂ ਪਾਰਟੀਆਂ ਖ਼ੁਦ ਵੀ ਖ਼ਤਮ ਹੋ ਜਾਣਗੀਆਂ ਤੇ ਲੋਕਤੰਤਰ ਦੀ ਥਾਂ ਬਹੁਤ ਘਿਣਾਉਣਾ ਵਰਤਾਰਾ ਸ਼ੁਰੂ ਹੋ ਜਾਵੇਗਾ।

ਸੂਝਵਾਨ ਲੋਕਾਂ ਦੀ ਚਿੰਤਾ ਹੈ ਕਿ ਕੀ ਵਿਰੋਧੀ ਪਾਰਟੀਆਂ ਅੰਦੋਲਨ ਦੌਰਾਨ ਆਪਣਾ ਲੋਕ-ਪੱਖੀ ਏਜੰਡਾ ਬਣਾ ਕੇ ਦੇਸ਼ ਦੇ ਲੋਕਾਂ ਸਾਹਮਣੇ ਰੱਖਣਗੀਆਂ ਕਿ ਸਾਡੇ ਕੋਲ ਵਿਕਾਸ, ਬੇਰੁਜ਼ਗਾਰੀ, ਮਹਿੰਗਾਈ, ਵਾਤਾਵਰਨ, ਭਾਈਚਾਰਾ, ਕਿਸਾਨ ਮਜ਼ਦੂਰ ਨੌਜਵਾਨਾਂ ਤੇ ਔਰਤਾਂ ਦੀ ਭਲਾਈ ਦਾ ਇਹ ਬਦਲਵਾਂ ਪ੍ਰੋਗਰਾਮ ਹੈ? ਕੀ ਇਸ ਮੌਕੇ ਨੂੰ ਇਹ ਪੂਰੇ ਮੁਲਕ ਦੇ ਹਾਂ-ਪੱਖੀ ਬਦਲਾਅ ਦੀ ਲੜਾਈ ਵਿੱਚ ਬਦਲਣ ’ਚ ਸਫ਼ਲ ਹੋਣਗੀਆਂ? ਪੰਜਾਬ, ਬੰਗਾਲ, ਗੁਜਰਾਤ, ਹਰਿਆਣਾ, ਤਿਲੰਗਾਨਾ, ਉੜੀਸਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਗੋਆ ਵਿੱਚ ਵਿਰੋਧੀ ਪਾਰਟੀਆਂ ਦੇ ਆਪਸੀ ਮੱਤਭੇਦ ਵੀ ਹਨ। ਕੀ ਇਨ੍ਹਾਂ ਮੱਤਭੇਦਾਂ ਨੂੰ ਸਾਂਝੀ ਵੱਡੀ ਹੋਂਦ ਦੀ ਲੜਾਈ ਦੇ ਅਧੀਨ ਦੂਰ ਕਰ ਸਕਣਗੀਆਂ? ਆਪਣੇ ਸੁਭਾਵਿਕ ਵਿਰੋਧ ਅਤੇ ਮੇਲ ਦੇ ਕਿਨਾਰੇ ਪਛਾਣ ਸਕਣਗੀਆਂ? ਇਸ ਪੱਖੋਂ ਇਹ ਮੌਕਾ ਵਿਰੋਧੀ ਪਾਰਟੀਆਂ ਦੀ ਸਿਆਸੀ ਸਮਝ ਦਾ ਸਭ ਤੋਂ ਸਖ਼ਤ ਇਮਤਿਹਾਨ ਹੈ। ਕਾਂਗਰਸ ਨੂੰ ਲਚਕਦਾਰ ਹੋ ਕੇ ਉੜੀਸਾ, ਆਂਧਰਾ ਪ੍ਰਦੇਸ਼, ਤਿਲੰਗਾਨਾ, ਗੁਜਰਾਤ ਤੇ ਹਰਿਆਣਾ ਵਿੱਚ ਵਿਰੋਧੀ ਧਿਰ ਨੂੰ ਇਕਜੁੱਟ ਕਰਨਾ ਪਵੇਗਾ। ਵਿਰੋਧੀ ਧਿਰ ਦੇ ਲਾਮਬੰਦ ਹੋਣ ਦਾ ਮਕਸਦ ਏਨਾ ਹੀ ਨਹੀਂ ਹੁੰਦਾ ਕਿ ਇਕੱਠਿਆਂ ਹੋ ਕੇ ਸਰਕਾਰ ਦੀਆਂ ਸਿਰਫ਼ ਕਮਜ਼ੋਰੀਆਂ ਗਿਣਵਾਉਣੀਆਂ ਸਗੋਂ ਆਪਣਾ ਸਾਂਝਾ ਬਦਲਵਾਂ ਦੇਸ਼ ਦੇ ਸਰਬਪੱਖੀ ਵਿਕਾਸ ਦਾ ਬਿਹਤਰ ਪ੍ਰੋਗਰਾਮ ਵੀ ਬਣਾ ਕੇ ਦੱਸਣਾ ਹੁੰਦਾ ਹੈ, ਜਿਸ ਉੱਤੇ ਇਮਾਨਦਾਰੀ ਨਾਲ ਪਹਿਰਾ ਦੇਣਾ ਹੁੰਦਾ ਹੈ ਕਿਉਂਕਿ ਮੁਲਕ ਦੇ ਆਰਥਿਕ ਖੜੋਤ ਵਾਲੇ ਹਾਲਾਤ ਚਿੰਤਾਜਨਕ ਹਨ। ਅਮੀਰ ਹਾਕਮ ਜਮਾਤ ਦੇਸ਼ ਨੂੰ ਲੁੱਟ ਰਹੀ ਹੈ। ਨੌਜਵਾਨ ਬੇਆਸ ਹਨ। ਭਾਈਚਾਰਾ ਖ਼ਤਰੇ ਵਿੱਚ ਹੈ। ਇਸ ਅੰਦੋਲਨ ਵਿੱਚ ਇਸ ਖੜੋਤ ਨੂੰ ਤੋੜਨ ਦੀਆਂ ਸੰਭਾਵਨਾਵਾਂ ਹੋ ਸਕਦੀਆਂ ਕਿਉਂਕਿ ਇਸ ਵਿੱਚ ਸੰਗਠਿਤ ਤੇ ਸੁਚੇਤ ਨੌਜਵਾਨ ਵੀ ਮੋਹਰੀ ਭੂਮਿਕਾ ਵਿੱਚ ਹਨ।



# ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ 'ਚ

## ਕੀ ਦੁਹਰਾਇਆ ਜਾਵੇਗਾ 1977 ਵਾਲਾ ਇਤਿਹਾਸ ?



ਆਸ਼ੂਤੋਸ਼
ਸੀਨੀਅਰ ਪੱਤਰਕਾਰ

ਸੜਕਾਂ 'ਤੇ ਰੋਸ ਪ੍ਰਦਰਸ਼ਨ ਜਾਰੀ ਹਨ, ਜਿਸ ਕਾਰਨ ਪੁਲਿਸ ਅਤੇ ਪ੍ਰਸ਼ਾਸਨ ਲਈ ਸਥਿਤੀ ਚੁਣੌਤੀਪੂਰਨ ਬਣੀ ਹੋਈ ਹੈ। ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਨੂੰ ਲੈ ਕੇ ਚੱਲ ਰਹੇ ਸੰਘਰਸ਼ ਦੌਰਾਨ ਦੋਵਾਂ ਧਿਰਾਂ ਵਿਚਾਲੇ ਖਿੱਚੋਤਾਣ ਜਾਰੀ ਹੈ। ਕੋਈ ਵਿਚਕਾਰਲਾ ਰਸਤਾ ਨਾ ਨਿਕਲਣ ਕਾਰਨ ਸੁਲ੍ਹਾ ਦੀ ਸੰਭਾਵਨਾ ਬਹੁਤ ਘੱਟ ਦਿਖਾਈ ਦੇ ਰਹੀ ਹੈ। ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਮੁੱਖ ਚੋਣ ਕਮਿਸ਼ਨਰ ਨੂੰ ਅਹੁਦਾ ਛੱਡਣਾ ਪਵੇਗਾ ਜਾਂ ਫਿਰ ਸਰਕਾਰ ਨੂੰ ਦੇਸ਼ 'ਤੇ ਸਖ਼ਤ ਰੁਖ਼ ਅਪਣਾਉਣਾ ਪਵੇਗਾ। ਜੇਕਰ ਅਜਿਹਾ ਹੁੰਦਾ ਹੈ ਤਾਂ ਸੱਤਾਧਾਰੀ ਧਿਰ ਲਈ ਜਨਤਕ ਦਬਾਅ ਝੱਲਣਾ ਔਖਾ ਹੋ ਜਾਵੇਗਾ।

ਭਾਰਤ ਦੇ ਸਿਆਸੀ ਇਤਿਹਾਸ ਵਿੱਚ ਇਹ ਬੇਹੱਦ ਨਾਜ਼ੁਕ ਪਲ ਹਨ। ਇਹ ਸਪੱਸ਼ਟ ਹੈ ਕਿ ਇਹ ਸਮਾਂ ਸਰਕਾਰ ਅਤੇ ਚੋਣ ਕਮਿਸ਼ਨ ਦੋਹਾਂ ਲਈ ਹੀ ਗੰਭੀਰ ਪਰਖ ਦਾ ਹੈ। ਇਹ ਚਰਚਾ ਹੁਣ ਚਾਰੇ ਪਾਸੇ ਫੈਲ ਚੁੱਕੀ ਹੈ ਕਿ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਸ਼ੱਕ ਦੇ ਘੇਰੇ ਵਿੱਚ ਹੈ। ਹਾਲਾਂਕਿ, ਇਨ੍ਹਾਂ ਦੋਸ਼ਾਂ ਦੀ ਅਸਲ ਸੱਚਾਈ ਨਿਰਪੱਖ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕਦੀ ਹੈ।




ਭਾਰਤ ਦੇ ਚੋਣ ਇਤਿਹਾਸ ਵਿੱਚ ਬੈਲੇਟ ਪੇਪਰਾਂ ਦੀ ਖੋਹ-ਖਿੰਝ, ਹਿੰਸਾ ਅਤੇ ਕਮਜ਼ੋਰ ਵਰਗਾਂ ਨੂੰ ਵੋਟ ਪਾਉਣ ਤੋਂ ਰੋਕਣ ਵਰਗੀਆਂ ਘਟਨਾਵਾਂ ਪਹਿਲਾਂ ਵੀ ਦੇਖਣ ਨੂੰ ਮਿਲਦੀਆਂ ਰਹੀਆਂ ਹਨ। ਪਰ ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਜਦੋਂ ਪੂਰੀ ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ ਹੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਦੋਸ਼ ਲਗਾਏ ਜਾ ਰਹੇ ਹਨ ਕਿ ਵੱਖ-ਵੱਖ ਰਾਜਾਂ ਵਿੱਚ ਵੋਟਾਂ ਦੇ ਹਿਸਾਬ-ਕਿਤਾਬ ਵਿੱਚ ਪੱਖਪਾਤ ਕੀਤਾ ਗਿਆ ਹੈ। ਜੇਕਰ ਲੋਕਤੰਤਰ ਵਿੱਚ ਚੋਣਾਂ ਹੀ ਸ਼ੱਕੀ ਹੋ ਜਾਣ, ਤਾਂ ਲੋਕਤੰਤਰੀ ਢਾਂਚੇ ਦਾ ਮੂਲ ਅਧਾਰ ਕਮਜ਼ੋਰ ਪੈ ਜਾਂਦਾ ਹੈ। ਸੜਕਾਂ 'ਤੇ ਉੱਠ ਰਹੀਆਂ ਆਵਾਜ਼ਾਂ ਸੰਸਥਾਵਾਂ ਦੀ ਪਵਿੱਤਰਤਾ ਨੂੰ ਬਹਾਲ ਕਰਨ ਦੀ ਮੰਗ ਕਰ ਰਹੀਆਂ ਹਨ। ਲੋਕਾਂ ਦਾ ਮੰਨਣਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਵਿਰੋਧ ਦੀਆਂ ਆਵਾਜ਼ਾਂ ਨੂੰ ਦਬਾਉਣ ਅਤੇ ਮੀਡੀਆ ਦੀ ਆਜ਼ਾਦੀ ਨੂੰ ਸੀਮਤ ਕਰਨ ਦੇ ਯਤਨ ਵਧੇ ਹਨ।

ਨਿਆਂਪਾਲਿਕਾ ਦੇ ਅਕਸ ਨੂੰ ਲੈ ਕੇ ਵੀ ਗੰਭੀਰ ਚਿੰਤਾਵਾਂ ਪ੍ਰਗਟਾਈਆਂ ਗਈਆਂ ਹਨ। ਜਦੋਂ ਪ੍ਰਮੁੱਖ ਸੰਵਿਧਾਨਕ ਸੰਸਥਾਵਾਂ ਦੀ ਨਿਰਪੱਖਤਾ 'ਤੇ ਸਵਾਲ ਉੱਠਣ ਲੱਗਣ, ਤਾਂ ਪ੍ਰਸ਼ਾਸਕੀ ਸੰਤੁਲਨ ਵਿਗੜ ਜਾਂਦਾ ਹੈ।2014 ਤੋਂ ਪਹਿਲਾਂ ਕੈਗ (317) ਵਰਗੀਆਂ ਸੰਸਥਾਵਾਂ ਸਰਕਾਰਾਂ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਲਈ ਪੂਰੀ ਤਰ੍ਹਾਂ ਸੁਤੰਤਰ ਸਨ ਅਤੇ ਉਨ੍ਹਾਂ ਰਿਪੋਰਟਾਂ 'ਤੇ ਆਧਾਰਿਤ ਖ਼ਬਰਾਂ ਪ੍ਰਮੁੱਖਤਾ ਨਾਲ ਨਸ਼ਰ ਹੁੰਦੀਆਂ ਸਨ। ਪਰ ਅੱਜ ਵਿਰੋਧੀ ਧਿਰ ਵੱਲੋਂ ਲਗਾਏ ਜਾਂਦੇ ਦੋਸ਼ਾਂ ਨੂੰ ਸੱਤਾਧਾਰੀ ਧਿਰ ਵੱਲੋਂ ਸੰਸਥਾਵਾਂ ਦੀ ਸਾਖ ਖ਼ਰਾਬ ਕਰਨ ਦੀ ਕੋਸ਼ਿਸ਼ ਦੱਸਿਆ ਜਾਂਦਾ ਹੈ ।ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਚਿੰਤਾ ਜ਼ਾਹਰ ਕਰਨ ਦੀ ਇਤਿਹਾਸਕ ਘਟਨਾ ਹੋਵੇ ਜਾਂ ਚੋਣ ਕਮਿਸ਼ਨ ਦੇ ਅੰਦਰੂਨੀ ਮਤਭੇਦਾਂ ਦੀਆਂ ਰਿਪੋਰਟਾਂ—ਇਹ ਸਭ ਦਰਸਾਉਂਦਾ ਹੈ ਕਿ ਸੰਸਥਾਵਾਂ ਦੇ ਅੰਦਰ ਵੀ ਸੰਤੁਲਨ ਵਿਗੜ ਰਿਹਾ ਹੈ। ਸੰਵਿਧਾਨਕ ਮਰਿਆਦਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇਕਰ ਇਹ ਅਦਾਰੇ ਜਨਤਾ ਦਾ ਭਰੋਸਾ ਜਿੱਤਣ ਵਿੱਚ ਕਾਮਯਾਬ ਰਹਿਣ।

ਇਤਿਹਾਸ ਗਵਾਹ ਹੈ ਕਿ ਲੋਕਤੰਤਰ ਵਿੱਚ ਸਰਕਾਰ ਅਤੇ ਆਮ ਲੋਕਾਂ ਵਿਚਕਾਰ ਟਕਰਾਅ ਵੇਲੇ ਅੰਤਮ ਸ਼ਕਤੀ ਜਨਤਾ ਦੇ ਹੱਥ ਹੀ ਰਹਿੰਦੀ ਹੈ। 1975 ਵਿੱਚ ਐਮਰਜੈਂਸੀ ਲਗਾਉਣ ਤੋਂ ਬਾਅਦ ਜਨਤਾ ਨੇ 1977 ਵਿੱਚ ਆਪਣਾ ਫ਼ਤਵਾ ਦੇ ਕੇ ਤਾਕਤ ਦਾ ਸੰਤੁਲਨ ਬਹਾਲ ਕੀਤਾ ਸੀ, ਅਤੇ ਜਦੋਂ ਬਾਅਦ ਵਿੱਚ ਜਨਤਾ ਪਾਰਟੀ ਆਪਸੀ ਖਿੱਚੋਤਾਣ ਵਿੱਚ ਉਲਝ ਗਈ, ਤਾਂ 1980 ਵਿੱਚ ਲੋਕਾਂ ਨੇ ਉਸ ਨੂੰ ਵੀ ਨਕਾਰ ਦਿੱਤਾ ਸੀ।

ਲੋਕਤੰਤਰ ਵਿੱਚ ਸ਼ਾਸਕਾਂ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਜਨਤਾ ਉਨ੍ਹਾਂ ਨੂੰ ਸੱਤਾ ਦੀ ਵਾਗਡੋਰ ਸੌਂਪਦੀ ਹੈ, ਪਰ ਮਨਮਾਨੀ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਜਦੋਂ ਜਵਾਬਦੇਹੀ ਦਾ ਰਿਸ਼ਤਾ ਟੁੱਟਦਾ ਹੈ ਤਾਂ ਲੋਕਾਂ ਦਾ ਅਸੰਤੋਸ਼ ਸੜਕਾਂ 'ਤੇ ਉੱਤਰ ਆਉਂਦਾ ਹੈ। ਲੋਕਤੰਤਰ ਵਿੱਚ ਹੰਕਾਰ ਲਈ ਕੋਈ ਥਾਂ ਨਹੀਂ ਹੁੰਦੀ। ਜਿੰਨੀ ਜਲਦੀ ਸਰਕਾਰ ਲੋਕਾਂ ਦੀਆਂ ਸ਼ੰਕਾਵਾਂ ਨੂੰ ਦੂਰ ਕਰਕੇ ਪਾਰਦਰਸ਼ਤਾ ਕਾਇਮ ਕਰੇਗੀ, ਦੇਸ਼ ਦੇ ਲੋਕਤੰਤਰ ਅਤੇ ਸੰਸਥਾਵਾਂ ਦਾ ਓਨਾ ਹੀ ਭਲਾ ਹੋਵੇਗਾ।

# ਬਦਲ ਰਹੀ ਹੈ ਪੰਜਾਬ ਦੀ ਸਿਆਸਤ ਦੀ ਦਸ਼ਾ ਅਤੇ ਦਿਸ਼ਾ

ਜਗਰੂਪ ਸਿੰਘ ਸੇਖੋਂ

ਅੱਜ ਦੇ ਦੌਰ ਵਿੱਚ ਨੌਜਵਾਨਾਂ (18-34 ਸਾਲ) ਦੀ ਹਮਾਇਤ ਤੋਂ ਬਿਨਾਂ ਕੋਈ ਵੀ ਸਿਆਸੀ ਪਾਰਟੀ ਸਰਕਾਰ ਬਣਾਉਣ ਦਾ ਸੁਫਨਾ ਨਹੀਂ ਦੇਖ ਸਕਦੀ। ਇਸੇ ਲਈ ਹਰ ਪਾਰਟੀ ਨੌਜਵਾਨ ਵਰਗ ਨੂੰ ਆਪਣੀ ਸਿਆਸਤ ਦੇ ਕੇਂਦਰ ਵਿੱਚ ਰੱਖਦੀ ਨਜ਼ਰ ਆਉਂਦੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਵੋਟਰਾਂ ਦਾ ਇੱਕ ਬਹੁਤ ਵੱਡਾ ਹਿੱਸਾ ਨੌਜਵਾਨ ਹਨ। ਦੂਜਾ, ਅਜੋਕੇ ਸਮੇਂ ਵਿੱਚ ਨੌਜਵਾਨ ਕਿਸੇ ਵੀ ਸਿਆਸੀ ਧਿਰ ਨਾਲ ਵਿਚਾਰਧਾਰਕ ਪੱਖੋਂ ਪੱਕੇ ਤੌਰ 'ਤੇ ਨਹੀਂ ਜੁੜੇ ਹੋਏ। ਇਹ ਵਰਗ ਰਾਜਨੀਤਕ ਤੌਰ 'ਤੇ ਬੇਸਬਰਾ ਹੈ ਅਤੇ ਆਪਣੀਆਂ ਮੰਗਾਂ ਤੇ ਆਸਾਂ ਦੀ ਪੂਰਤੀ ਲਈ ਹਮੇਸ਼ਾ ਤਬਦੀਲੀ ਲਈ ਤਿਆਰ ਰਹਿੰਦਾ ਹੈ। ਇਸ ਦੀ ਤਾਜ਼ਾ ਉਦਾਹਰਣ ਹੁਣੇ ਹੀ ਉੱਭਰੀ ਕੌਕਰੋਚ ਜਨਤਾ ਪਾਰਟੀ ਨੂੰ ਮਿਲੀ ਨੌਜਵਾਨ ਵਰਗ ਦੀ ਵੱਡੀ ਹਮਾਇਤ ਤੋਂ ਦੇਖੀ ਜਾ ਸਕਦੀ ਹੈ।

ਨੌਜਵਾਨ ਅਕਸਰ ਉਮੀਦਾਂ 'ਤੇ ਖ਼ਰੀਆਂ ਨਾ ਉਤਰਨ ਵਾਲੀਆਂ ਸਰਕਾਰਾਂ ਤੋਂ ਮੂੰਹ ਮੋੜ ਕੇ ਨਵੀਆਂ ਉੱਭਰ ਰਹੀਆਂ ਸਿਆਸੀ ਪਾਰਟੀਆਂ ਵੱਲੋਂ ਕੀਤੇ ਵਾਅਦਿਆਂ 'ਤੇ ਵਿਸ਼ਵਾਸ ਪ੍ਰਗਟ ਕਰਦਿਆਂ ਉਨ੍ਹਾਂ ਦੇ ਹੱਕ ਵਿੱਚ ਭੁਗਤਦੇ ਹਨ। ਇਸੇ ਤਰ੍ਹਾਂ ਦਾ ਵਰਤਾਰਾ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਭਾਰਤੀ ਜਨਤਾ ਪਾਰਟੀ ਨੇ ਨੌਜਵਾਨਾਂ ਨੂੰ ਚੰਗੇ ਦਿਨਾਂ ਦੀ ਆਸ ਤੇ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੇ ਵਾਅਦੇ ਨਾਲ ਆਪਣੇ ਵੱਲ ਖਿੱਚਿਆ ਅਤੇ ਦੇਸ਼ ਵਿੱਚ ਸੱਤਾ ਹਾਸਲ ਕੀਤੀ। ਇਸ ਦੀ ਇੱਕ ਝਲਕ ਪੰਜਾਬ ਵਿੱਚ ਵੀ ਦੇਖਣ ਨੂੰ ਮਿਲੀ, ਜਿੱਥੇ ਵੱਡੀ ਗਿਣਤੀ 'ਚ ਨੌਜਵਾਨ ਵੋਟਰਾਂ ਨੇ ਨਵੀਂ ਬਣੀ ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰਾਂ ਨੂੰ ਕੁੱਲ ਪਈਆਂ ਵੋਟਾਂ ਦੇ ਤਕਰੀਬਨ 25 ਫ਼ੀਸਦੀ ਹਿੱਸੇ ਨਾਲ ਜਿਤਾ ਕੇ ਸੰਸਦ ਭੇਜਿਆ। ਉਸ ਵੇਲੇ ਇਸ ਪਾਰਟੀ ਨੇ 33 ਵਿਧਾਨ ਸਭਾ ਹਲਕਿਆਂ ਵਿੱਚ ਪਹਿਲਾ ਅਤੇ 25 ਵਿਧਾਨ ਸਭਾ ਹਲਕਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਦੇਸ਼ ਦੇ ਨੌਜਵਾਨ ਵੋਟਰਾਂ ਵਿੱਚ 1996 ਦੀਆਂ ਚੋਣਾਂ ਤੋਂ ਬਾਅਦ ਸਾਰੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਪਾੜੇ ਛੱਡ ਕੇ ਵੋਟ ਪਾਉਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ।

ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਦੇਖਣ ਵਿੱਚ ਆਇਆ ਹੈ ਕਿ ਅਤਿਵਾਦ ਦੇ ਦੌਰ ਤੋਂ ਬਾਅਦ 1992 ਤੋਂ ਲੈ ਕੇ ਹੁਣ ਤੱਕ ਹੋਈਆਂ ਸਾਰੀਆਂ ਚੋਣਾਂ ਵਿੱਚ ਹਰ ਸਿਆਸੀ ਪਾਰਟੀ ਨੇ ਨੌਜਵਾਨਾਂ ਦੇ ਸੁਨਹਿਰੀ ਭਵਿੱਖ, ਰੁਜ਼ਗਾਰ ਅਤੇ ਆਰਥਿਕ ਹਾਲਾਤ ਸੁਧਾਰਨ ਦੇ ਵੱਡੇ-ਵੱਡੇ ਵਾਅਦੇ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਕੀਤੇ, ਪਰ ਸਰਕਾਰਾਂ ਬਣਨ ਤੋਂ ਬਾਅਦ ਇਸ ਵਰਗ ਨੂੰ ਹਮੇਸ਼ਾ ਵਿਸਾਰ ਦਿੱਤਾ ਗਿਆ। ਸਿਆਸੀ ਪਾਰਟੀਆਂ ਨੇ ਆਪਣੇ ਨੌਜਵਾਨ ਵਿੰਗ ਜ਼ਰੂਰ ਬਣਾਏ, ਪਰ ਯੋਗ ਤੇ ਆਮ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਬਜਾਏ ਮੰਤਰੀਆਂ, ਮੁੱਖ ਮੰਤਰੀਆਂ, ਵਿਧਾਇਕਾਂ ਦੇ ਪਰਿਵਾਰਾਂ ਜਾਂ ਰਸੂਖਵਾਨਾਂ ਦੇ ਬੱਚਿਆਂ ਨੂੰ ਅਹੁਦੇਦਾਰ ਬਣਾ ਕੇ ਮਹਿਜ਼ ਖਾਨਾਪੂਰਤੀ ਕੀਤੀ ਜਾਂਦੀ ਰਹੀ। ਇਹ ਵੀ ਦੇਖਿਆ ਗਿਆ ਹੈ ਕਿ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਵੱਡੀ ਗਿਣਤੀ ਨੌਜਵਾਨਾਂ ਨੂੰ ਕੁਰਾਹੇ ਪਾਇਆ, ਜਿਸ ਦਾ ਸੰਤਾਪ ਅੱਜ ਉਹ ਖ਼ੁਦ, ਉਨ੍ਹਾਂ ਦੇ ਮਾਪੇ ਅਤੇ ਪੂਰਾ ਪੰਜਾਬੀ ਸਮਾਜ ਭੋਗ ਰਿਹਾ ਹੈ। ਇਸੇ ਨਕਾਰਾਤਮਕ ਵਰਤਾਰੇ ਕਾਰਨ 2014 ਅਤੇ ਉਸ ਤੋਂ ਬਾਅਦ ਦੀਆਂ ਚੋਣਾਂ ਵਿੱਚ ਨੌਜਵਾਨ ਵਰਗ ਦਾ ਮੋਹ ਰਵਾਇਤੀ ਪਾਰਟੀਆਂ ਤੋਂ ਭੰਗ ਹੋਣ ਲੱਗਿਆ। ਸਾਲ 2022 ਦੀਆਂ ਚੋਣਾਂ ਵਿੱਚ ਇਹ ਰੁਝਾਨ ਸਿਖਰ 'ਤੇ ਪਹੁੰਚ ਗਿਆ।



ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਨੌਜਵਾਨ ਵਰਗ ਦੀ ਅਥਾਹ ਹਮਾਇਤ ਸਦਕਾ 117 ਵਿੱਚੋਂ 92 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚਿਆ। ਇਸ ਤੋਂ ਪਹਿਲਾਂ ਕਾਂਗਰਸ ਨੇ 1992 ਵਿੱਚ (ਬਾਈਕਾਟ ਵਾਲੀਆਂ ਚੋਣਾਂ ਦੌਰਾਨ) 87 ਸੀਟਾਂ ਜਿੱਤੀਆਂ ਸਨ। ਇਤਿਹਾਸ ਗਵਾਹ ਹੈ ਕਿ ਨੌਜਵਾਨ ਵੋਟਰ ਹਮੇਸ਼ਾ ਹੀ ਦੂਜੇ ਵਰਗਾਂ ਦੇ ਮੁਕਾਬਲੇ ਸਿਆਸੀ ਤਬਦੀਲੀ ਦੇ ਹੱਕ ਵਿੱਚ ਵਧੇਰੇ ਭੁਗਤਦੇ ਹਨ। ਪੰਜਾਬ ਵਿੱਚ ਇਸ ਬਦਲਾਅ ਦਾ ਆਗਾਜ਼ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹੀ ਹੋ ਗਿਆ ਸੀ, ਪਰ ਮਜ਼ਬੂਤ ਜਥੇਬੰਦਕ ਢਾਂਚੇ ਦੀ ਅਣਹੋਂਦ ਅਤੇ ਅੰਦਰੂਨੀ ਕਲੇਸ਼ ਕਾਰਨ 'ਆਪ' ਨੂੰ 2017 ਦੀਆਂ ਵਿਧਾਨ ਸਭਾ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਸ ਮੁਤਾਬਿਕ ਸਫ਼ਲਤਾ ਨਹੀਂ ਮਿਲੀ। 2017 ਵਿੱਚ ਇਹ ਸਿਰਫ਼ 20 ਸੀਟਾਂ 'ਤੇ ਸਿਮਟ ਗਈ ਅਤੇ ਬਾਅਦ ਵਿੱਚ ਇਸ ਦੇ ਤਕਰੀਬਨ ਅੱਧੇ ਵਿਧਾਇਕ ਦੂਜੀਆਂ ਪਾਰਟੀਆਂ ਵਿੱਚ ਸ਼ਾਮਿਲ ਹੋ ਗਏ। 2019 ਵਿੱਚ ਇਹ ਸਿਰਫ਼ ਸੰਗਰੂਰ ਦੀ ਲੋਕ ਸਭਾ ਸੀਟ ਹੀ ਜਿੱਤ ਸਕੀ ਅਤੇ ਉੱਥੇ ਵੀ ਜਿੱਤ ਦਾ ਫ਼ਰਕ 2014 ਦੇ ਮੁਕਾਬਲੇ ਬਹੁਤ ਘੱਟ ਸੀ। ਸਭ ਤੋਂ ਵੱਧ ਹੈਰਾਨੀਜਨਕ ਨਤੀਜਾ ਜੂਨ 2022 ਦੀ ਸੰਗਰੂਰ ਜ਼ਿਮਨੀ ਚੋਣ ਵਿੱਚ ਸਾਹਮਣੇ ਆਇਆ, ਜਿੱਥੇ ਪੰਜਾਬ ਵਿੱਚ ਵੱਡੇ ਬਹੁਮਤ ਵਾਲੀ ਸਰਕਾਰ ਹੋਣ ਦੇ ਬਾਵਜੂਦ ਸੱਤਾਧਾਰੀ ਪਾਰਟੀ ਇਹ ਸੀਟ ਹਾਰ ਗਈ।

ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ 20 ਸੀਟਾਂ 'ਤੇ ਹੋਈ ਜਿੱਤ ਵਿੱਚ ਨੌਜਵਾਨ ਵਰਗ ਦਾ ਵੱਡਾ ਹੱਥ ਸੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਨੂੰ 18-25 ਸਾਲ ਦੇ ਕੁੱਲ ਵੋਟਰਾਂ ਦੀਆਂ 31 ਫ਼ੀਸਦੀ ਵੋਟਾਂ ਪਈਆਂ ਜਦੋਂਕਿ ਕਾਂਗਰਸ ਨੇ ਇਸ ਵਰਗ ਦੀਆਂ 35 ਫ਼ੀਸਦੀ ਵੋਟਾਂ ਲੈ ਕੇ ਵੱਡੀ ਕਾਮਯਾਬੀ ਹਾਸਲ ਕੀਤੀ। ਇਸ ਦੇ ਉਲਟ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਮਹਿਜ਼ 26 ਫ਼ੀਸਦੀ ਵੋਟਾਂ ਨਸੀਬ ਹੋਈਆਂ। ਸਾਲ 2022 ਵਿੱਚ ਪਾਸਾ ਪੂਰੀ ਤਰ੍ਹਾਂ ਪਲਟ ਗਿਆ ਅਤੇ ਆਮ ਆਦਮੀ ਪਾਰਟੀ ਨੇ 18-25 ਸਾਲ ਦੇ ਨੌਜਵਾਨਾਂ ਦੀਆਂ 51 ਫ਼ੀਸਦੀ ਵੋਟਾਂ ਹੂੰਝ ਲਈਆਂ। ਇਸ ਦੇ ਮੁਕਾਬਲੇ ਕਾਂਗਰਸ, ਅਕਾਲੀ ਦਲ-ਭਾਜਪਾ ਗੱਠਜੋੜ ਤੇ ਇਨ੍ਹਾਂ ਦੇ ਭਾਈਵਾਲਾਂ ਨੂੰ ਕ੍ਰਮਵਾਰ 18 ਫ਼ੀਸਦੀ, 18.4 ਫ਼ੀਸਦੀ ਅਤੇ ਮਹਿਜ਼ 3.3 ਫ਼ੀਸਦੀ ਵੋਟਾਂ 'ਤੇ ਹੀ ਸਬਰ ਕਰਨਾ ਪਿਆ। 26 ਤੋਂ 34 ਸਾਲ ਦੇ ਵੋਟਰਾਂ ਦੇ ਝੁਕਾਅ ਵਿੱਚ ਵੀ ਕੁਝ ਅਜਿਹੀ ਹੀ ਤਬਦੀਲੀ ਦੇਖਣ ਨੂੰ ਮਿਲੀ। ਇੱਥੇ ਵੀ 'ਆਪ' ਨੂੰ ਦੂਜਿਆਂ ਦੇ ਮੁਕਾਬਲੇ ਵੱਡੀ ਹਮਾਇਤ ਮਿਲੀ। ਇਸ ਵਰਗ ਦੇ ਕੁੱਲ 48 ਫ਼ੀਸਦੀ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦਿੱਤਾ ਜਦੋਂਕਿ ਕਾਂਗਰਸ ਨੂੰ 18.1 ਫ਼ੀਸਦੀ, ਅਕਾਲੀ ਦਲ ਗੱਠਜੋੜ ਨੂੰ 19.5 ਫ਼ੀਸਦੀ ਅਤੇ ਭਾਜਪਾ ਤੇ ਹੋਰਾਂ ਨੂੰ ਸਿਰਫ਼ 7.6 ਫ਼ੀਸਦੀ ਵੋਟਾਂ ਹੀ ਮਿਲ ਸਕੀਆਂ। ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿੱਚ ਨੌਜਵਾਨਾਂ ਨਾਲ ਕੀਤੇ ਵਾਅਦਿਆਂ 'ਤੇ ਵੀ ਝਾਤ ਮਾਰਨੀ ਬਣਦੀ ਹੈ। ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ ਆਗਾਮੀ ਪੰਜ ਸਾਲਾਂ ਵਿੱਚ ਰੁਜ਼ਗਾਰ ਦੇ 25 ਲੱਖ ਦੇ ਕਰੀਬ ਨਵੇਂ ਮੌਕੇ ਪੈਦਾ ਕੀਤੇ ਜਾਣਗੇ। ਇਹ ਵੀ ਕਿਹਾ ਗਿਆ ਸੀ ਕਿ ਪਿੰਡਾਂ ਅਤੇ ਸ਼ਹਿਰਾਂ ਨੂੰ ਰੁਜ਼ਗਾਰ ਹੱਬ ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਪੰਜਾਬ ਦੇ 10 ਵੱਡੇ ਸ਼ਹਿਰਾਂ ਵਿੱਚ ਛੋਟੇ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਕੇਂਦਰ ਖੋਲ੍ਹੇ ਜਾਣਗੇ। ਇਨ੍ਹਾਂ ਉਪਰਾਲਿਆਂ ਦਾ ਮਕਸਦ ਨੌਜਵਾਨਾਂ ਨੂੰ ਆਪਣੇ ਸੁਫਨੇ ਸਾਕਾਰ ਕਰਨ ਵਿੱਚ ਮਦਦ ਦੇਣਾ ਅਤੇ ਵਿਦੇਸ਼ਾਂ ਵੱਲ ਹੋ ਰਹੇ ਬੇਲੋੜੇ ਪਰਵਾਸ ਨੂੰ ਰੋਕਣਾ ਦੱਸਿਆ ਗਿਆ ਸੀ। ਇਨ੍ਹਾਂ ਕੇਂਦਰਾਂ ਵਿੱਚ ਨੌਜਵਾਨਾਂ ਨੂੰ ਤਕਨੀਕੀ ਸਹਾਇਤਾ, ਮਾਲੀ ਮਦਦ ਅਤੇ ਬਾਜ਼ਾਰ 'ਚ ਮੁਕਾਬਲੇ ਲਈ ਤਿਆਰ ਕਰਕੇ ਸਮੇਂ ਦੇ ਹਾਣੀ ਬਣਾਉਣ ਦੀ ਗੱਲ ਕਹੀ ਗਈ ਸੀ।

ਇਸ ਤੋਂ ਇਲਾਵਾ ਸਰਕਾਰ ਨੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਉੱਥੇ ਉਨ੍ਹਾਂ ਦੀ ਯੋਗਤਾ ਮੁਤਾਬਿਕ ਰੁਜ਼ਗਾਰ ਲੱਭਣ ਵਿੱਚ ਮਦਦ ਕਰਨ ਦਾ ਵਾਅਦਾ ਵੀ ਕੀਤਾ। ਦਲਿਤ ਭਾਈਚਾਰੇ ਦੀ ਸੰਘਣੀ ਆਬਾਦੀ ਵਾਲੇ ਦੋਆਬਾ ਖੇਤਰ ਵਿੱਚ ਬਾਬੂ ਕਾਂਸ਼ੀ ਰਾਮ ਦੇ ਨਾਂ 'ਤੇ ਉੱਚ-ਪੱਧਰੀ ਹੁਨਰ ਸਿਖਲਾਈ ਯੂਨੀਵਰਸਿਟੀ ਖੋਲ੍ਹਣ ਦਾ ਐਲਾਨ ਕੀਤਾ ਗਿਆ। ਹਰ ਕਿਸਮ ਦੇ ਮਾਫ਼ੀਆ ਜਿਵੇਂ ਰੇਤ-ਬੱਜਰੀ ਅਤੇ ਸ਼ਰਾਬ ਮਾਫ਼ੀਆ ਨੂੰ ਖ਼ਤਮ ਕਰਕੇ ਇਸ ਕਾਰੋਬਾਰ ਵਿੱਚ ਨੌਜਵਾਨਾਂ ਨੂੰ ਭਾਈਵਾਲ ਬਣਾਉਣ ਦਾ ਭਰੋਸਾ ਦਿੱਤਾ ਗਿਆ ਤਾਂ ਜੋ ਉਹ ਮਾੜੇ ਕੰਮਾਂ ਤੋਂ ਬਚ ਕੇ ਆਪਣਾ ਸੁਨਹਿਰੀ ਭਵਿੱਖ ਸਿਰਜ ਸਕਣ। ਕੁੜੀਆਂ ਲਈ ਵਿਸ਼ੇਸ਼ ਸਿਖਲਾਈ ਕੇਂਦਰ ਖੋਲ੍ਹਣ ਦਾ ਵਾਅਦਾ ਸੀ ਤਾਂ ਜੋ ਉਹ ਫ਼ੌਜ, ਨੀਮ-ਫ਼ੌਜੀ ਬਲਾਂ, ਪੁਲੀਸ ਅਤੇ ਹੋਰ ਮਹਿਕਮਿਆਂ ਵਿੱਚ ਉੱਚੇ ਰੁਤਬੇ ਪ੍ਰਾਪਤ ਕਰ ਸਕਣ।

ਇੱਕ ਮੋਟੇ ਅੰਦਾਜ਼ੇ ਮੁਤਾਬਿਕ ਪੰਜਾਬ ਸਰਕਾਰ ਨੇ ਆਪਣੇ ਚਾਰ ਸਾਲ ਤੋਂ ਵੱਧ ਦੇ ਕਾਰਜਕਾਲ ਵਿੱਚ ਤਕਰੀਬਨ 67 ਹਜ਼ਾਰ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਦਿੱਤਾ ਹੈ। ਹਾਲਾਂਕਿ, ਇਨ੍ਹਾਂ ਵਿੱਚੋਂ ਵੱਡੀ ਗਿਣਤੀ ਉਨ੍ਹਾਂ ਮੁਲਾਜ਼ਮਾਂ ਦੀ ਹੈ, ਜੋ ਲੰਮੇ ਸਮੇਂ ਤੋਂ ਕੱਚੇ ਤੌਰ 'ਤੇ ਕੰਮ ਕਰ ਰਹੇ ਸਨ। ਇਹ ਕਦਮ ਸਰਕਾਰ ਵੱਲੋਂ 5 ਸਾਲਾਂ ਵਿੱਚ ਕੁੱਲ 1,25,000 ਸਰਕਾਰੀ ਨੌਕਰੀਆਂ ਦੇਣ ਦੇ ਕੀਤੇ ਗਏ ਵਾਅਦੇ ਦਾ ਹੀ ਹਿੱਸਾ ਹੈ। ਲਗਾਤਾਰ ਸਰਕਾਰੀ ਭਰਤੀਆਂ ਹੋਣ ਦਾ ਵਾਅਦਾ ਨੌਜਵਾਨਾਂ ਲਈ ਆਸ ਦੀ ਇੱਕ ਵੱਡੀ ਕਿਰਨ ਸੀ, ਪਰ ਹੁਣ ਇਹ ਆਸ ਮੱਧਮ ਪੈ ਚੁੱਕੀ ਹੈ।

ਸਾਲ 2021 ਦੇ ਦੇਸ਼-ਪੱਧਰੀ ਸਰਵੇਖਣ ਮੁਤਾਬਿਕ ਪੰਜਾਬ ਦੇ 76 ਫ਼ੀਸਦੀ ਨੌਜਵਾਨਾਂ ਨੇ ਬੇਰੁਜ਼ਗਾਰੀ ਨੂੰ ਆਪਣੀ ਸਭ ਤੋਂ ਵੱਡੀ ਸਮੱਸਿਆ ਦੱਸਿਆ ਅਤੇ 2022 ਦੀਆਂ ਚੋਣਾਂ ਵਿੱਚ ਇਨ੍ਹਾਂ ਵਿੱਚੋਂ 42 ਫ਼ੀਸਦੀ ਨੇ ਇਸ ਦੇ ਹੱਲ ਲਈ ਆਮ ਆਦਮੀ ਪਾਰਟੀ 'ਤੇ ਭਰੋਸਾ ਜਤਾਇਆ ਸੀ, ਪਰ ਮੌਜੂਦਾ ਸਰਕਾਰ ਨੌਜਵਾਨਾਂ ਦੀਆਂ ਉਮੀਦਾਂ 'ਤੇ ਖ਼ਰੀ ਉਤਰਨ ਵਿੱਚ ਕਾਮਯਾਬ ਹੋਈ ਨਹੀਂ ਜਾਪਦੀ। (ਬਾਕੀ ਸਫ਼ਾ 27 'ਤੇ)

## ਆਰਥਿਕ ਵਿਕਾਸ ਦਾ ਦਾਅਵਾ

# 1 .ਫ਼ੀਸਦੀ ਅਮੀਰਾਂ ਕੋਲ 43 .ਫ਼ੀਸਦੀ ਦੌਲਤ, ਆਮ ਆਦਮੀ ਅਜੇ ਵੀ ਬੇਹਾਲ



ਡਾ. ਸ.ਸ. ਛੀਨਾ

ਭਾਰਤ ਹੁਣ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਆਰਥਿਕਤਾ ਹੈ ਜਿਹੜੀ ਉਹ ਇੰਗਲੈਂਡ, ਆਸਟਰੇਲੀਆ ਅਤੇ ਕੈਨੇਡਾ ਆਦਿ ਤੋਂ ਵੱਡੀ ਬਣ ਗਈ ਹੈ।ਆਰਥਿਕਤਾ ਨੂੰ ਉਸ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦੇ ਕੁੱਲ ਜੋੜ ਨਾਲ ਮਾਪਿਆ ਜਾਂਦਾ ਹੈ ਜਾਂ ਉਸ ਸਾਲ ਉਸ ਦੇਸ਼ ਵਿੱਚ ਪੈਦਾ ਹੋਈਆਂ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਨੂੰ ਮਾਪ ਕੇ ਵਿਖਾਇਆ ਜਾਂਦਾ ਹੈ। ਪਰ ਇੱਥੇ ਸਵਾਲ ਉੱਠਦਾ ਹੈ ਕੀ ਭਾਰਤ ਦੇ ਸ਼ਹਿਰੀਆਂ ਦਾ ਰਹਿਣ-ਸਹਿਣ ਦਾ ਮਿਆਰ ਇੰਗਲੈਂਡ, ਆਸਟਰੇਲੀਆ ਅਤੇ ਕੈਨੇਡਾ ਵਰਗੇ ਦੇਸ਼ਾਂ ਤੋਂ ਚੰਗਾ ਹੋ ਗਿਆ ਹੈ। ਇਸਦਾ ਉੱਤਰ ਹੈ ਕਿ ਬਿਲਕੁਲ ਨਹੀਂ।ਸਗੋਂ ਸਾਨੂੰ ਇੱਕ ਹੋਰ ਤਸਵੀਰ ਦਿਸਦੀ ਹੈ। ਜੇ ਵਸੋਂ ਦੇ ਹਿਸਾਬ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਹੈ ਤਾਂ ਇਸਦਾ ਕੁੱਲ ਘਰੇਲੂ ਉਤਪਾਦਨ ਵੀ ਸਾਰੀ ਦੁਨੀਆਂ ਤੋਂ ਵੱਧ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਹਰ ਸ਼ਹਿਰੀ ਦੀ ਉਤਪਾਦਿਕਤਾ ਹੋਰ ਦੇਸ਼ਾਂ ਦੀ ਕਿਰਤ ਦੀ ਉਤਪਾਦਕਤਾ ਤੋਂ ਵੱਧ ਹੋਵੇ।

ਇਸਦੇ ਨਾਲ ਹੀ ਦੂਸਰਾ ਸਵਾਲ ਹੈ ਕਿ ਕੀ ਭਾਰਤੀਆਂ ਦੀ ਪ੍ਰਤੀ ਵਿਅਕਤੀ ਆਮਦਨ ਉਨ੍ਹਾਂ ਦੇਸ਼ਾਂ ਤੋਂ ਵੱਧ ਹੈ. ਜਿਨ੍ਹਾਂ ਨੂੰ ਪਿੱਛੇ ਛੱਡ ਕੇ ਭਾਰਤ ਚੌਥੀ ਜਗ੍ਹਾ 'ਤੇ ਪਹੁੰਚਿਆ ਹੈ। ਇਸਦਾ ਜਵਾਬ ਵੀ ਇਹ ਹੈ: ਬਿਲਕੁਲ ਨਹੀਂ। ਭਾਰਤ ਵਿੱਚ ਪ੍ਰਤੀ ਵਿਅਕਤੀ ਆਮਦਨ 2813 ਅਮਰੀਕੀ ਡਾਲਰ ਸਲਾਨਾ ਹੈ ਜਦੋਂ ਕਿ ਇੰਗਲੈਂਡ ਦੀ ਪ੍ਰਤੀ ਵਿਅਕਤੀ ਆਮਦਨ 90,500 ਜਾਂ ਭਾਰਤੀ ਤੋਂ 30 ਗੁਣਾ ਤੋਂ ਵੀ ਜ਼ਿਆਦਾ ਹੈ। ਜਰਮਨੀ ਦੀ ਪ੍ਰਤੀ ਵਿਅਕਤੀ ਆਮਦਨ 65305 ਡਾਲਰ, ਕੈਨੇਡਾ ਦੀ 60510 ਡਾਲਰ, ਜਦੋਂ ਕਿ ਅਮਰੀਕਾ, ਜੋ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਦਾ ਆਕਾਰ ਰੱਖਦਾ ਹੈ, ਉੱਥੋਂ ਦੀ ਪ੍ਰਤੀ ਵਿਅਕਤੀ ਆਮਦਨ 89990 ਡਾਲਰ ਹੈ। ਆਰਥਿਕਤਾ ਦੇ ਆਕਾਰ ਦੀ ਜੇ ਪ੍ਰਤੀ ਵਿਅਕਤੀ ਆਮਦਨ ਨਾਲ ਤੁਲਨਾ ਕਰੀਏ ਤਾਂ ਸਾਹਮਣੇ ਆਉਂਦਾ ਹੈ ਕਿ ਦੁਨੀਆਂ ਦਾ ਇੱਕ ਛੋਟਾ ਜਿਹਾ ਦੇਸ਼ ਲਕਸ਼ਬਰਗ, ਜਿਸਦੇ ਕੁੱਲ ਘਰੇਲੂ ਉਤਪਾਦਨ ਦੇ ਹਿਸਾਬ ਉਹ ਦੁਨੀਆਂ ਦੀ ਬਹੁਤ ਛੋਟੀ ਆਰਥਿਕਤਾ ਹੈ ਪਰ ਉੱਥੋਂ ਦੇ ਹਰ ਵਿਅਕਤੀ ਦੀ ਪ੍ਰਤੀ ਵਿਅਕਤੀ ਆਮਦਨ 1 ਲੱਖ 4 ਹਜ਼ਾਰ ਡਾਲਰ ਹੈ, ਜਿਹੜੀ ਕੈਨੇਡਾ ਅਤੇ ਜਰਮਨੀ ਤੋਂ ਵੀ ਦੁੱਗਣੀ ਹੈ। ਇਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਆਰਥਿਕਤਾ ਦੇ ਆਕਾਰ ਅਤੇ ਪ੍ਰਤੀ ਵਿਅਕਤੀ ਆਮਦਨ ਦਾ ਕੋਈ ਸੰਬੰਧ ਨਹੀਂ।

ਇਸ ਤਰ੍ਹਾਂ ਦੇ ਤੱਥ ਹੋਰ ਵੀ ਕਈ ਭੁਲੇਖੇ ਪਾਉਂਦੇ ਹਨ। ਭਾਰਤ ਵਿੱਚ ਪ੍ਰਤੀ ਵਿਅਕਤੀ ਆਮਦਨ ਵਧਕੇ ਹੁਣ 2 ਲੱਖ 89 ਹਜ਼ਾਰ ਰੁਪਏ 'ਤੇ ਪਹੁੰਚ ਗਈ ਹੈ ਪਰ ਕੀ ਹਰ ਭਾਰਤੀ ਦੀ ਔਸਤਨ ਆਮਦਨ ਇੰਨੀ ਹੈ, ਜੇ ਇੰਨੀ ਹੋਵੇ ਤਾਂ ਭਾਰਤ ਦਾ ਇੱਕ ਵੀ ਵਿਅਕਤੀ ਗ਼ਰੀਬੀ ਦੀ ਰੇਖਾ ਤੋਂ ਹੇਠ ਨਹੀਂ ਰਹਿ ਸਕਦਾ। ਫਿਰ ਕੀ ਹਰ ਇੱਕ ਦੀ ਆਮਦਨ ਵਿੱਚ ਬਰਾਬਰ ਵਾਧਾ ਹੋ ਰਿਹਾ ਹੈ, ਇਹ ਵੀ ਨਹੀਂ। ਕੁਝ ਲੋਕਾਂ ਦੀ ਆਮਦਨ ਵਿੱਚ ਵੱਡਾ ਵਾਧਾ ਹੋਇਆ ਹੋਵੇਗਾ ਪਰ ਕੁਝ ਲੋਕਾਂ ਦੀ ਆਮਦਨ ਘਟੀ ਹੋਵੇਗੀ। ਕੁਝ ਦੀ ਆਮਦਨ 20 ਫ਼ੀਸਦੀ ਵਧੀ ਹੋਵੇਗੀ, ਕੁਝ ਦੀ ਆਮਦਨ 20 ਫ਼ੀਸਦੀ ਘਟੀ ਹੋਵੇਗੀ। ਇਹ ਤਾਂ ਔਸਤ ਆਮਦਨ ਹੈ ਜਿਹੜੀ ਦੇਸ਼ ਵਿੱਚ ਕੁੱਲ ਘਰੇਲੂ ਉਤਪਾਦਨ ਨਾਲ ਮਾਪੀ ਗਈ ਹੈ। ਫਿਰ ਦੇਸ਼ ਵਿੱਚ ਵੀ ਕੁਝ ਪ੍ਰਾਂਤਾਂ ਦੀ ਔਸਤ ਆਮਦਨ ਬਹੁਤ ਜ਼ਿਆਦਾ ਹੈ, ਕੁਝ ਦੀ ਬਹੁਤ ਘੱਟ ਹੈ। ਭਾਰਤ ਵਿੱਚ ਸਿੱਕਮ ਉਹ ਪ੍ਰਾਂਤ ਹੈ ਜਿਸਦੀ ਔਸਤ ਆਮਦਨ ਜਾਂ ਪ੍ਰਤੀ ਵਿਅਕਤੀ ਆਮਦਨ 8 ਲੱਖ 85 ਹਜ਼ਾਰ ਰੁਪਏ ਸਲਾਨਾ ਹੈ ਅਤੇ ਉਹ ਭਾਰਤ ਦਾ ਸਭ ਤੋਂ ਅਮੀਰ ਪ੍ਰਾਂਤ ਹੈ। ਦੂਸਰੀ ਤਰਫ ਬਿਹਾਰ ਵਿੱਚ ਪ੍ਰਤੀ ਵਿਅਕਤੀ ਆਮਦਨ 40973 ਰੁਪਏ ਹੈ। ਪੰਜਾਬ ਜਿਹੜਾ ਪਹਿਲਾਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਭਾਰਤ ਦੇ ਪਹਿਲੇ ਨੰਬਰ ਦਾ ਪ੍ਰਾਂਤ ਸੀ, ਹੁਣ ਉਹ ਬਾਰ੍ਹਵੇਂ ਸਥਾਨ 'ਤੇ ਪਹੁੰਚ ਗਿਆ ਹੈ। ਪਰ ਫਿਰ ਵੀ ਇਸਦੀ ਪ੍ਰਤੀ ਵਿਅਕਤੀ ਆਮਦਨ 2 ਲੱਖ 30253 ਰੁਪਏ ਸਲਾਨਾ ਹੈ। ਪਰ ਜੇ ਇਹ ਔਸਤ ਆਮਦਨ ਹਰ ਇੱਕ ਦੀ ਹੁੰਦੀ ਤਾਂ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਦੀ ਕੋਈ ਲੋੜ ਨਹੀਂ ਸੀ ? ਭਾਰਤ ਵਿੱਚ ਸਿੱਕਮ ਤੋਂ ਬਾਅਦ ਗੋਆ ਅਤੇ ਤਮਿਲਨਾਡੂ ਦਾ ਨੰਬਰ ਆਉਣ ਵਾਲਾ ਹੈ। ਕਿਸੇ ਵੇਲੇ ਗੋਆ ਭਾਰਤ ਵਿੱਚ ਸਭ ਤੋਂ ਵੱਧ ਪ੍ਰਤੀ ਵਿਅਕਤੀ ਆਮਦਨ ਵਾਲਾ ਦੇਸ਼ ਸੀ।ਇੱਕ ਦੇਸ਼ ਜਾਂ ਪ੍ਰਾਂਤ ਦੇ ਸਾਧਨਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਉਸ ਦੇਸ਼ ਜਾਂ ਪ੍ਰਾਂਤ ਦੀ ਵਸੋਂ ਵਿੱਚ ਵੰਡ ਕੇ ਪ੍ਰਤੀ ਵਿਅਕਤੀ ਆਮਦਨ ਦਾ ਹਿਸਾਬ ਲਾਇਆ ਜਾਂਦਾ ਹੈ। ਪੰਜਾਬ ਭਾਰਤ ਦਾ ਸਭ ਤੋਂ ਖੁਸ਼ਹਾਲ ਪ੍ਰਾਂਤ ਸੀ ਇਸ ਲਈ ਹੋਰ ਪ੍ਰਾਂਤਾਂ ਤੋਂ ਲੋਕ ਆ ਕੇ ਇੱਥੇ ਰਹਿਣ ਲੱਗ ਪਏ ਸਨ ਜਾਂ ਕਿਰਤ ਕਰਦੇ ਸਨ। ਪਿੱਛੇ ਜਿਹੇ ਇੱਕ ਰਿਪੋਰਟ ਆਈ ਸੀ ਕਿ ਪੰਜਾਬ ਦੀ ਵਸੋਂ ਵਿੱਚ 47 ਲੱਖ ਪ੍ਰਵਾਸੀ ਵੀ ਸ਼ਾਮਲ ਹਨ। ਹੁਣ ਪੰਜਾਬ ਦੀ ਵਸੋਂ ਘਣਤਾ (ਪ੍ਰਤੀ ਵਿਅਕਤੀ ਰਹਿਣ ਵਾਲੀ ਵਸੋਂ) 551 ਹੈ ਜੋ ਭਾਰਤ ਦੀ ਪ੍ਰਤੀ ਵਿਅਕਤੀ ਵਸੋਂ 497 ਤੋਂ ਕਾਫ਼ੀ ਉੱਪਰ ਹੈ। ਪਰ ਬਿਹਾਰ ਦੀ ਵਸੋਂ ਘਣਤਾ ਸਾਰੇ ਦੇਸ਼ ਵਿੱਚ ਜ਼ਿਆਦਾ ਹੈ, ਜਿੱਥੇ ਇਹ 1303 ਵਿਅਕਤੀ ਪ੍ਰਤੀ ਕਿਲੋਮੀਟਰ ਹੈ ਅਤੇ ਸ਼ਾਇਦ ਇਹੋ ਵਜਾਹ ਹੈ ਕਿ ਬਿਹਾਰ ਦੀ ਪ੍ਰਤੀ ਵਿਅਕਤੀ ਆਮਦਨ ਵੀ ਸਾਰੇ ਦੇਸ਼ ਵਿੱਚੋਂ ਘੱਟ ਹੈ।

ਫਿਰ ਇੱਕ ਪ੍ਰਾਂਤ ਵਿੱਚ ਦੀ ਪ੍ਰਤੀ ਵਿਅਕਤੀ ਆਮਦਨ ਤੋਂ ਅਸੀਂ ਉਸ ਪ੍ਰਾਂਤ ਦੀ ਪੂਰੀ ਤਸਵੀਰ ਨਹੀਂ ਦੇਖ ਸਕਦੇ। ਪੰਜਾਬ ਵਿੱਚ ਭਾਵੇਂ 2 ਲੱਖ ਤੋਂ ਉੱਪਰ ਪ੍ਰਤੀ ਵਿਅਕਤੀ ਆਮਦਨ ਹੈ ਪਰ ਪਿੱਛੇ ਜਿਹੇ ਇੱਕ ਰਿਪੋਰਟ ਆਈ ਸੀ ਕਿ ਖੇਤੀ ਵਾਲੇ ਘਰਾਂ ਵਿੱਚ ਸਲਾਨਾ ਆਮਦਨ 30 ਹਜ਼ਾਰ ਰੁਪਏ ਤੋਂ ਵੀ ਘੱਟ ਸੀ। ਇਸ ਤਰ੍ਹਾਂ ਹੀ ਹੋਰ ਕਿਰਤੀ ਘਰਾਂ ਦੀ ਆਮਦਨ 50,000 ਰੁਪਏ ਸਲਾਨਾ ਤੋਂ ਵੀ ਘੱਟ ਹੈ। ਭਾਰਤ ਦਾ ਵਿਕਾਸ ਬਹੁਤ ਅਸਾਵਾਂ ਹੋਇਆ ਹੈ।ਕੁਝ ਪ੍ਰਾਂਤ ਜਿਵੇਂ ਮਹਾਰਾਸ਼ਟਰ, ਤਾਮਿਲਨਾਡੂ, ਕਰਨਾਟਕਾ ਜ਼ਿਆਦਾ ਵਿਕਾਸ ਕਰ ਗਏ ਹਨ ਪਰ ਕੁਝ ਪ੍ਰਾਂਤ ਜਿਵੇਂ ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਵਿਕਾਸ ਦੇ ਪੱਖੋਂ ਪਿੱਛੇ ਰਹੇ ਹਨ। ਪੰਜਾਬ ਵਿੱਚ ਖੇਤੀ ਵਿਕਾਸ ਤਾਂ ਬਹੁਤ ਹੋਇਆ ਹੈ ਕਿਉਂ ਜੋ ਇੱਥੋਂ ਦੇ ਭੂਗੋਲਿਕ ਤੱਤ ਖੇਤੀ ਦੇ ਜ਼ਿਆਦਾ ਅਨਕੂਲ ਸਨ ਪਰ ਉਦਯੋਗਿਕ ਵਿਕਾਸ ਕਈ ਕਾਰਨਾਂ ਕਰਕੇ ਨਹੀਂ ਹੋਇਆ। ਜਿਵੇਂ ਪੰਜਾਬ ਦੇਸ਼ ਦੀਆਂ ਬੰਦਰਗਾਹਾਂ ਤੋਂ 1500 ਕਿਲੋਮੀਟਰ ਦੀ ਦੂਰੀ 'ਤੇ ਹੈ ਜਦੋਂ ਕਿ ਲੋਹੇ, ਕੋਲੇ ਦੇ ਭੰਡਾਰਾਂ ਤੋਂ 1200 ਕਿਲੋਮੀਟਰ ਦੀ ਦੂਰੀ ਹੈ ਜੋ ਇਸਦੀਆਂ ਬਣੀਆਂ ਵਸਤੂਆਂ ਦੀ ਲਾਗਤ ਵਧਾ ਦਿੰਦੀ ਹੈ ਅਤੇ ਨਿਰਯਾਤ ਕਰਨ ਦਾ ਦੂਰੀ ਕਰਕੇ ਵੱਡਾ ਖਰਚਾ ਆਉਂਦਾ ਹੈ।

ਫਿਰ ਦੇਸ਼ ਵਿੱਚ ਸ਼ਹਿਰੀ ਅਤੇ ਪੇਂਡੂ ਵਿਕਾਸ ਦਾ ਵੀ ਵੱਡਾ ਆਸਾਵਾਂਪਣ ਹੈ। ਸ਼ਹਿਰਾਂ ਦਾ ਵਿਕਾਸ ਜ਼ਿਆਦਾ ਹੋਇਆ ਹੈ ਕਿਉਂ ਜੋ ਉੱਥੇ ਆਰਥਿਕ ਢਾਂਚਾ ਜਿਵੇਂ ਸੜਕਾਂ, ਰੇਲਾਂ, ਬਿਜਲੀ, ਬੈਂਕ ਅਤੇ ਮਕੈਨਿਕ ਵਰਕਸ਼ਾਪਾਂ ਆਦਿ ਜ਼ਿਆਦਾ ਸਨ ਪਰ ਪਿੰਡ ਵਿੱਚ ਆਰਥਿਕ ਢਾਂਚਾ ਨਾ ਹੋਣ ਕਰਕੇ ਪਿੰਡ ਵਿਕਾਸ ਨਹੀਂ ਕਰ ਸਕੇ। ਇੱਥੋਂ ਤਕ ਕਿ ਪਿੰਡਾਂ ਵਿੱਚੋਂ ਮਿਲਣ ਵਾਲੇ ਕੱਚੇ ਮਾਲ, ਦੁੱਧ, ਦਾਲ, ਸਬਜ਼ੀਆਂ, ਤੇਲਾਂ ਦੇ ਬੀਜਾਂ ਦੇ ਕਾਰਖਾਨੇ ਵੀ ਪਿੰਡਾਂ ਵਿੱਚ ਨਹੀਂ, ਸ਼ਹਿਰਾਂ ਵਿੱਚ ਲੱਗੇ ਹਨ। ਇਹੋ ਵਜਾਹ ਹੈ ਕਿ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਦੀ ਖਾਤਰ ਸ਼ਹਿਰ ਜਾਣਾ ਪੈਂਦਾ ਹੈ। ਕੋਵਿਡ ਦੇ ਸਮੇਂ ਇਹ ਸਾਬਤ ਹੋਇਆ ਸੀ ਕਿ ਭਾਰਤ ਦੇ 8 ਕਰੋੜ ਦੇ ਕਰੀਬ ਕਿਰਤੀ ਵੱਖ-ਵੱਖ ਪ੍ਰਾਂਤਾਂ ਦੇ ਪਿੰਡਾਂ ਵਿੱਚੋਂ ਵੱਡੇ ਉਦਯੋਗਿਕ ਕੇਂਦਰਾਂ ਵਿੱਚ ਕੰਮ ਦੀ ਖਾਤਰ ਗਏ ਸਨ ਅਤੇ ਕੰਮ ਬੰਦ ਹੋਣ 'ਤੇ ਪੈਦਲ ਜਾਂ ਸਾਈਕਲ 'ਤੇ ਹੀ ਪਰਿਵਾਰਾਂ ਸਮੇਤ ਘਰਾਂ ਨੂੰ ਤੁਰ ਪਏ ਸਨ।

ਵਿਕਾਸ ਦਾ ਲਾਭ ਕੁਝ ਉਦਯੋਗਪਤੀਆਂ, ਵਪਾਰੀਆਂ ਅਤੇ ਕਾਰਪੋਰੇਟ ਸੈਕਟਰ ਨੇ ਜ਼ਿਆਦਾ ਲਿਆ ਹੈ। ਇਹ ਵਧਦੀ ਹੋਈ ਪ੍ਰਤੀ ਆਮਦਨ, ਜਿਹੜੀ ਹੁਣ 2 ਲੱਖ ਰੁਪਏ ਤੋਂ ਉੱਪਰ ਪਹੁੰਚ ਚੁੱਕੀ ਹੈ, ਇਹ ਉਨ੍ਹਾਂ ਘਰਾਣਿਆਂ ਦੀ ਵਧੀ ਹੈ। ਉਨ੍ਹਾਂ ਘਰਾਣਿਆਂ ਦਾ ਹੀ ਕੁੱਲ ਘਰੇਲੂ ਉਤਪਾਦਨ ਵਿੱਚ ਜ਼ਿਆਦਾ ਹਿੱਸਾ ਹੈ। ਗ਼ਰੀਬੀ, ਅਮੀਰੀ ਦਾ ਪਾੜ੍ਹਾ ਬਹੁਤ ਵਧਿਆ ਹੈ। ਅਜੇ ਵੀ 140 ਕਰੋੜ ਦੀ ਅਬਾਦੀ ਵਿੱਚੋਂ ਬਹੁਤ ਲੋਕ ਬੇਘਰੇ ਹਨ। ਇੱਕ ਉਹ ਵਰਗ ਹੈ ਜਿਨ੍ਹਾਂ ਦੀ ਪਹੁੰਚ ਤੋਂ ਆਪਣਾ ਘਰ ਹੋਰ ਦੂਰ ਹੋ ਰਿਹਾ ਹੈ ਕਿਉਂ ਜੋ ਘਰਾਂ ਵਾਸਤੇ ਜ਼ਮੀਨ ਅਤੇ ਹੋਰ ਸਮਾਨ ਵਿੱਚ ਮਹਿੰਗਾਈ ਹੋ ਰਹੀ ਹੈ।

(ਬਾਕੀ ਸਫ਼ਾ 27 'ਤੇ)




# ਘਾਟੇ ਵਿੱਚ ਕਿਉਂ ਹਨ ਸਨਅਤੀ ਖੇਤਰ ?

ਦਵਿੰਦਰ ਕੌਰ ਖੁਸ਼ ਧਾਲੀਵਾਲ

ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਦੇ ਅੱਠ ਮੁੱਖ ਸਨਅਤੀ ਖੇਤਰਾਂ (ਇਨ੍ਹਾਂ ਨੂੰ ਕੋਰ ਖੇਤਰ ਵੀ ਕਿਹਾ ਜਾਂਦਾ ਹੈ) ਵਿੱਚ ਵਾਧਾ ਦਰ ਕਾਫ਼ੀ ਸੁੰਗੜ ਚੁੱਕੀ ਹੈ। ਮਈ 2026 ਵਿੱਚ ਇਨ੍ਹਾਂ ਖੇਤਰਾਂ ਦੀ ਵਾਧਾ ਦਰ 0.5 ਫ਼ੀਸਦੀ ਹੋ ਚੁੱਕੀ ਸੀ, ਜੋ ਪਿਛਲੇ ਸੱਤ ਮਹੀਨਿਆਂ ਵਿੱਚ ਸਭ ਤੋਂ ਹੇਠਲੇ ਪੱਧਰ ਉੱਤੇ ਸੀ। ਇਸ ਤੋਂ ਪਹਿਲਾਂ ਅਕਤੂਬਰ 2025 ਵਿੱਚ ਇਨ੍ਹਾਂ ਮੁੱਖ ਖੇਤਰਾਂ ਦੀ ਵਾਧਾ ਦਰ ਮਨਫ਼ੀ 0.1 ਫ਼ੀਸਦੀ ਸੀ। ਸਰਕਾਰੀ ਅੰਕੜਿਆਂ ਅਨੁਸਾਰ ਅਕਤੂਬਰ 2025 ਨੂੰ ਛੱਡ ਦੇਈਏ ਤਾਂ ਮਈ 2026 ਦੀ ਵਾਧਾ ਦਰ ਪਿਛਲੇ 21 ਮਹੀਨਿਆਂ ਵਿੱਚ ਸਭ ਤੋਂ ਹੇਠਲੇ ਪੱਧਰ ਉੱਤੇ ਹੈ। ਅਪਰੈਲ 2026 ਵਿੱਚ ਇਨ੍ਹਾਂ ਮੁੱਖ ਖੇਤਰਾਂ ਦੀ ਵਾਧਾ ਦਰ ਕੁੱਲ ਮਿਲਾ ਕੇ 1.8 ਫ਼ੀਸਦੀ ਸੀ ਅਤੇ ਪਿਛਲੀ ਮਈ ਵਿੱਚ 1.2 ਫ਼ੀਸਦੀ। ਅੱਠ ਮੁੱਖ ਸਨਅਤੀ ਖੇਤਰਾਂ ਦੀ ਵਾਧਾ ਦਰ ਘਟਣ ਦੇ ਮਸਲੇ ਉੱਤੇ ਮੁੱਖਧਾਰਾ ਦੇ ਅਰਥਸ਼ਾਸਤਰੀ ਕੁੱਲ ਅਰਥਚਾਰੇ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੇ ਵਿਚਾਰ ਪੇਸ਼ ਕਰ ਰਹੇ ਹਨ। ਇਨ੍ਹਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਅੱਠ ਮੁੱਖ ਸਨਅਤੀ ਖੇਤਰ ਕਿਹੜੇ ਹਨ ਤੇ ਇਨ੍ਹਾਂ ਦੇ ਅੰਕੜੇ ਕੁੱਲ ਅਰਥਚਾਰੇ ਦੀ ਸਿਹਤ ਬਾਰੇ ਕੀ ਦਰਸਾਉਂਦੇ ਹਨ ?

ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੇ ਅੱਠ ਮੁੱਖ ਸਨਅਤੀ ਖੇਤਰ ਹਨ- ਪੈਟਰੋਲ ਰਿਫਾਇਨਰੀ ਪੈਦਾਵਾਰ, ਬਿਜਲੀ ਦੀ ਪੈਦਾਵਾਰ, ਸਟੀਲ ਦੀ ਪੈਦਾਵਾਰ, ਕੋਲੇ ਦੀ ਪੈਦਾਵਾਰ, ਕੱਚਾ ਤੇਲ, ਕੁਦਰਤੀ ਗੈਸ, ਸੀਮਿੰਟ ਦੀ ਪੈਦਾਵਾਰ ਅਤੇ ਰਸਾਇਣ। ਪਹਿਲੀ ਗੱਲ, ਭਾਰਤ ਦੇ ਇਨ੍ਹਾਂ ਅੱਠ ਖੇਤਰਾਂ ਨੂੰ ਮੁੱਖ ਸਨਅਤੀ ਖੇਤਰ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਕੁੱਲ ਸਨਅਤੀ ਪੈਦਾਵਾਰ ਸੂਚਕ-ਅੰਕ ਵਿੱਚ ਇਨ੍ਹਾਂ ਦਾ ਹਿੱਸਾ 40 ਫ਼ੀਸਦੀ ਤੋਂ ਵਧੇਰੇ ਹੈ। ਇਸ ਵਿੱਚ ਇਕੱਲੀ ਪੈਟਰੋਲ ਰਿਫਾਇਨਰੀ ਦੀ ਪੈਦਾਵਾਰ ਦਾ ਹਿੱਸਾ ਹੀ 28 ਫ਼ੀਸਦੀ ਤੋਂ ਕੁਝ ਵੱਧ ਹੈ। ਇਉਂ ਇਨ੍ਹਾਂ ਅੱਠ ਮੁੱਖ ਸਨਅਤੀ ਖੇਤਰਾਂ ਦੀ ਹਾਲਤ ਕਾਫ਼ੀ ਸਟੀਕ ਤਰੀਕੇ ਨਾਲ ਕੁੱਲ ਸਨਅਤੀ ਖੇਤਰ ਦੀ ਸਿਹਤ ਦੀ ਸੂਚਕ ਹੈ।



ਦੂਜੀ ਗੱਲ, ਇਨ੍ਹਾਂ ਅੱਠ ਮੁੱਖ ਸਨਅਤੀ ਖੇਤਰਾਂ ਦੀਆਂ ਉਪਜਾਂ ਅਜਿਹੀਆਂ ਹਨ, ਜੋ ਕੁੱਲ ਅਰਥਚਾਰੇ ਦੇ ਵੱਖ-ਵੱਖ ਖੇਤਰਾਂ ਵਿੱਚ ਵਰਤੀਆਂ ਜਾਂਦੀਆਂ ਹਨ। ਇਸ ਕਰਕੇ ਇਨ੍ਹਾਂ ਮੁੱਖ ਖੇਤਰਾਂ ਦੀ ਵਾਧਾ ਦਰ ਦਾ ਸੁੰਗੜਨਾ ਆਮ ਤੌਰ ਉੱਤੇ ਇਹ ਸੰਕੇਤ ਦਿੰਦਾ ਹੈ ਕਿ ਹੋਰਨਾਂ ਖੇਤਰਾਂ ਵਿੱਚ ਇਨ੍ਹਾਂ ਦੀ ਉਪਜ ਦੀ ਮੰਗ ਘਟ ਰਹੀ ਹੈ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਅਰਥਚਾਰੇ ਦੇ ਹੋਰਨਾਂ ਖੇਤਰਾਂ ਵਿੱਚ ਨਿਵੇਸ਼ ਘਟ ਰਿਹਾ ਹੈ। ਉਦਾਹਰਨ ਵਜੋਂ ਬਿਜਲੀ ਦੀ ਪੈਦਾਵਾਰ ਅੱਠ ਮੁੱਖ ਖੇਤਰਾਂ ਵਿੱਚੋਂ ਇੱਕ ਹੈ ਤੇ ਬਿਜਲੀ ਦੀ ਵਰਤੋਂ ਖੇਤੀਬਾੜੀ, ਸਨਅਤ ਅਤੇ ਸੇਵਾ ਖੇਤਰ ਵਿੱਚ ਹੁੰਦੀ ਹੈ। ਇਸ ਦੀ ਪੈਦਾਵਾਰ ਦਾ ਘਟਣਾ ਆਮ ਤੌਰ ਉੱਤੇ ਕੁੱਲ ਅਰਥਚਾਰੇ ਵਿੱਚ ਇਸ ਦੀ ਘੱਟ ਮੰਗ ਜਾਂ ਪੂਰਤੀ ਨੂੰ ਦਰਸਾਉਂਦਾਹੈ। ਇਸ ਦਾ ਹੇਠਾਂ ਜਾਣਾ ਕੁੱਲ ਅਰਥਚਾਰੇ ਦੀ ਵਿਗੜਦੀ ਸਿਹਤ ਦਾ ਸੂਚਕ ਮੰਨਿਆ ਜਾਂਦਾ ਹੈ। ਇਹੋ ਗੱਲ ਘੱਟ ਜਾਂ ਵੱਧ ਹੋਰਨਾਂ ਮੁੱਖ ਖੇਤਰਾਂ ਬਾਰੇ ਵੀ ਸਹੀ ਹੈ।

ਵੱਖੋ-ਵੱਖਰੇ ਮੁੱਖ ਖੇਤਰਾਂ ਦੀ ਵਾਧਾ ਦਰ 'ਤੇ ਵੀ ਇੱਕ ਨਜ਼ਰ ਮਾਰਨੀ ਜ਼ਰੂਰੀ ਹੈ। ਕੇਂਦਰੀ ਵਣਜ ਤੇ ਸਨਅਤ ਮੰਤਰਾਲੇ ਵੱਲੋਂ ਜਾਰੀ ਕੀਤੇ ਆਰਜ਼ੀ ਅੰਕੜਿਆਂ ਅਨੁਸਾਰ ਕੋਲੇ ਦੀ ਪੈਦਾਵਾਰ 9.3 ਫ਼ੀਸਦੀ ਨਾਲ ਘਟੀ (ਜੋ ਪਿਛਲੇ 10 ਮਹੀਨਿਆਂ ਦੀ ਸਭ ਤੋਂ ਨੀਵੀਂ ਦਰ ਸੀ), ਪੈਟਰੋਲ ਰਿਫਾਇਨਰੀ ਉਪਜਾਂ ਵਿੱਚ ਮਈ 2025 ਦੇ ਮੁਕਾਬਲੇ 8.7 ਫ਼ੀਸਦੀ ਦੀ ਗਿਰਾਵਟ ਆਈ। ਇੰਝ ਹੀ ਕੱਚੇ ਤੇਲ ਤੇ ਕੁਦਰਤੀ ਗੈਸ ਦੀ ਪੈਦਾਵਾਰ ਵਿੱਚ ਵੀ ਕ੍ਰਮਵਾਰ 4.6 ਫ਼ੀਸਦੀ ਤੇ ਲਗਪਗ 5 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਰਸਾਇਣਾਂ ਦੀ ਪੈਦਾਵਾਰ ਲਗਪਗ 1 ਫ਼ੀਸਦੀ ਘਟੀ। ਇਹ ਉਪਜਾਂ ਖੇਤੀਬਾੜੀ ਤੇ ਸੇਵਾ ਖੇਤਰ ਸਮੇਤ ਵਣਜ, ਆਵਾਜਾਈ ਤੇ ਸਨਅਤਾਂ ਆਦਿ ਵਿੱਚ ਵਰਤੀਆਂ ਜਾਣ ਵਾਲੀਆਂ ਹਨ। ਸਾਫ਼ ਹੈ ਕਿ ਕੁੱਲ ਅਰਥਚਾਰੇ ਉੱਤੇ ਹੀ ਇਸ ਦੇ ਘੱਟ-ਵੱਧ ਅਸਰ ਦੇਖਣ ਨੂੰ ਮਿਲਣਗੇ।

ਮੁੱਖਧਾਰਾ ਦੇ ਅਰਥਸ਼ਾਸਤਰੀਆਂ ਦਾ ਇੱਕ ਹਿੱਸਾ ਇਨ੍ਹਾਂ ਮੁੱਖ ਖੇਤਰਾਂ ਦੀ ਘਟਦੀ ਵਾਧਾ ਦਰ ਨੂੰ ਨਿਰੋਲ ਫੌਰੀ ਕੌਮਾਂਤਰੀ ਹਾਲਾਤ ਨਾਲ ਜੋੜ ਕੇ ਦੇਖ ਰਿਹਾ ਹੈ। ਉਨ੍ਹਾਂ ਅਨੁਸਾਰ ਇਹ ਸਿੱਧਾ-ਸਿੱਧਾ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਦਾ ਨਤੀਜਾ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਤੋਂ ਇਨ੍ਹਾਂ ਦਾ ਭਾਵ ਉਨ੍ਹਾਂ ਕੌਮਾਂਤਰੀ ਹਾਲਾਤ ਤੋਂ ਹੈ ਜੋ ਅਮਰੀਕੀ ਸਾਮਰਾਜ ਵੱਲੋਂ ਇਰਾਨ ਉੱਤੇ ਹਮਲੇ ਦੇ ਸਿੱਟੇ ਵਜੋਂ ਪੈਦਾ ਹੋਏ ਹਨ। ਇਸ ਜੰਗ ਵਿੱਚ ਪੱਛਮੀ ਏਸ਼ੀਆ ਦੇ ਵੱਡੇ ਤੇਲ ਉਤਪਾਦਕ ਖਿੱਚੇ ਗਏ ਹਨ ਤੇ ਨਾਲ ਹੀ ਹੋਰਮੁਜ਼ ਲਾਂਘਾ ਲੰਮੇ ਸਮੇਂ ਲਈ ਬੰਦ ਰਿਹਾ ਹੈ। ਇਸ ਲਈ, ਇਨ੍ਹਾਂ ਅਰਥਸ਼ਾਸਤਰੀਆਂ ਦਾ ਮਤ ਹੈ ਕਿ ਭਾਰਤ ਦੇ ਮੁੱਖ ਖੇਤਰ (ਖਾਸ ਤੌਰ ਉੱਤੇ ਕੱਚੇ ਤੇਲ, ਰਸਾਇਣਾਂ ਤੇ ਪੈਟਰੋਲੀਅਮ ਰਿਫਾਇਨਰੀ ਪੈਦਾਵਾਰ) ਦੀ ਹਾਲਤ ਨਿਰੋਲ ਇਸ ਕੌਮਾਂਤਰੀ ਸਥਿਤੀ ਦੀ ਹੀ ਦੇਣ ਹੈ। ਹੁਣ ਇਹ ਜੰਗ ਰੁਕਣ ਤੇ ਹਾਲਾਤ ਸੁਧਰਨ ਵੱਲ ਇਸ਼ਾਰਾ ਕਰ ਰਹੇ ਹਨ ਜਿਸ ਕਰਕੇ ਇਨ੍ਹਾਂ ਅਨੁਸਾਰ ਜਲਦ ਹੀ ਸਨਅਤ ਦੇ ਮੁੱਖ ਖੇਤਰ ਸਮੇਤ ਭਾਰਤੀ ਅਰਥਚਾਰਾ ਮੁੜ ਲੀਹ ਉੱਤੇ ਪੈ ਜਾਵੇਗਾ।

ਇੱਕ ਪਲ ਲਈ ਜੇਕਰ ਇਹ ਗੱਲ ਮੰਨ ਵੀ ਲਈਏ ਤਾਂ ਵੀ ਇੱਥੇ ਇਹ ਕਹਿਣਾ ਜ਼ਰੂਰੀ ਹੈ ਕਿ ਇਸ ਜੰਗ ਨੇ ਭਾਰਤੀ ਅਰਥਚਾਰੇ ਦੀ ਆਤਮ-ਨਿਰਭਰਤਾ ਉੱਤੇ ਸਵਾਲੀਆ ਨਿਸ਼ਾਨ ਖੜ੍ਹੇ ਕੀਤੇ ਹਨ ਤੇ ਇਹ ਸਪੱਸ਼ਟ ਕੀਤਾ ਹੈ ਕਿ ਭਾਰਤ ਆਪਣੇ ਮੁੱਖ ਖੇਤਰਾਂ ਦੀ ਪੈਦਾਵਾਰ ਲਈ ਵਿਦੇਸ਼ੀ ਸਰੋਤਾਂ ਅਤੇ ਵਪਾਰ ਉੱਤੇ ਕਿਸ ਹੱਦ ਤੱਕ ਨਿਰਭਰ ਹੈ। ਇਸ ਤੋਂ ਉਲਟ, ਅਰਥਸ਼ਾਸਤਰੀਆਂ ਦੇ ਇੱਕ ਹਿੱਸੇ ਦਾ ਮੰਨਣਾ ਹੈ ਕਿ ਮੌਜੂਦਾ ਕੌਮਾਂਤਰੀ ਹਾਲਤ ਨੇ ਭਾਰਤੀ ਅਰਥਚਾਰੇ ਨੂੰ ਖੜੋਤ ਵੱਲ ਧੱਕਣ ਵਿੱਚ ਤੇਜ਼ੀ ਲਿਆਂਦੀ ਹੈ, ਪਰ ਇਸ ਦੇ ਆਸਾਰ ਤੇ ਰੁਝਾਨ ਲੰਬੇ ਸਮੇਂ ਤੋਂ ਮੌਜੂਦ ਸਨ। ਅਸਲ ਵਿੱਚ ਮੁੱਖ ਖੇਤਰਾਂ ਦੀ ਕੁੱਲ ਵਾਧਾ ਦਰ ਵਿੱਤੀ ਵਰ੍ਹੇ 2025-26 ਵਿੱਚ ਬੇਹੱਦ ਨੀਵੀਂ 1.1 ਫ਼ੀਸਦੀ ਰਹੀ ਹੈ। ਘਰੇਲੂ ਕੱਚਾ ਤੇਲ ਤੇ ਕੁਦਰਤੀ ਗੈਸ ਦੀ ਪੈਦਾਵਾਰ ਸਿਰਫ਼ ਇਸ ਮਈ ਮਹੀਨੇ ਵਿੱਚ ਨਹੀਂ ਸੁੰਗੜੀ ਸਗੋਂ ਪਿਛਲੇ ਕਈ ਸਾਲਾਂ ਤੋਂ ਇਸ ਦੀ ਵਾਧਾ ਦਰ ਬੇਹੱਦ ਨੀਵੀਂ ਰਹੀ ਹੈ ਜਾਂ ਘਟੀ ਵੀ ਹੈ। ਪਿਛਲੇ ਸਮੇਂ ਵਿੱਚ ਕੁਝ ਅਰਥਸ਼ਾਸਤਰੀਆਂ ਨੇ ਵੱਖੋ-ਵੱਖ ਖੋਜ ਪੱਤਰਾਂ ਰਾਹੀਂ ਇਹ ਵੀ ਸਾਬਤ ਕੀਤਾ ਹੈ ਕਿ ਮੋਦੀ ਸਰਕਾਰ ਸਮੇਂ ਕੁੱਲ ਘਰੇਲੂ ਪੈਦਾਵਾਰ ਨੂੰ ਗ਼ਲਤ ਢੰਗ ਨਾਲ ਮਾਪਿਆ ਗਿਆ ਹੈ। ਅਸਲ ਵਿੱਚ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ ਕਾਫ਼ੀ ਹੇਠਾਂ ਅਤੇ ਮੋਦੀ ਸਰਕਾਰ ਦੇ ਦਾਅਵਿਆਂ ਤੋਂ ਕਾਫ਼ੀ ਦੂਰ ਹੈ। ਕੁੱਲ ਘਰੇਲੂ ਪੈਦਾਵਾਰ ਵਧੇਰੇ ਤੋਂ ਵਧੇਰੇ ਖੜੋਤ ਵਾਲੇ ਹਾਲਾਤ ਵੱਲ ਵਧ ਰਹੀ ਹੈ।

(ਬਾਕੀ ਸਫ਼ਾ 27 'ਤੇ)

# ਵਿਕਾਸ ਦੇ ਬਾਵਜੂਦ ਨੌਕਰੀਆਂ ਦਾ ਸੋਕਾ, ਡਿਗਰੀਆਂ ਹੱਥ 'ਚ ਪਰ ਨੌਜਵਾਨ ਬੇਰੁਜ਼ਗਾਰ



ਡਾ. ਅੰਮ੍ਰਿਤ ਸਾਗਰ ਮਿੱਤਲ

ਭਾਰਤ ਦੀ ਅਰਥਵਿਵਸਥਾ ਉਸ ਰਫ਼ਤਾਰ ਨਾਲ ਵਧ ਰਹੀ ਹੈ ਜਿਸ 'ਤੇ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਨੂੰ ਮਾਣ ਹੋਵੇ। ਵਿੱਤ ਮੰਤਰਾਲੇ ਦੇ ਤਾਜ਼ਾ ਮੁਲਾਂਕਣ ਅਨੁਸਾਰ ਜੁਲਾਈ ਤੋਂ ਸਤੰਬਰ ਦੀ ਤਿਮਾਹੀ ਵਿੱਚ ਵਿਕਾਸ ਦਰ ਕਰੀਬ 7.3 ਫ਼ੀਸਦੀ ਰਹਿਣ ਦਾ ਅਨੁਮਾਨ ਹੈ, ਜਦਕਿ ਅਪ੍ਰੈਲ ਤੋਂ ਜੂਨ 2026 ਦੌਰਾਨ ਜੀ.ਡੀ.ਪੀ. 7.8 ਫ਼ੀਸਦੀ ਵਧੀ ਹੈ। ਇਸ ਵਾਧੇ ਦਾ ਮੁੱਖ ਕਾਰਨ ਨਿਰਮਾਣ ਅਤੇ ਸੇਵਾ ਖੇਤਰ ਵਿੱਚ ਤਰੱਕੀ ਰਿਹਾ ਹੈ। ਫਿਰ ਵੀ ਇਨ੍ਹਾਂ ਪ੍ਰਭਾਵਸ਼ਾਲੀ ਅੰਕੜਿਆਂ ਹੇਠ ਇੱਕ ਚਿੰਤਾਜਨਕ ਸਵਾਲ ਲੁਕਿਆ ਹੋਇਆ ਹੈ: ਉਹ ਨੌਕਰੀਆਂ ਕਿੱਥੇ ਹਨ, ਜਿਨ੍ਹਾਂ ਨੇ ਭਾਰਤ ਦੀ ਜਨਰੇਸ਼ਨ ਜ਼ੈੱਡ ਦੀਆਂ ਉਮੀਦਾਂ ਪੂਰੀਆਂ ਕਰਨੀਆਂ ਹਨ?

ਅਗਸਤ 2026 ਦੇ ਤਾਜ਼ਾ ਮਾਸਿਕ ਪੀ.ਐੱਲ.ਐੱਫ.ਐੱਸ. ਅੰਕੜਿਆਂ ਵਿੱਚ ਆਮ ਬੇਰੁਜ਼ਗਾਰੀ ਦਰ 5 ਫ਼ੀਸਦੀ ਦਿਖਾਈ ਗਈ ਹੈ, ਪਰ 15 ਤੋਂ 29 ਸਾਲ ਦੇ ਨੌਜਵਾਨਾਂ ਵਿੱਚ ਇਹ ਦਰ ਇਸ ਤੋਂ ਕਿਤੇ ਵੱਧ ਹੈ। ਜੂਨ ਵਿੱਚ ਇਹ 16.2 ਫ਼ੀਸਦੀ ਤੱਕ ਪਹੁੰਚ ਗਈ ਸੀ ਅਤੇ ਅਗਸਤ ਤੱਕ ਘਟ ਕੇ ਕਰੀਬ 15 ਫ਼ੀਸਦੀ 'ਤੇ ਆਈ, ਜਦਕਿ ਅਨਪੜ੍ਹਾਂ ਵਿੱਚ ਇਹ ਸਿਰਫ਼ 0.3 ਫ਼ੀਸਦੀ ਸੀ। ਦੂਜੇ ਸ਼ਬਦਾਂ ਵਿੱਚ, ਕਿਰਤ ਬਾਜ਼ਾਰ ਵਿੱਚ ਦਾਖ਼ਲ ਹੋਣ ਵਾਲੇ ਹਰ 6 ਨੌਜਵਾਨਾਂ ਵਿੱਚੋਂ ਇੱਕ ਬੇਰੁਜ਼ਗਾਰ ਸੀ। ਇਹ ਖ਼ਾਸ ਤੌਰ 'ਤੇ ਇਸ ਲਈ ਚਿੰਤਾਜਨਕ ਹੈ ਕਿਉਂਕਿ ਭਾਰਤ ਦਾ ਜਨਸੰਖਿਆ ਲਾਭ ਸਦਾ ਲਈ ਨਹੀਂ ਰਹੇਗਾ। 'ਸਟੇਟ ਆਫ਼ ਵਰਕਿੰਗ ਇੰਡੀਆ 2026' ਅਨੁਸਾਰ ਕੰਮਕਾਜੀ ਉਮਰ ਵਾਲੀ ਆਬਾਦੀ ਦੀ ਹਿੱਸੇਦਾਰੀ 2030 ਤੋਂ ਬਾਅਦ ਘਟਣੀ ਸ਼ੁਰੂ ਹੋਣ ਦਾ ਅਨੁਮਾਨ ਹੈ। ਇਸ ਲਈ ਨੌਜਵਾਨ ਆਬਾਦੀ ਨੂੰ ਆਰਥਿਕ ਲਾਭ ਵਿੱਚ ਬਦਲਣ ਦਾ ਸਮਾਂ ਹੱਥੋਂ ਨਿਕਲਦਾ ਜਾ ਰਿਹਾ ਹੈ।

ਭਾਰਤ ਵਿੱਚ ਬੇਰੁਜ਼ਗਾਰੀ ਦੇ ਅੰਕੜੇ ਰੁਜ਼ਗਾਰ ਦੀ ਅਸਲ ਗੁਣਵੱਤਾ ਨੂੰ ਲੁਕਾ ਸਕਦੇ ਹਨ। ਸਾਲ 2025 ਵਿੱਚ 56.2 ਫ਼ੀਸਦੀ ਕਾਮੇ ਸਵੈ-ਰੁਜ਼ਗਾਰ ਵਿੱਚ ਸਨ, ਜਦਕਿ ਸਿਰਫ਼ 23.6 ਫ਼ੀਸਦੀ ਨਿਯਮਿਤ ਤਨਖ਼ਾਹ ਵਾਲੇ ਕੰਮ 'ਤੇ ਸਨ। ਭਾਵੇਂ ਨਿਰਮਾਣ ਕਾਰਜਾਂ ਵਿੱਚ ਰੁਜ਼ਗਾਰ ਦੀ ਹਿੱਸੇਦਾਰੀ ਵਧ ਕੇ 12.1 ਫ਼ੀਸਦੀ ਹੋ ਗਈ ਹੈ, ਪਰ ਖੇਤੀਬਾੜੀ ਅਜੇ ਵੀ 43 ਫ਼ੀਸਦੀ ਆਬਾਦੀ ਨੂੰ ਰੁਜ਼ਗਾਰ ਦੇ ਰਹੀ ਹੈ। ਭਾਰਤ ਦੀ ਅਸਲ ਚੁਣੌਤੀ ਸਿਰਫ਼ ਨੌਕਰੀਆਂ ਦੀ ਗਿਣਤੀ ਵਧਾਉਣਾ ਹੀ ਨਹੀਂ, ਸਗੋਂ ਉਤਪਾਦਕ, ਸਥਿਰ, ਢੁੱਕਵੀਂ ਤਨਖ਼ਾਹ ਵਾਲੀਆਂ ਅਤੇ ਨੌਜਵਾਨਾਂ ਦੀ ਯੋਗਤਾ ਮੁਤਾਬਕ ਨੌਕਰੀਆਂ ਪੈਦਾ ਕਰਨਾ ਹੈ।

ਸਿੱਖਿਆ ਅਤੇ ਰੁਜ਼ਗਾਰ ਵਿਚਕਾਰਲਾ ਪਾੜਾ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਉਂਦਾ ਹੈ। 'ਸਟੇਟ ਆਫ਼ ਵਰਕਿੰਗ ਇੰਡੀਆ 2026' ਮੁਤਾਬਕ 15 ਤੋਂ 25 ਸਾਲ ਦੀ ਉਮਰ ਦੇ ਗ੍ਰੈਜੂਏਟਾਂ ਵਿੱਚ ਬੇਰੁਜ਼ਗਾਰੀ ਕਰੀਬ 40 ਫ਼ੀਸਦੀ ਹੈ, ਜਦੋਂਕਿ 25 ਤੋਂ 29 ਸਾਲ ਵਰਗ ਵਿੱਚ ਇਹ ਲਗਭਗ 20 ਫ਼ੀਸਦੀ ਹੈ। ਸਾਲ 2023 ਵਿੱਚ 20 ਤੋਂ 29 ਸਾਲ ਦੇ 6.3 ਕਰੋੜ ਗ੍ਰੈਜੂਏਟਾਂ ਵਿੱਚੋਂ 1.1 ਕਰੋੜ ਬੇਰੁਜ਼ਗਾਰ ਸਨ।




ਇਸ ਦਾ ਮਤਲਬ ਇਹ ਹੋਇਆ ਕਿ ਡਿਗਰੀ ਹੁਣ ਕਰੀਅਰ ਦਾ ਸੁਨਹਿਰੀ ਦਰਵਾਜ਼ਾ ਨਹੀਂ, ਸਗੋਂ ਕਤਾਰ ਵਿੱਚ ਖੜ੍ਹੇ ਹੋਣ ਦਾ ਮਹਿਜ਼ ਟੋਕਨ ਬਣ ਕੇ ਰਹਿ ਗਈ ਹੈ।

### ਚੰਗੀਆਂ ਨੌਕਰੀਆਂ ਦੀ ਕਮੀ ਕਿਉਂ?

ਵਿਕਾਸ ਦਾ ਢਾਂਚਾ: ਪੂੰਜੀ ਅਤੇ ਉੱਚ-ਉਤਪਾਦਕਤਾ ਵਾਲੇ ਖੇਤਰ ਵੱਡੀ ਗਿਣਤੀ ਵਿੱਚ ਕਾਮਿਆਂ ਨੂੰ ਸ਼ਾਮਲ ਕੀਤੇ ਬਿਨਾਂ ਵੱਡਾ ਆਰਥਿਕ ਮੁੱਲ ਪੈਦਾ ਕਰ ਸਕਦੇ ਹਨ। ਵਿੱਤ ਅਤੇ ਤਕਨਾਲੋਜੀ ਦੇ ਖੇਤਰਾਂ ਤੋਂ ਮਿਲਣ ਵਾਲਾ ਵਿਕਾਸ ਸ਼ਲਾਘਾਯੋਗ ਜ਼ਰੂਰ ਹੈ, ਪਰ ਘੱਟ ਲੋਕਾਂ ਨੂੰ ਰੁਜ਼ਗਾਰ ਦੇਣ ਕਾਰਨ ਭਾਰਤ ਸਿਰਫ਼ ਇਨ੍ਹਾਂ 'ਤੇ ਨਿਰਭਰ ਰਹਿ ਕੇ ਆਪਣੀ ਵਿਸ਼ਾਲ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਕਰ ਸਕਦਾ।

ਮੈਨੂਫੈਕਚਰਿੰਗ ਖੇਤਰ ਹੁਣ ਤੱਕ ਅਜਿਹਾ ਵੱਡਾ ਸੋਮਾ ਨਹੀਂ ਬਣ ਸਕਿਆ ਜੋ ਲੋਕਾਂ ਨੂੰ ਖੇਤਾਂ ਵਿੱਚੋਂ ਕੱਢ ਕੇ ਕਾਰਖ਼ਾਨਿਆਂ ਵੱਲ ਲੈ ਜਾ ਸਕੇ—ਜਿਵੇਂ ਚੀਨ, ਦੱਖਣੀ ਕੋਰੀਆ ਅਤੇ ਵੀਅਤਨਾਮ ਵਰਗੇ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਹੋਇਆ, ਜਿੱਥੇ ਕਰੋੜਾਂ ਕਾਮੇ ਖੇਤੀ ਛੱਡ ਕੇ ਇਲੈਕਟ੍ਰਾਨਿਕਸ, ਕੱਪੜੇ, ਜੁੱਤੇ ਅਤੇ ਖਿਡੌਣੇ ਬਣਾਉਣ ਦੇ ਕਾਰਖ਼ਾਨਿਆਂ ਵਿੱਚ ਆਏ। ਭਾਰਤ ਵਿੱਚ ਮੈਨੂਫੈਕਚਰਿੰਗ ਜੀ.ਡੀ.ਪੀ. ਦਾ ਸਿਰਫ਼ ਸੱਤਵਾਂ ਹਿੱਸਾ ਹੈ ਅਤੇ ਇਹ ਹਰ 9 ਵਿੱਚੋਂ ਸਿਰਫ਼ ਇੱਕ ਕਾਮੇ ਨੂੰ ਰੁਜ਼ਗਾਰ ਦਿੰਦਾ ਹੈ। ਹਾਲਾਂਕਿ ਸਾਲਾਨਾ ਉਦਯੋਗ ਸਰਵੇਖਣ ਦੇ ਤਾਜ਼ਾ ਅੰਕੜੇ ਉਤਸ਼ਾਹਜਨਕ ਹਨ—2024-25 ਵਿੱਚ ਮੈਨੂਫੈਕਚਰਿੰਗ ਆਊਟਪੁੱਟ 7.81 ਫ਼ੀਸਦੀ ਵਧਣ ਨਾਲ ਰੁਜ਼ਗਾਰ 7.19 ਫ਼ੀਸਦੀ ਵਧਿਆ, ਕਾਮਿਆਂ ਦੀ ਗਿਣਤੀ 2.1 ਕਰੋੜ ਹੋਈ ਅਤੇ ਤਨਖ਼ਾਹਾਂ ਵਿੱਚ 12.08 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਸ ਦੇ ਬਾਵਜੂਦ ਸੰਗਠਿਤ ਮੈਨੂਫੈਕਚਰਿੰਗ ਖੇਤਰ ਕਾਫ਼ੀ ਛੋਟਾ ਹੈ, ਜਿੱਥੇ ਕਰੀਬ 1.9 ਕਰੋੜ ਲੋਕ ਕੰਮ ਕਰ ਰਹੇ ਹਨ, ਜਦਕਿ 3.3 ਕਰੋੜ ਅਸੰਗਠਿਤ ਖੇਤਰ ਵਿੱਚ ਹਨ। ਜਿਸ ਅਰਥਵਿਵਸਥਾ ਵਿੱਚ ਹਰ ਸਾਲ ਲੱਖਾਂ ਨਵੇਂ ਨੌਜਵਾਨ ਕਿਰਤ ਬਾਜ਼ਾਰ ਵਿੱਚ ਦਾਖ਼ਲ ਹੋ ਰਹੇ ਹੋਣ, ਉਸ ਲਈ ਇਹ ਪੱਧਰ ਕਾਫ਼ੀ ਨਹੀਂ ਹੈ। ਭਾਰਤ ਨੂੰ ਸਿਰਫ਼ ਵੱਡੇ ਉਦਯੋਗਾਂ ਦੀ ਹੀ ਨਹੀਂ, ਸਗੋਂ ਕੱਪੜਾ, ਜੁੱਤੀਆਂ, ਫੂਡ ਪ੍ਰੋਸੈਸਿੰਗ ਅਤੇ ਇਲੈਕਟ੍ਰਾਨਿਕਸ ਅਸੈਂਬਲੀ ਵਰਗੇ ਵੱਧ ਰੁਜ਼ਗਾਰ ਦੇਣ ਵਾਲੇ (ਕਿਰਤ-ਸੰਘਣੇ) ਖੇਤਰਾਂ ਦੀ ਲੋੜ ਹੈ; ਜਦਕਿ ਮੌਜੂਦਾ ਪੀ.ਐੱਲ.ਆਈ. ਸਕੀਮਾਂ ਰੁਜ਼ਗਾਰ ਵਧਾਉਣ ਵਾਲੇ ਖੇਤਰਾਂ ਦੀ ਥਾਂ ਮਸ਼ੀਨਰੀ ਤੇ ਪੂੰਜੀ-ਆਧਾਰਿਤ ਉਦਯੋਗਾਂ 'ਤੇ ਵੱਧ ਕੇਂਦਰਿਤ ਹਨ।

ਗ੍ਰੈਜੂਏਟਾਂ ਦੀ ਗਿਣਤੀ ਗੁਣਵੱਤਾ ਵਾਲੀਆਂ ਨੌਕਰੀਆਂ ਦੀ ਉਪਲਬਧਤਾ ਨਾਲੋਂ ਕਿਤੇ ਵੱਧ ਰਫ਼ਤਾਰ ਨਾਲ ਵਧ ਰਹੀ ਹੈ। ਇਸ ਦਾ ਹੱਲ ਗ੍ਰੈਜੂਏਟਾਂ ਦੀ ਗਿਣਤੀ ਘਟਾਉਣਾ ਨਹੀਂ, ਸਗੋਂ ਡਿਗਰੀਆਂ ਨੂੰ ਉਦਯੋਗਾਂ ਦੀ ਲੋੜ ਮੁਤਾਬਕ ਢੁੱਕਵਾਂ ਬਣਾਉਣਾ, ਕਿੱਤਾਮੁਖੀ ਰਾਹਾਂ ਨੂੰ ਮਜ਼ਬੂਤ ਕਰਨਾ ਅਤੇ ਸਿੱਖਿਆ ਨੂੰ ਸਿੱਧਾ ਉਦਯੋਗਾਂ ਨਾਲ ਜੋੜਨਾ ਹੈ। ਇਸ ਸਮੇਂ ਸਭ ਤੋਂ ਵੱਧ ਜ਼ਰੂਰੀ ਹੈ ਕਿ ਰੁਜ਼ਗਾਰ ਨੂੰ ਆਰਥਿਕ ਵਿਕਾਸ ਦਾ ਧੁਰਾ ਬਣਾਇਆ ਜਾਵੇ ਅਤੇ ਜਨਰੇਸ਼ਨ ਜ਼ੈੱਡ ਦੀ ਬੇਚੈਨੀ ਨੂੰ ਸਮਝਿਆ ਜਾਵੇ। ਇਸ ਰਣਨੀਤੀ ਦੇ ਕੇਂਦਰ ਵਿੱਚ ਸੂਖ਼ਮ, ਲਘੂ ਅਤੇ ਦਰਮਿਆਨੇ ਉੱਦਮ ਹੋਣੇ ਚਾਹੀਦੇ ਹਨ। ਸਮੇਂ ਸਿਰ ਭੁਗਤਾਨ, ਸਸਤੀ ਕਾਰਜਸ਼ੀਲ ਪੂੰਜੀ, ਤਕਨਾਲੋਜੀ ਤੱਕ ਸੌਖੀ ਪਹੁੰਚ ਅਤੇ ਰਸਮੀਕਰਨ ਨੂੰ ਉਤਸ਼ਾਹਿਤ ਕਰਨ ਵਾਲਾ ਨਿਯਮਤ ਢਾਂਚਾ—ਇਹ ਸਭ ਹਜ਼ਾਰਾਂ ਛੋਟੀਆਂ ਇਕਾਈਆਂ ਨੂੰ ਉਤਪਾਦਕਤਾ ਅਤੇ ਰੁਜ਼ਗਾਰ ਵਧਾਉਣ ਵਿੱਚ ਮਦਦ ਕਰ ਸਕਦੇ ਹਨ।

ਪੀ.ਐੱਮ. ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਦਾ ਬਜਟ 99,446 ਕਰੋੜ ਰੁਪਏ ਹੈ, ਜਿਸ ਦਾ ਟੀਚਾ 2 ਸਾਲਾਂ ਦੌਰਾਨ 3.5 ਕਰੋੜ ਤੋਂ ਵੱਧ ਨੌਕਰੀਆਂ ਪੈਦਾ ਕਰਨਾ ਹੈ। ਇਨ੍ਹਾਂ ਵਿੱਚੋਂ ਕਰੀਬ 1.92 ਕਰੋੜ ਉਹ ਨੌਜਵਾਨ ਹਨ ਜੋ ਪਹਿਲੀ ਵਾਰ ਰਸਮੀ ਖੇਤਰ ਵਿੱਚ ਕਦਮ ਰੱਖਣਗੇ। ਪਰ ਇਸ ਯੋਜਨਾ ਦੀ ਅਸਲ ਸਫ਼ਲਤਾ ਦਿੱਤੀ ਜਾਣ ਵਾਲੀ ਪ੍ਰੋਤਸਾਹਨ ਰਾਸ਼ੀ ਨਾਲ ਨਹੀਂ, ਸਗੋਂ ਇਸ ਗੱਲ ਨਾਲ ਮਾਪੀ ਜਾਣੀ ਚਾਹੀਦੀ ਹੈ ਕਿ ਸਬਸਿਡੀ ਖ਼ਤਮ ਹੋਣ ਤੋਂ ਬਾਅਦ ਵੀ ਕਿੰਨੇ ਨੌਜਵਾਨ ਇਸ ਰੁਜ਼ਗਾਰ ਵਿੱਚ ਟਿਕੇ ਰਹਿੰਦੇ ਹਨ।

ਹੁਨਰ ਨੀਤੀ ਦੀ ਵੀ ਇਸੇ ਤਰ੍ਹਾਂ ਸਮੀਖਿਆ ਹੋਣੀ ਚਾਹੀਦੀ ਹੈ। ਅਪ੍ਰੈਂਟਿਸਸ਼ਿਪ ਨੂੰ ਕਲਾਸਰੂਮ ਅਤੇ ਕਾਰਜ-ਖੇਤਰ ਵਿਚਕਾਰ ਇੱਕ ਪੁਲ ਬਣਨਾ ਚਾਹੀਦਾ ਹੈ। ਆਈ.ਟੀ.ਆਈ. ਅਤੇ ਪੋਲੀਟੈਕਨਿਕ ਸੰਸਥਾਵਾਂ ਵਿੱਚ ਉਦਯੋਗਪਤੀਆਂ ਦੀ ਭਾਈਵਾਲੀ ਵਧਣੀ ਚਾਹੀਦੀ ਹੈ, ਕੋਰਸ ਉਦਯੋਗਾਂ ਦੀ ਲੋੜ ਮੁਤਾਬਕ ਡਿਜ਼ਾਈਨ ਕੀਤੇ ਜਾਣ ਅਤੇ ਕੰਮ ਦੀ ਥਾਂ 'ਤੇ ਦਿੱਤੀ ਜਾਂਦੀ ਸਿਖਲਾਈ ਨੂੰ ਪੂਰੀ ਮਾਨਤਾ ਮਿਲੇ। ਸਿਰਫ਼ ਨਿਵੇਸ਼ ਦੇ ਵੱਡੇ-ਵੱਡੇ ਐਲਾਨਾਂ ਦੀ ਹੋੜ ਲਾਉਣ ਦੀ ਬਜਾਏ, ਸੂਬਿਆਂ ਦਰਮਿਆਨ ਇਸ ਗੱਲ ਦਾ ਮੁਕਾਬਲਾ ਹੋਣਾ ਚਾਹੀਦਾ ਹੈ ਕਿ ਕਿਸ ਨੇ ਕਿੰਨੀਆਂ ਠੋਸ ਨੌਕਰੀਆਂ ਪੈਦਾ ਕੀਤੀਆਂ? ਕਿੰਨੇ ਸਿੱਖਿਅਤ ਅਪ੍ਰੈਂਟਿਸ ਤਿਆਰ ਕੀਤੇ? ਕਿੰਨੀਆਂ ਔਰਤਾਂ ਨੂੰ ਕਿਰਤ ਬਾਜ਼ਾਰ ਵਿੱਚ ਲਿਆਂਦਾ? ਅਤੇ ਕਿੰਨੇ ਨੌਜਵਾਨਾਂ ਨੂੰ ਗ਼ੈਰ-ਰਸਮੀ ਖੇਤਰ ਤੋਂ ਕੱਢ ਕੇ ਰਸਮੀ ਰੁਜ਼ਗਾਰ ਮੁਹੱਈਆ ਕਰਵਾਇਆ?

# ਭਾਰਤੀ ਅਰਥਚਾਰੇ 'ਤੇ ਨਵ-ਬਸਤੀਵਾਦੀ ਗਲਬਾ

ਮਨਦੀਪ

ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤਾ ਕੋਈ ਮਾਮੂਲੀ ਦੁਵੱਲਾ ਵਪਾਰਕ ਸਮਝੌਤਾ ਨਹੀਂ ਹੈ ਸਗੋਂ ਵਿਸ਼ਵ ਪੂੰਜੀਵਾਦੀ ਨਿਜ਼ਾਮ ਦੁਆਰਾ ਭਾਰਤੀ ਅਰਥਚਾਰੇ ਉੱਤੇ ਆਪਣਾ ਨਵ-ਬਸਤੀਵਾਦੀ ਗਲਬਾ ਹੋਰ ਪੱਕਾ ਕਰਨ ਦੀ ਇੱਕ ਵਿਆਪਕ ਰਣਨੀਤੀ ਹੈ। ਇਹ ਸਮਝੌਤਾ ਭਾਰਤੀ ਅਰਥਵਿਵਸਥਾ, ਖਾਸਕਰ ਖੇਤੀਬਾੜੀ ਅਰਥਚਾਰੇ ਉੱਤੇ ਪੱਛਮੀ ਸਾਮਰਾਜੀ ਪੂੰਜੀ ਦਾ ਸੰਪੂਰਨ ਗਲਬਾ ਪਾਉਣ ਦੀ ਡੂੰਘੀ ਚਾਲ ਹੈ। ਇੱਕ ਪਾਸੇ ਜਿੱਥੇ ਦੇਸ਼ ਦਾ ਹਾਕਮ ਵਰਗ ਅਤੇ ਕਾਰਪੋਰੇਟ ਮੀਡੀਆ ਇਸ ਸਮਝੌਤੇ ਨੂੰ ਵਿਕਾਸ ਅਤੇ ਆਧੁਨਿਕਤਾ ਦਾ ਨਵਾਂ ਦੁਆਰ ਦੱਸ ਕੇ ਇਸ ਦਾ ਮਹਿਮਾ-ਮੰਡਨ ਕਰ ਰਿਹਾ ਹੈ, ਉੱਥੇ ਹੀ ਭਾਰਤ ਦੀ ਵੱਡੀ ਗਿਣਤੀ ਵਸੋਂ, ਖਾਸ ਕਰ ਪੰਜਾਬ ਅਤੇ ਹਰਿਆਣਾ ਦੀ ਕਿਸਾਨੀ ਲਈ ਇਹ ਇਕਰਾਰਨਾਮਾ ਅਸਲ ਵਿੱਚ ਮੌਤ ਦੇ ਪਰਵਾਨੇ ਵਰਗਾ ਹੈ।

ਇਸ ਪੂਰੀ ਖੇਡ ਦਾ ਸਭ ਤੋਂ ਖ਼ਤਰਨਾਕ ਅਤੇ ਸੰਵੇਦਨਸ਼ੀਲ ਪਹਿਲੂ ਖੇਤੀਬਾੜੀ ਖੇਤਰ ਹੈ। ਪੰਜਾਬ, ਜਿਸ ਨੇ ਦਹਾਕਿਆਂ ਤੋਂ ਆਪਣੀ ਮਿੱਟੀ, ਪਾਣੀ ਤੇ ਸਖ਼ਤ ਮਿਹਨਤ ਨਾਲ ਦੇਸ਼ ਦੇ ਅੰਨ-ਭੰਡਾਰ ਭਰੇ ਹਨ, ਇਸ ਪੱਛਮੀ ਸਾਮਰਾਜੀ ਹਮਲੇ ਦੀ ਸਿੱਧੀ ਜ਼ਦ ਵਿੱਚ ਹੈ। ਇਸ ਦੋ-ਪੱਖੀ ਵਪਾਰ ਸਮਝੌਤੇ ਤਹਿਤ ਭਾਰਤ ਅਗਲੇ ਕੁਝ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦੇ ਊਰਜਾ ਸਰੋਤ (ਕੱਚਾ ਤੇਲ, ਕੋਲਾ, ਐੱਲ. ਐੱਨ. ਜੀ.) ਜਾਣਕਾਰੀ, ਬੋਇੰਗ ਜਹਾਜ਼, ਸੰਚਾਰ ਤਕਨੀਕਾਂ ਆਦਿ ਖਰੀਦੇਗਾ। ਇਸ ਵੱਡੇ ਵਪਾਰਕ ਟੀਚੇ ਨੂੰ ਪੂਰਾ ਕਰਨ ਲਈ ਭਾਰਤੀ ਮੰਡੀ ਅਮਰੀਕੀ ਉਤਪਾਦਾਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤੀ ਜਾਵੇਗੀ। ਅਮਰੀਕੀ ਖੇਤੀਬਾੜੀ ਉਤਪਾਦਨ ਦੇ ਮੱਕੀ, ਸੋਇਆਬੀਨ, ਫਲ, ਡੇਅਰੀ ਉਤਪਾਦਾਂ ਉੱਤੇ ਟੈਰਿਫ ਘਟਾ ਕੇ ਉਨ੍ਹਾਂ ਨੂੰ ਭਾਰਤੀ ਬਾਜ਼ਾਰ ਵਿੱਚ ਆਉਣ ਦੀ ਖੁੱਲ੍ਹੀ-ਛੁੱਟੀ ਦਿੱਤੀ ਜਾਵੇਗੀ, ਜਿਸ ਨਾਲ ਭਾਰਤ ਦਾ ਖੇਤੀ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਟੈਰਿਫ ਰਹਿਤ ਅਮਰੀਕੀ ਉਤਪਾਦਾਂ ਦੇ ਮੁਕਾਬਲੇ ਭਾਰਤੀ ਖੇਤੀਬਾੜੀ ਉਤਪਾਦਾਂ ਦਾ ਖੜ੍ਹੇ ਰਹਿਣਾ ਪੂਰੀ ਤਰ੍ਹਾਂ ਗ਼ੈਰ-ਨਿਆਂਇਕ ਹੈ। ਅਮਰੀਕਾ ਵਿੱਚ ਇੱਕ ਔਸਤ ਫਾਰਮ 469 ਏਕੜ ਦਾ ਹੈ ਜਿੱਥੇ ਕਾਰਪੋਰੇਟ ਖੇਤੀ ਨੂੰ ਅਰਬਾਂ ਡਾਲਰ ਦੀ ਸਰਕਾਰੀ ਸਬਸਿਡੀ ਮਿਲਦੀ ਹੈ ਤੇ ਖੇਤੀ ਲਈ ਉੱਚ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਅਮਰੀਕਾ ਵਿੱਚ ਵੱਡੇ ਕਾਰਪੋਰੇਟ ਕਿਸਾਨਾਂ ਦੇ ਆਪਣੇ ਵੱਖਰੇ ਵੱਡੇ ਕਾਰੋਬਾਰ ਹਨ ਤੇ ਉਨ੍ਹਾਂ ਦੀ ਮੁਹਤਾਜਗੀ ਨਿਰੀ-ਪੁਰੀ ਖੇਤੀਬਾੜੀ ਉੱਤੇ ਨਹੀਂ ਹੈ। ਇਸ ਦੇ ਉਲਟ ਭਾਰਤ ਵਿੱਚ ਕਿਸਾਨ ਛੋਟੀਆਂ ਜੋਤਾਂ ਉੱਤੇ ਗੁਜ਼ਾਰਾ ਕਰਦੇ ਹਨ। ਭਾਰਤ ਵਿੱਚ 86 ਫੀਸਦੀ ਤੋਂ ਵੱਧ ਕਿਸਾਨ ਸੀਮਾਂਤ ਹਨ, ਜਿਨ੍ਹਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ। ਜਦੋਂ ਅਮਰੀਕੀ ਸਬਸਿਡੀ-ਯਾਫਤਾ ਸਸਤੀਆਂ ਫ਼ਸਲਾਂ ਮੱਕੀ, ਸੋਇਆਬੀਨ, ਕਪਾਹ, ਫਲ ਤੇ ਡੇਅਰੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਬਿਨਾਂ ਕਿਸੇ ਦਰਾਮਦ ਟੈਰਿਫ ਦੇ ਦਾਖਲ ਹੋਣਗੇ ਤਾਂ ਭਾਰਤੀ ਮੰਡੀ ਵਿੱਚ ਸਸਤੇ ਉਤਪਾਦਾਂ ਦਾ ਹੜ੍ਹ ਆ ਜਾਵੇਗਾ, ਜਿਸ ਨਾਲ ਪੰਜਾਬ ਵਿੱਚ ਕਣਕ-ਝੋਨੇ ਦੇ ਚੱਕਰ 'ਚੋਂ ਨਿਕਲ ਕੇ ਫਸਲੀ ਵੰਨ-ਸੁਵੰਨਤਾ ਅਪਨਾਉਣ ਦੀ ਕੋਈ ਸੰਭਾਵਨਾ ਨਹੀਂ ਬਚੇਗੀ ਅਤੇ ਇਹ ਸਮਝੌਤਾ ਅਸਿੱਧੇ ਤੌਰ 'ਤੇ ਮੰਡੀ ਪ੍ਰਣਾਲੀ (ਏ ਪੀ ਐੱਮ ਸੀ) ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਸਰਕਾਰੀ ਸੁਰੱਖਿਆ ਨੂੰ ਖ਼ਤਮ ਕਰਨ ਦਾ ਰਾਹ ਪੱਧਰਾ ਕਰੇਗਾ। ਇਸ ਨਾਲ ਸਾਡਾ ਛੋਟਾ ਕਿਸਾਨ ਉਸ ਨਾ-ਬਰਾਬਰੀ ਦੇ ਮੁਕਾਬਲੇ ਦੀ ਲੜਾਈ ਵਿੱਚ ਤਬਾਹ ਹੋ ਜਾਵੇਗਾ ਤੇ ਪਹਿਲਾਂ ਤੋਂ ਹੀ ਗਹਿਰਾ ਹੋ ਰਿਹਾ ਪਾਣੀ, ਵਾਤਾਵਰਨ, ਕਰਜ਼ਾ, ਨਸ਼ਾ, ਭ੍ਰਿਸ਼ਟਾਚਾਰ, ਪਰਵਾਸ ਅਤੇ ਬੇਰੁਜ਼ਗਾਰੀ ਦਾ ਸੰਕਟ ਹੋਰ ਗੰਭੀਰ ਰੂਪ ਧਾਰਨ ਕਰ ਲਵੇਗਾ।




ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਹਜ਼ਾਰਾਂ ਏਕੜ ਦੇ ਸਪੈਸ਼ਲ ਫ਼ਾਰਮਿੰਗ ਜ਼ੋਨ ਬਣਾਉਣ ਦੀ ਯੋਜਨਾ ਦੇਸ਼ ਦੀ ਕਿਸਾਨੀ ਦੇ ਵੱਡੇ ਹਿੱਸੇ ਨੂੰ ਮਜ਼ਦੂਰਾਂ ਦੀ ਸ਼੍ਰੇਣੀ ਵੱਲ ਧੱਕ ਦੇਵੇਗੀ। ਇਸ ਤੋਂ ਇਲਾਵਾ ਪੰਜਾਬ ਵਿੱਚ ਡੇਅਰੀ ਫਾਰਮਿੰਗ ਲੱਖਾਂ ਛੋਟੇ ਕਿਸਾਨਾਂ, ਭੂਮੀਹੀਣ ਪੇਂਡੂ ਮਜ਼ਦੂਰਾਂ ਅਤੇ ਪੇਂਡੂ ਔਰਤਾਂ ਦੀ ਰੋਜ਼ੀ-ਰੋਟੀ ਦਾ ਵਸੀਲਾ ਹੈ। ਪਰ ਅਮਰੀਕੀ ਡੇਅਰੀ ਉਦਯੋਗ ਦੇ ਸਸਤੇ ਪਨੀਰ, ਦੁੱਧ ਅਤੇ ਮੱਖਣ ਦਾ ਦਾਖ਼ਲਾ ਸਾਡੇ ਪੇਂਡੂ ਅਰਥਚਾਰੇ ਦੀ ਰੀੜ੍ਹ ਦੀ ਹੱਡੀ 'ਤੇ ਸੱਟ ਮਾਰੇਗਾ। ਪਸ਼ੂ ਪਾਲਣ ਤੇ ਮੁਰਗੀ ਪਾਲਣ ਵਰਗੇ ਖੇਤੀਬਾੜੀ ਸਹਾਇਕ ਧੰਦੇ ਉਜਾੜੇ ਮੂੰਹ ਧੱਕੇ ਜਾਣਗੇ। ਕੈਲੀਫੋਰਨੀਆ ਦੇ ਫਲ ਤੇ ਸੁੱਕੇ ਮੇਵੇ ਕਸ਼ਮੀਰ-ਹਿਮਾਚਲ ਤੇ ਹੋਰ ਪਹਾੜੀ ਖੇਤਰਾਂ ਦੀ ਉਪਜੀਵਿਕਾ ਨੂੰ ਸਿੱਧੀ ਸੱਟ ਮਾਰਨਗੇ। ਉਪਰੋਂ ਭਾਰਤ ਵੱਲੋਂ ਯੂਰਪ ਨਾਲ ਕੀਤੇ ਵਪਾਰ ਸਮਝੌਤੇ ਨਾਲ ਦੁੱਧ, ਪ੍ਰੋਸੈਸਡ ਫੂਡ, ਖਾਣ ਵਾਲੇ ਤੇਲ ਆਦਿ ਨਾਲ ਵੀ ਭਾਰਤੀ ਡੇਅਰੀ ਖੇਤਰ ਉੱਤੇ ਮਾੜੇ ਅਸਰ ਪੈਣੇ ਸੁਭਾਵਿਕ ਹਨ। ਨਾਲ ਹੀ ਭਾਰਤ ਨੇ ਯੂ ਏ ਈ, ਆਸਟ੍ਰੇਲੀਆ, ਇੰਗਲੈਂਡ, ਨਿਊਜ਼ੀਲੈਂਡ, ਜਪਾਨ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਨਾਲ ਦੋ-ਪੱਖੀ ਵਪਾਰਕ ਸਮਝੌਤੇ ਕੀਤੇ ਹਨ ਤੇ ਕਈ ਹੋਰ ਮੁਲਕਾਂ ਨਾਲ ਗੱਲਬਾਤ ਚੱਲ ਰਹੀ ਹੈ।

ਟੈਰਿਫ ਰਹਿਤ ਅਮਰੀਕੀ ਵਸਤੂਆਂ ਅਤੇ ਸੇਵਾਵਾਂ ਲਈ ਵੱਡੇ ਪੱਧਰ 'ਤੇ ਅਮਰੀਕੀ ਡਾਲਰ ਦੀ ਮੰਗ ਵਧਣ ਨਾਲ ਭਾਰਤੀ ਰੁਪਏ ਦੀ ਕਦਰ ਵਿੱਚ ਹੋਰ ਭਾਰੀ ਗਿਰਾਵਟ ਆਵੇਗੀ, ਜਿਸ ਨਾਲ ਊਰਜਾ ਤੇ ਹੋਰ ਜ਼ਰੂਰੀ ਦਰਾਮਦਾਂ ਮਹਿੰਗੀਆਂ ਹੋ ਜਾਣਗੀਆਂ ਅਤੇ ਅਮਰੀਕਾ ਦੀ ਉੱਚ-ਤਕਨਾਲੋਜੀ, ਬੀਜ, ਮੈਡੀਕਲ ਉਪਕਰਨ ਤੇ ਡਿਜੀਟਲ ਸੇਵਾਵਾਂ ਦੀਆਂ ਅਜਾਰੇਦਾਰਾਨਾ ਕੀਮਤਾਂ ਕਾਰਨ ਭਾਰਤ ਦਾ ਵਪਾਰਕ ਘਾਟਾ ਆਸਮਾਨ ਛੂਹਣ ਲੱਗੇਗਾ। ਇਸ ਨਾਲ ਲੁਧਿਆਣਾ ਦਾ ਟੈਕਸਟਾਈਲ, ਜਲੰਧਰ ਦੀ ਖੇਡ ਸਾਮਾਨ ਸਨਅਤ ਅਤੇ ਬਟਾਲੇ ਦੀ ਫਾਊਂਡਰੀ ਵਰਗੇ ਛੋਟੇ ਤੇ ਲਘੂ ਉਦਯੋਗ ਵਿਦੇਸ਼ੀ ਮਾਲ ਦਾ ਮੁਕਾਬਲਾ ਨਾ ਕਰ ਸਕਣ ਕਾਰਨ ਬਰਬਾਦ ਹੋ ਜਾਣਗੇ ਅਤੇ ਰੁਜ਼ਗਾਰ ਦੇ ਮੌਕੇ ਹੋਰ ਸੁੰਗੜ ਜਾਣਗੇ।

ਅਮਰੀਕੀ ਬਹੁ-ਰਾਸ਼ਟਰੀ ਕੰਪਨੀਆਂ ਦੀ ਅਥਾਹ ਪੂੰਜੀ ਅਤੇ ਆਧੁਨਿਕ ਤਕਨਾਲੋਜੀ ਦਾ ਮੁਕਾਬਲਾ ਭਾਰਤ ਦੇ ਛੋਟੇ ਤੇ ਲਘੂ ਉਦਯੋਗ ਨਹੀਂ ਕਰ ਸਕਦੇ ਅਤੇ ਅਮਰੀਕੀ ਉਤਪਾਦਾਂ 'ਤੇ ਟੈਰਿਫ ਘਟਣ ਨਾਲ ਭਾਰਤੀ ਬਾਜ਼ਾਰ ਵਿੱਚ ਸਸਤੇ ਵਿਦੇਸ਼ੀ ਮਾਲ ਦਾ ਹੜ੍ਹ ਆ ਜਾਵੇਗਾ ਜੋ ਘਰੇਲੂ ਉਤਪਾਦਾਂ ਦੀ ਮੰਗ ਨੂੰ ਢਾਹ ਲਾਵੇਗਾ। ਇਸ ਤੋਂ ਇਲਾਵਾ, ਅਮਰੀਕਾ ਦੁਆਰਾ ਮਿਥੀਆਂ ਜਾਣ ਵਾਲੀਆਂ ਸਖ਼ਤ ਸ਼ਰਤਾਂ ਅਤੇ ਗੁਣਵੱਤਾ ਮਿਆਰਾਂ ਨੂੰ ਪੂਰਾ ਕਰਨਾ ਛੋਟੇ ਕਾਰੋਬਾਰੀਆਂ ਲਈ ਬਹੁਤ ਖਰਚੀਲਾ ਹੋਵੇਗਾ, ਜਿਸ ਨਾਲ ਪੰਜਾਬ ਸਮੇਤ ਦੇਸ਼ ਭਰ ਦੀਆਂ ਲਘੂ ਉਦਯੋਗਿਕ ਇਕਾਈਆਂ ਬੰਦ ਹੋਣ ਦੇ ਕੰਢੇ ਪੁੱਜ ਸਕਦੀਆਂ ਹਨ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਸਕਦੇ ਹਨ।

ਟਰੰਪ ਵੱਲੋਂ ਵਿਦੇਸ਼ਾਂ ਵੱਲ ਪੈਸਾ ਭੇਜਣ ਉੱਤੇ ਟੈਕਸ ਤੇ ਕੰਟਰੋਲ ਦੀਆਂ ਕੋਸ਼ਿਸ਼ਾਂ ਭਾਰਤ ਵਿੱਚ ਵਿਦੇਸ਼ਾਂ 'ਚੋਂ ਆਉਂਦੀ ਕਮਾਈ (ਰੈਮੀਟੈਂਸ) ਦੇ ਵਹਾਅ ਉੱਤੇ ਨਾਂਹ-ਪੱਖੀ ਅਸਰ ਪਾਉਣਗੀਆਂ ਅਤੇ ਬੌਧਿਕ ਸੰਪਤੀ ਅਧਿਕਾਰਾਂ ਤੇ ਪੇਟੈਂਟ ਕਾਨੂੰਨਾਂ ਨੂੰ ਸਖ਼ਤ ਕਰਨ ਕਾਰਨ ਭਾਰਤ ਦਾ ਸਸਤਾ ਜੈਨੇਰਿਕ ਦਵਾਈ ਉਦਯੋਗ ਤਬਾਹ ਹੋਣ ਨਾਲ ਇਲਾਜ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ। ਵਿਦੇਸ਼ੀ ਜੀ ਐੱਮ ਬੀਜਾਂ ਦੀ ਵਰਤੋਂ ਭੋਜਨ ਰਾਹੀਂ ਸਾਡੀ ਥਾਲੀ ਤੱਕ ਪਹੁੰਚ ਕੇ ਕੈਂਸਰ ਅਤੇ ਪੇਟ ਦੇ ਗੰਭੀਰ ਰੋਗਾਂ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਬਾਂਝਪਣ ਅਤੇ ਅਨੁਵੰਸ਼ਕ ਨੁਕਸ ਪੈਦਾ ਕਰ ਸਕਦੀਆਂ ਹਨ। ਅਮਰੀਕਾ ਦੇ ਮਨਸ਼ੇ ਬਹੁ-ਰਾਸ਼ਟਰੀ ਡਿਜੀਟਲ ਦਿਗਜ ਕੰਪਨੀਆਂ (ਗੂਗਲ, ਐਪਲ, ਐਮਾਜ਼ੋਨ, ਮੈਟਾ, ਮਾਈਕਰੋਸੌਫਟ) ਰਾਹੀਂ ਡਿਜੀਟਲ ਡੇਟਾ ਉੱਤੇ ਕਬਜ਼ਾ ਕਰਨ (ਬਾਕੀ ਸਫ਼ਾ 27 'ਤੇ)

## ਬੰਗਲਾ ਸਾਹਿਬ ਵਿਵਾਦ

# ਗੁਰੂ ਘਰ 'ਚ ਪੁਲਿਸ ਦੀ ਦਸਤਕ ਅਤੇ ਸਿਆਸੀ ਨਾਅਰੇਬਾਜ਼ੀ 'ਤੇ ਭਖੀ

### ਪਵਿੱਤਰ ਅਸਥਾਨ 'ਤੇ ਹੁਲੜਬਾਜ਼ੀ ਤੇ ਸਿਆਸਤ ਮਨਜ਼ੂਰ ਨਹੀਂ; ਗੁਰਦੁਆਰਾ ਪ੍ਰਬੰਧਕਾਂ ਵੱਲੋਂ ਮਰਿਆਦਾ ਕਾਇਮ ਰੱਖਣ ਦੀ

ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਬੀਤੇ ਦਿਨੀਂ ਵਾਪਰੀ ਘਟਨਾ ਨੇ ਦੇਸ਼ ਭਰ ਵਿੱਚ ਨਵਾਂ ਵਿਵਾਦ ਛੇੜ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਵਿਰੁੱਧ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰਨ ਆਏ ਨੌਜਵਾਨਾਂ ਅਤੇ ਦਿੱਲੀ ਪੁਲਿਸ ਵਿਚਾਲੇ ਹੋਈ ਖਿੱਚੋਤਾਣ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਤੱਕ ਪਹੁੰਚ ਗਈ। ਇਸ ਮਾਮਲੇ ਨੇ ਧਾਰਮਿਕ ਮਰਿਆਦਾ, ਸ਼ਰਨ ਦੇ ਅਧਿਕਾਰ ਅਤੇ ਸਿਆਸੀ ਖਿੱਚੋਤਾਣ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

**ਪੁਲਿਸ ਅੰਦਰ ਕਿਉਂ ਗਈ ਅਤੇ ਕੀ ਹੈ ਉਨ੍ਹਾਂ ਦਾ ਪੱਖ ?**

ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਰੋਸ ਮੁਜ਼ਾਹਰਾ ਕਰਨ ਲਈ ਵੱਖ-ਵੱਖ ਸੂਬਿਆਂ ਤੋਂ ਆਏ ਸੈਂਕੜੇ ਪ੍ਰਦਰਸ਼ਨਕਾਰੀ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਰੁਕੇ ਹੋਏ ਸਨ। ਜਦੋਂ ਉਹ ਜੰਤਰ-ਮੰਤਰ ਵੱਲ ਵਧਣ ਲੱਗੇ ਤਾਂ ਪੁਲਿਸ ਨੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕ ਲਿਆ। ਝੜਪ ਤੋਂ ਬਾਅਦ ਜਦੋਂ ਕਈ ਪ੍ਰਦਰਸ਼ਨਕਾਰੀ ਵਾਪਸ ਗੁਰਦੁਆਰੇ ਦੇ ਦਾਖ਼ਲਾ ਗੇਟ ਵੱਲ ਮੁੜੇ ਤਾਂ ਪੁਲਿਸ ਮੁਲਾਜ਼ਮ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਲਈ ਪਿੱਛੇ ਪਹੁੰਚ ਗਏ।

ਸੋਸ਼ਲ ਮੀਡੀਆ 'ਤੇ ਕੁਝ ਵੀਡੀਓਜ਼ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਕਿ ਪੁਲਿਸ ਵਾਲੇ ਬੂਟ ਪਾ ਕੇ ਅਤੇ ਨੰਗੇ ਸਿਰ ਅੰਦਰ ਦਾਖ਼ਲ ਹੋਏ। ਇਸ 'ਤੇ ਸਫ਼ਾਈ ਦਿੰਦਿਆਂ ਦਿੱਲੀ ਪੁਲਿਸ ਨੇ ਕਿਹਾ ਕਿ ਮੁਲਾਜ਼ਮ ਕੇਵਲ ਉਸ ਬਾਹਰੀ ਸਾਂਝੇ ਲਾਂਘੇ 'ਤੇ ਮੌਜੂਦ ਸਨ, ਜਿੱਥੋਂ ਆਮ ਸੰਗਤ ਜੋੜਾ ਘਰ ਵੱਲ ਜਾਂਦੀ ਹੈ। ਪੁਲਿਸ ਮੁਤਾਬਕ ਕਿਸੇ ਵੀ ਮੁਲਾਜ਼ਮ ਨੇ ਪਵਿੱਤਰ ਦਰਬਾਰ ਹਾਲ ਜਾਂ ਲੰਗਰ ਹਾਲ ਦੀ ਮਰਿਆਦਾ ਭੰਗ ਨਹੀਂ ਕੀਤੀ।

**ਕੀ ਹੈ ਗੁਰਦੁਆਰਾ ਕਮੇਟੀ ਦਾ ਸਟੈਂਡ ?**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸੀ.ਸੀ.ਟੀ.ਵੀ. ਫੁਟੇਜ ਦੀ ਪੜਤਾਲ ਤੋਂ ਬਾਅਦ ਸਥਿਤੀ ਸਪੱਸ਼ਟ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਘਰ ਦੇ ਦਰਵਾਜ਼ੇ ਸੰਗਤ ਲਈ 24 ਘੰਟੇ ਖੁੱਲ੍ਹੇ ਹਨ। ਕੋਈ ਵੀ ਲੋੜਵੰਦ ਇੱਥੇ ਸ਼ਰਨ ਲੈ ਸਕਦਾ ਹੈ, ਪ੍ਰਸ਼ਾਦਾ ਛਕ ਸਕਦਾ ਹੈ।

ਹਾਲਾਂਕਿ ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਤਾੜਨਾ ਕੀਤੀ ਕਿ ਗੁਰਦੁਆਰੇ ਅੰਦਰ ਸਿਆਸੀ ਸਰਗਰਮੀਆਂ,



ਨਾਅਰੇਬਾਜ਼ੀ ਜਾਂ ਧਰਨੇ-ਪ੍ਰਦਰਸ਼ਨ ਦੀ ਇਜਾਜ਼ਤ ਬਿਲਕੁਲ ਨਹੀਂ ਦਿੱਤੀ ਜਾਵੇਗੀ। ਕਾਲਕਾ ਨੇ ਕਿਹਾ ਕਿ ਪੁਲਿਸ ਵਾਲੇ ਬਾਹਰੀ ਰਸਤੇ ਤੋਂ ਲੰਘੇ ਸਨ ਅਤੇ ਉੱਥੇ ਕੋਈ ਸਿੱਧੀ ਝੜਪ ਨਹੀਂ ਹੋਈ, ਪਰ ਵਰਦੀ ਵਿੱਚ ਪੁਲਿਸ ਦੇ ਅੰਦਰ ਆਉਣ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ।

**ਕੀ ਗੁਰਦੁਆਰੇ ਅੰਦਰ ਨਾਅਰੇਬਾਜ਼ੀ ਤੇ ਹੁਲੜਬਾਜ਼ੀ ਠੀਕ ਹੈ ?**

ਗੁਰੂ ਘਰ ਹਮੇਸ਼ਾ ਸ਼ਾਂਤੀ, ਭਗਤੀ ਅਤੇ ਸਰਬੱਤ ਦੇ ਭਲੇ ਦਾ ਕੇਂਦਰ ਹਨ। ਗੁਰਦੁਆਰੇ ਦੇ ਦਾਖ਼ਲਾ ਗੇਟਾਂ ਨੇੜੇ ਸਿਆਸੀ ਨਾਅਰੇਬਾਜ਼ੀ ਕਰਨ, ਪਲੇਕਾਰਡ ਲਹਿਰਾਉਣ ਅਤੇ ਹੁਲੜਬਾਜ਼ੀ ਦਾ ਮਾਹੌਲ ਬਣਾਉਣ ਨੂੰ ਪੰਥਕ ਧਿਰਾਂ ਗ਼ਲਤ ਮੰਨ ਰਹੀਆਂ ਹਨ। ਧਾਰਮਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਗੁਰੂ ਘਰ ਦੀ ਪਨਾਹ ਲੈਣਾ ਹਰ ਕਿਸੇ ਦਾ ਹੱਕ ਹੈ, ਪਰ ਪਵਿੱਤਰ ਅਸਥਾਨ ਨੂੰ ਸਿਆਸੀ ਪ੍ਰਦਰਸ਼ਨ ਦਾ ਅੱਡਾ ਬਣਾਉਣਾ ਮਰਿਆਦਾ ਦੇ ਉਲਟ ਹੈ। ਭਾਜਪਾ ਆਗੂ ਆਰ.ਪੀ. ਸਿੰਘ ਨੇ ਇਸ ਨਾਅਰੇਬਾਜ਼ੀ ਨੂੰ ਗੰਭੀਰਤਾ ਨਾਲ ਲੈਂਦਿਆਂ ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਗੁਰਦੁਆਰਾ ਬੰਗਲਾ ਸਾਹਿਬ ਵਿਖੇ ਵਾਪਰੇ ਘਟਨਾਕ੍ਰਮ 'ਤੇ ਸਿਆਸੀ ਹਲਕਿਆਂ ਵਿੱਚ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲੀ ਹੈ, ਜਿੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੁਰੂ ਘਰ ਵੱਲੋਂ ਲੋੜਵੰਦਾਂ ਨੂੰ ਪਨਾਹ ਦੇਣ ਦੀ ਪ੍ਰੰਪਰਾ ਦਾ ਹਵਾਲਾ ਦਿੰਦਿਆਂ ਪੁਲਿਸ ਵੱਲੋਂ ਬੂਟਾਂ ਸਮੇਤ ਦਾਖ਼ਲ ਹੋ ਕੇ ਮਰਿਆਦਾ ਭੰਗ ਕਰਨ ਦੀ ਸਖ਼ਤ ਨਿੰਦਾ ਕੀਤੀ, ਉੱਥੇ ਹੀ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਹੱਕ ਮੰਗ ਰਹੇ ਨੌਜਵਾਨਾਂ ਨੂੰ ਫੜਨ ਲਈ ਧਾਰਮਿਕ ਅਸਥਾਨ 'ਚ ਪੁਲਿਸ ਭੇਜਣ ਨੂੰ ਜਮਹੂਰੀਅਤ ਦਾ ਘਾਣ ਕਰਾਰ ਦਿੱਤਾ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਸ਼ੁਰੂ ਵਿੱਚ ਪੁਲਿਸ ਕਾਰਵਾਈ ਦਾ ਵਿਰੋਧ ਕਰਕੇ ਬਾਅਦ ਵਿੱਚ ਆਪਣੀ ਸੋਸ਼ਲ ਮੀਡੀਆ ਪੋਸਟ ਹਟਾ ਲਈ, ਜਦਕਿ ਐੱਚ.ਐੱਸ. ਫੂਲਕਾ ਨੇ ਇਸ ਮੁੱਦੇ 'ਤੇ ਪੁਲਿਸ ਬਾਰੇ ਗ਼ਲਤ ਬਿਰਤਾਂਤ ਨਾ ਫੈਲਾਉਣ ਦੀ ਨਸੀਹਤ ਦਿੱਤੀ; ਇਸ ਦੌਰਾਨ ਆਮ ਆਦਮੀ ਪਾਰਟੀ ਅਤੇ ਟੀ.ਐੱਮ.ਸੀ. ਦੇ ਆਗੂਆਂ ਸੌਰਭ ਭਾਰਦਵਾਜ, ਮਨੀਸ਼ ਸਿਸੋਦੀਆ ਅਤੇ ਮਹੂਆ ਮੋਇਤਰਾ ਨੇ ਘਟਨਾ ਦੀਆਂ ਵੀਡੀਓਜ਼ ਸਾਂਝੀਆਂ ਕਰਦਿਆਂ ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਦੀ ਕਾਰਜਸ਼ੈਲੀ 'ਤੇ ਤਿੱਖੇ ਸਵਾਲ ਚੁੱਕੇ ਹਨ।ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਿੱਥੇ ਗੁਰੂ ਘਰ ਦੀਆਂ ਬਰੂਹਾਂ ਹਰ ਲੋੜਵੰਦ ਲਈ ਪਨਾਹ ਅਤੇ ਸਹਾਰੇ ਦਾ ਪ੍ਰਤੀਕ ਹਨ, ਉੱਥੇ ਹੀ ਇਸ ਪਵਿੱਤਰ ਵਿਹੜੇ ਨੂੰ ਕਿਸੇ ਵੀ ਸਿਆਸੀ ਟਕਰਾਅ ਜਾਂ ਨਾਅਰੇਬਾਜ਼ੀ ਦਾ ਅਖਾੜਾ ਬਣਾਉਣਾ ਗੁਰਦੁਆਰਾ ਸਾਹਿਬ ਦੇ ਅਦਬ-ਸਤਿਕਾਰ ਦੇ ਬਿਲਕੁਲ ਵਿਰੁੱਧ ਹੈ। ਦੂਜੇ ਪਾਸੇ, ਕਾਨੂੰਨ-ਵਿਵਸਥਾ ਕਾਇਮ ਰੱਖਣ ਦੇ ਨਾਂ ਹੇਠ ਪੁਲਿਸ ਪ੍ਰਸ਼ਾਸਨ ਲਈ ਵੀ ਇਹ ਲਾਜ਼ਮੀ ਬਣਦਾ ਹੈ ਕਿ ਉਹ ਧਾਰਮਿਕ ਅਸਥਾਨਾਂ ਦੀ ਸੰਵੇਦਨਸ਼ੀਲਤਾ ਅਤੇ ਮਰਿਆਦਾ ਦੀ ਹੱਦ ਨੂੰ ਕਦੇ ਵੀ ਅੱਖੋਂ-ਪਰੋਖੇ ਨਾ ਕਰੇ। ਅਸੀਂ ਜੇਕਰ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਧਾਰਮਿਕ ਆਸਥਾ ਦੋਵਾਂ ਦਾ ਮਾਣ-ਸਤਿਕਾਰ ਬਰਕਰਾਰ ਰੱਖਣਾ ਚਾਹੁੰਦੇ ਹਾਂ, ਤਾਂ ਪ੍ਰਸ਼ਾਸਨ ਨੂੰ ਆਪਣੀਆਂ ਕਾਰਵਾਈਆਂ ਵਿੱਚ ਸੰਜਮ ਵਰਤਣਾ ਪਵੇਗਾ ਅਤੇ ਪ੍ਰਦਰਸ਼ਨਕਾਰੀਆਂ ਨੂੰ ਵੀ ਪਵਿੱਤਰ ਧਾਰਮਿਕ ਅਸਥਾਨਾਂ ਦੀ ਮਰਿਆਦਾ ਨੂੰ ਹਰ ਹਾਲ ਵਿੱਚ ਸਰਵਉੱਚ ਰੱਖਣਾ ਪਵੇਗਾ।

## ਆਲਮਗੀਰ ਗੁਰਦੁਆਰਾ ਪਥਰਾਅ ਮਾਮਲਾ

# ਸ਼ਰਾਰਤੀ ਪ੍ਰਵਾਸੀ ਮਜ਼ਦੂਰ ਅਨਸਰ ਜੇਲ੍ਹ ਭੇਜੇ

### ਕੀ ਗੁਰੂ ਕਾ ਲੰਗਰ ਬਰਾਬਰੀ ਤੇ ਸੇਵਾ ਦਾ ਪ੍ਰਤੀਕ ਜਾਂ ਮੁਫ਼ਤਖੋਰੀ ਦਾ ਸਹਾਰਾ ? ਬਦਲਦੀ ਡੈਮੋਗ੍ਰਾਫ਼ੀ ਵਿਚਾਲੇ ਗੰਭੀਰ ਚਰਚਾ

ਲੁਧਿਆਣਾ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਆਲਮਗੀਰ ਵਿਖੇ ਲੰਗਰ ਹਾਲ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇੱਟਾਂ-ਪੱਥਰ ਚਲਾਉਣ ਦੀ ਵਾਪਰੀ ਘਟਨਾ ਨੇ ਪੂਰੇ ਪੰਜਾਬ ਅਤੇ ਸਿੱਖ ਜਗਤ ਅੰਦਰ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਤੱਥਾਂ ਮੁਤਾਬਕ ਆਲਮਗੀਰ ਗੁਰਦੁਆਰਾ ਸਾਹਿਬ ਦੇ ਆਸ-ਪਾਸ ਸਰਕਾਰੀ ਅਤੇ ਕੀਮਤੀ ਜ਼ਮੀਨਾਂ ਉੱਤੇ ਨਾਜਾਇਜ਼ ਝੁੱਗੀਆਂ ਅਤੇ ਗ਼ੈਰ-ਕਾਨੂੰਨੀ ਕਬਜ਼ੇ ਲੰਮੇ ਸਮੇਂ ਤੋਂ ਪ੍ਰਸ਼ਾਸਨਿਕ ਅਣਗਹਿਲੀ ਕਾਰਨ ਪੈਰ ਪਸਾਰ ਰਹੇ ਸਨ। ਘਟਨਾ ਵਾਲੇ ਦਿਨ ਕੁਝ ਪ੍ਰਵਾਸੀ ਮਜ਼ਦੂਰ ਲੰਗਰ ਹਾਲ ਵਿੱਚ ਆਏ ਸਨ। ਉੱਥੇ ਸੇਵਾਦਾਰਾਂ ਨਾਲ ਬੈਠਣ, ਲੰਗਰ ਛਕਣ ਜਾਂ ਮਰਯਾਦਾ (ਜਿਵੇਂ ਸਿਰ ਢੱਕਣ ਜਾਂ ਅਨੁਸ਼ਾਸਨ) ਦੇ ਪਾਲਣ ਨੂੰ ਲੈ ਕੇ ਬਹਿਸਬਾਜ਼ੀ ਹੋਈ। ਇਸ ਤਕਰਾਰ ਤੋਂ ਬਾਅਦ ਉਨ੍ਹਾਂ ਵਿਅਕਤੀਆਂ ਨੇ ਬਾਹਰ ਜਾ ਕੇ ਆਪਣੇ ਹੋਰ ਸਾਥੀਆਂ ਨੂੰ ਇਕੱਠਾ ਕਰ ਲਿਆ।

ਰੰਜਿਸ਼ ਵਿੱਚ ਆ ਕੇ ਇਨ੍ਹਾਂ ਵਿਅਕਤੀਆਂ ਨੇ ਬਾਹਰੋਂ ਲੰਗਰ ਹਾਲ ਦੀ ਇਮਾਰਤ ਵੱਲ ਇੱਟਾਂ-ਰੋੜੇ ਚਲਾ ਦਿੱਤੇ, ਜਿਸ ਨਾਲ ਖਿੜਕੀਆਂ ਦੇ ਸ਼ੀਸ਼ਿਆਂ ਨੂੰ ਨੁਕਸਾਨ ਪਹੁੰਚਿਆ ।

ਘਟਨਾ ਤੋਂ ਬਾਅਦ ਜਦੋਂ ਸਿੱਖ ਸੰਗਤ, ਗੁਰਦੁਆਰਾ ਪ੍ਰਬੰਧਕ ਅਤੇ ਐੱਸ.ਜ਼ੀ.ਪੀ.ਸੀ. ਮੈਂਬਰ ਇਕੱਠੇ ਹੋਏ, ਤਾਂ ਉਨ੍ਹਾਂ ਨੇ ਪੁਲਿਸ ਕੋਲ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੇ ਨਾਲ-ਨਾਲ ਇਹ ਮੰਗ ਰੱਖੀ ਕਿ ਇਸ ਗੁੰਡਾਗਰਦੀ ਦੀ ਜੜ੍ਹ ਗੁਰੂ ਘਰ ਦੇ ਆਲੇ-ਦੁਆਲੇ ਹੋਏ ਪ੍ਰਵਾਸੀਆਂ ਦੁਆਰਾ ਕੀਤੇ ਨਾਜਾਇਜ਼ ਕਬਜ਼ੇ ਹਨ। ਪੁਲਿਸ ਨੇ ਦੋਸ਼ੀਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਘਟਨਾ ਦੇ ਵਿਰੋਧ ਵਜੋਂ ਸੰਗਤ ਦੇ ਦਬਾਅ ਹੇਠ ਉਨ੍ਹਾਂ ਨਾਜਾਇਜ਼ ਝੁੱਗੀਆਂ/ਕਬਜ਼ਿਆਂ ਨੂੰ ਹਟਾਇਆ ਗਿਆ।

**ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਐਡਵੋਕੇਟ ਧਾਮੀ ਦਾ ਸਖ਼ਤ ਰੁਖ਼**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਤਿਹਾਸਕ ਗੁਰਧਾਮਾਂ ਦੇ ਆਲੇ-ਦੁਆਲੇ ਗ਼ੈਰ-ਕਾਨੂੰਨੀ ਢੰਗ ਨਾਲ ਵਸੀਆਂ ਬਸਤੀਆਂ ਤੇ ਕਬਜ਼ੇ ਸੁਰੱਖਿਆ ਲਈ ਗੰਭੀਰ ਚੁਣੌਤੀ ਹਨ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੰਜਾਬ ਦੇ ਮੁੱਖ ਸਕੱਤਰ, ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਨਾਲ ਲਿਖਤੀ ਰਾਬਤਾ ਕਾਇਮ ਕਰਕੇ ਸੂਬੇ ਭਰ ਦੇ ਗੁਰਦੁਆਰਿਆਂ ਦੇ ਆਲੇ-ਦੁਆਲੇ ਹੋਏ ਨਾਜਾਇਜ਼ ਕਬਜ਼ਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਤੁਰੰਤ ਹਟਵਾਉਣ।

ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਨਿਰਪੱਖ ਤੇ ਡੂੰਘਾਈ ਨਾਲ ਜਾਂਚ ਕਰਵਾ ਕੇ ਸਾਰੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਭਵਿੱਖ ਵਿੱਚ ਕੋਈ ਅਜਿਹੀ ਹਿਮਾਕਤ ਨਾ ਕਰ ਸਕੇ।



**ਸਰਕਾਰ ਦੀ ਚੁੱਪ ਕਿਉਂ ਅਤੇ ਡੈਮੋਗ੍ਰਾਫਿਕ ਬਦਲਾਅ ਜਾਰੀ**

ਵੋਟ ਬੈਂਕ ਦੀ ਸਿਆਸਤ ਕਾਰਨ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਵਿਰੁੱਧ ਕਾਰਵਾਈ ਤੋਂ ਕੰਨੀ ਕਤਰਾਉਂਦੀ ਪੰਜਾਬ ਸਰਕਾਰ ਦੀ ਢਿੱਲ, ਇੱਕ ਪਾਸੇ ਪੰਜਾਬੀ ਨੌਜਵਾਨਾਂ ਦੇ ਪਰਵਾਸ ਅਤੇ ਦੂਜੇ ਪਾਸੇ ਬਾਹਰੀ ਵਸੋਂ ਦੇ ਬੇਰੋਕ ਪਸਾਰੇ ਨਾਲ ਸੂਬੇ ਦੇ ਸੱਭਿਆਚਾਰਕ ਸੰਤੁਲਨ ਤੇ ਕਾਨੂੰਨ-ਵਿਵਸਥਾ ਲਈ ਵੱਡੀ ਚੁਣੌਤੀ ਬਣ ਰਹੀ ਹੈ।

ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਅਕਤੀਆਂ ਦੀ ਪੁਲਿਸ ਵੈਰੀਫਿਕੇਸ਼ਨ ਨਾ ਹੋਣ ਕਾਰਨ ਅਕਸਰ ਅਪਰਾਧਿਕ ਪਿਛੋਕੜ ਵਾਲੇ ਅਨਸਰ ਵੀ ਭੀੜ ਦਾ ਹਿੱਸਾ ਬਣ ਕੇ ਅਮਨ-ਸ਼ਾਂਤੀ ਭੰਗ ਕਰਨ ਦਾ ਕਾਰਨ ਬਣਦੇ ਹਨ।

**ਲੰਗਰ ਯਾਤਰੂਆਂ ਲਈ ਹੈ ਜਾਂ ਮੁਫ਼ਤਖੋਰਾਂ ਲਈ ?**

ਗੁਰੂ ਨਾਨਕ ਦੇਵ ਜੀ ਦੇ 'ਸੱਚਾ ਸੌਦਾ' ਅਤੇ ਸਮਾਜਿਕ ਬਰਾਬਰੀ ਦੇ ਸਿਧਾਂਤ ਵਿੱਚੋਂ ਨਿਕਲੀ 'ਗੁਰੂ ਕੇ ਲੰਗਰ' ਦੀ ਪਵਿੱਤਰ ਪ੍ਰਣਾਲੀ ਲੋੜਵੰਦਾਂ ਤੇ ਯਾਤਰੂਆਂ ਦੀ ਸੇਵਾ ਲਈ ਸੀ, ਪ੍ਰੰਤੂ ਅੱਜ ਕੱਲ੍ਹ ਬਿਨਾਂ ਕਿਸੇ ਮਰਯਾਦਾ, ਸਤਿਕਾਰ ਜਾਂ ਧਾਰਮਿਕ ਸ਼ਰਧਾ ਤੋਂ ਇਸ ਨੂੰ ਮਹਿਜ਼ ਮੁਫ਼ਤ ਭੋਜਨ ਦਾ ਵਸੀਲਾ ਸਮਝਣ ਦੀ ਬਿਰਤੀ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਜ਼ੋਰ ਫੜ ਰਹੀ ਹੈ। ਨਤੀਜੇ ਵਜੋਂ, ਗੁਰਦੁਆਰਾ ਪ੍ਰਬੰਧਕਾਂ ਵੱਲੋਂ ਗੁਰਮਤਿ ਦੇ ਮੂਲ ਅਸੂਲ 'ਕਿਰਤ ਕਰੋ' ਨੂੰ ਪਿੱਠ ਦਿਖਾ ਕੇ ਸੰਗਤ ਦੇ ਖ਼ੂਨ-ਪਸੀਨੇ ਦੇ ਦਸਵੰਧ ਨਾਲ ਚੱਲਣ ਵਾਲੇ ਇਸ ਸਾਧਨ ਦੀ ਵਰਤੋਂ ਮੁਫ਼ਤਖੋਰੀ ਅਤੇ ਗੁਰਧਾਮਾਂ ਦੁਆਲੇ ਗ਼ੈਰ-ਕਾਨੂੰਨੀ ਵਸੋਂ ਨੂੰ ਪੱਕੇ ਪੈਰੀਂ ਕਰਨ ਲਈ ਹੋ ਰਹੀ ਹੈ, ਜੋ ਪੰਥਕ ਅਤੇ ਸਮਾਜਿਕ ਹਲਕਿਆਂ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ।

**ਗੁਰਦੁਆਰਾ ਪ੍ਰਬੰਧਕ ਕੀ ਨੀਤੀ ਅਪਣਾਉਣ ?**

ਗੁਰਮਤਿ ਅਨੁਸਾਰ 'ਗੁਰੂ ਕਾ ਲੰਗਰ' ਬਿਨਾਂ ਕਿਸੇ ਭੇਦਭਾਵ ਦੇ ਸਭ ਲਈ ਖੁੱਲ੍ਹਾ ਹੈ ਪਰ ਇਸ ਦੀ ਪਵਿੱਤਰਤਾ ਅਤੇ ਅਨੁਸ਼ਾਸਨ ਕਾਇਮ ਰੱਖਣਾ ਗੁਰਦੁਆਰਾ ਪ੍ਰਬੰਧਕਾਂ ਦੀ ਮੁੱਢਲੀ ਜ਼ਿੰਮੇਵਾਰੀ ਹੈ।

ਲੰਗਰ ਹਾਲ ਵਿੱਚ ਸਿਰ ਢੱਕਣਾ ਅਤੇ ਸਾਫ਼-ਸਫ਼ਾਈ ਰੱਖਣਾ ਲਾਜ਼ਮੀ ਹੋਵੇ। ਨਸ਼ਾ ਕਰਕੇ ਆਉਣ ਵਾਲਿਆਂ 'ਤੇ ਪੂਰਨ ਪਾਬੰਦੀ ਲਗਾਈ ਜਾਵੇ। ਨਿਯਮ ਤੋੜਨ ਵਾਲਿਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ।

ਰੋਜ਼ਾਨਾ ਲੰਗਰ ਛਕਣ ਵਾਲਿਆਂ ਨੂੰ ਸੇਵਾ ਨਾਲ ਜੋੜਿਆ ਜਾਵੇ। ਉਨ੍ਹਾਂ ਤੋਂ ਬਰਤਨ ਸਾਫ਼ ਕਰਨ ਜਾਂ ਜੋੜੇ ਝਾੜਨ ਦੀ ਸੇਵਾ ਲਈ ਜਾਵੇ। ਇਸ ਨਾਲ ਮੁਫ਼ਤਖੋਰੀ ਦੀ ਆਦਤ ਨੂੰ ਠੱਲ੍ਹ ਪਵੇਗੀ।

ਗੁਰਦੁਆਰਾ ਸਾਹਿਬ ਦੀਆਂ ਜ਼ਮੀਨਾਂ ਦੀ ਨਿਸ਼ਾਨਦੇਹੀ ਕਰਕੇ ਮਜ਼ਬੂਤ ਚਾਰਦੀਵਾਰੀ ਕੀਤੀ ਜਾਵੇ। ਕਿਸੇ ਵੀ ਨਾਜਾਇਜ਼ ਕਬਜ਼ੇ ਨੂੰ ਸ਼ੁਰੂ ਵਿੱਚ ਹੀ ਕਾਨੂੰਨੀ ਤਰੀਕੇ ਨਾਲ ਰੋਕਿਆ ਜਾਵੇ।

ਸੁਰੱਖਿਆ ਲਈ ਲੰਗਰ ਹਾਲ ਅਤੇ ਕੰਪਲੈਕਸ ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣ। ਨਾਲ ਹੀ ਚੌਕਸ ਸੇਵਾਦਾਰਾਂ ਦੀ ਤਾਇਨਾਤੀ ਕੀਤੀ ਜਾਵੇ।ਕਮੇਟੀਆਂ ਪੁਲਿਸ ਪ੍ਰਸ਼ਾਸਨ ਨਾਲ ਤਾਲਮੇਲ ਵਧਾਉਣ। ਗੁਰਦੁਆਰੇ ਦੇ ਆਸ-ਪਾਸ ਰਹਿੰਦੇ ਲੋਕਾਂ ਦੀ ਪੁਲਿਸ ਵੈਰੀਫਿਕੇਸ਼ਨ ਲਾਜ਼ਮੀ ਕਰਵਾਈ ਜਾਵੇ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਦਾ ਕਹਿਣਾ ਹੈ ਕਿ ਆਲਮਗੀਰ ਗੁਰਦੁਆਰਾ ਸਾਹਿਬ ਦੀ ਘਟਨਾ ਇੱਕ ਸਖ਼ਤ ਸੁਨੇਹਾ ਹੈ ਕਿ ਸਹਿਣਸ਼ੀਲਤਾ ਅਤੇ ਸੇਵਾ ਦਾ ਮਤਲਬ ਕਮਜ਼ੋਰੀ ਨਹੀਂ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਗ਼ੈਰ-ਕਾਨੂੰਨੀ ਕਬਜ਼ਿਆਂ ਅਤੇ ਸ਼ਰਾਰਤੀ ਅਨਸਰਾਂ ਵਿਰੁੱਧ ਸਖ਼ਤ ਕਾਨੂੰਨੀ ਕਦਮ ਚੁੱਕੇ, ਜਦਕਿ ਸਿੱਖ ਸੰਸਥਾਵਾਂ ਨੂੰ ਗੁਰੂ ਘਰ ਦੀਆਂ ਜਾਇਦਾਦਾਂ ਦੀ ਸੁਰੱਖਿਆ ਅਤੇ ਲੰਗਰ ਦੀ ਮਰਯਾਦਾ ਨੂੰ ਹੋਰ ਮਜ਼ਬੂਤ ਕਰਨ ਲਈ ਠੋਸ ਪ੍ਰਬੰਧਕੀ ਸੁਧਾਰ ਲਾਗੂ ਕਰਨੇ ਪੈਣਗੇ।

# ਜਦੋਂ ਮਹਾਰਾਜਾ ਭੁਪਿੰਦਰ ਸਿੰਘ ਦੇ ਸਹਿਯੋਗ ਨਾਲ ਹੋਂਦ ਵਿੱਚ ਆਇਆ ਸਿੱਖ ਧਰਮ ਦਾ ਵਿਸ਼ਵਕੋਸ਼

ਡਾ. ਧਰਮ ਸਿੰਘ

ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼', ਜਿਸ ਨੂੰ ਆਮ ਤੌਰ 'ਤੇ ਸੰਖੇਪ ਰੂਪ ਵਿੱਚ 'ਮਹਾਨ ਕੋਸ਼' ਕਿਹਾ ਜਾਂਦਾ ਹੈ, ਸਿੱਖ ਅਧਿਐਨ ਦੇ ਖੇਤਰ ਵਿੱਚ ਇੱਕ ਅਤਿ ਮਹੱਤਵਪੂਰਨ ਪ੍ਰਾਪਤੀ ਹੈ। ਇਸ ਨੂੰ 'ਸਿੱਖ ਧਰਮ ਦਾ ਵਿਸ਼ਵਕੋਸ਼' (ਐਨਸਾਈਕਲੋਪੀਡੀਆ) ਵੀ ਮੰਨਿਆ ਜਾਂਦਾ ਹੈ, ਕਿਉਂਕਿ ਇਸ ਵਿੱਚ ਸਿੱਖ ਸੱਭਿਆਚਾਰ, ਸਿੱਖ ਇਤਿਹਾਸ, ਗੁਰਮਤਿ ਦਰਸ਼ਨ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਵੇਰਵੇ ਹੀ ਨਹੀਂ, ਸਗੋਂ ਸਮੁੱਚੀ ਸਿੱਖ ਰਹਿਣੀ-ਬਹਿਣੀ ਨੂੰ ਵਿਸਥਾਰ ਨਾਲ ਸਮੇਟਿਆ ਗਿਆ ਹੈ।

ਜੇਕਰ ਕੇਵਲ ਸਿੱਖ ਸਾਹਿਤ ਦੀ ਗੱਲ ਕਰੀਏ ਤਾਂ ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ, ਸ੍ਰੀ ਗੁਰ ਸੋਭਾ, ਸਾਖੀਆਂ, ਪ੍ਰਮੁੱਖ ਜਨਮ ਸਾਖੀਆਂ, ਸਰਬਲੋਹ ਗ੍ਰੰਥ, ਗੁਰ ਮਹਿਮਾ ਪ੍ਰਕਾਸ਼, ਗੁਰਬਿਲਾਸ (ਪਾਤਸ਼ਾਹੀ 6ਵੀਂ ਤੇ 10ਵੀਂ), ਨਾਨਕ ਪ੍ਰਕਾਸ਼, ਗੁਰਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਰਹਿਤਨਾਮਿਆਂ ਅਤੇ ਗੁਰਬਾਣੀ ਦੇ ਅਨੇਕ ਟੀਕਿਆਂ ਵਿੱਚੋਂ ਸ਼ਬਦਾਂ ਦੇ ਅਰਥ ਸਪੱਸ਼ਟ ਕਰਨ ਹਿੱਤ ਪ੍ਰਮਾਣਿਕ ਹਵਾਲੇ ਦਿੱਤੇ ਗਏ ਹਨ।

ਇਹ ਕੋਸ਼ ਤਿਆਰ ਕਰਦੇ ਸਮੇਂ 'ਇਨਸਾਈਕਲੋਪੀਡੀਆ ਬ੍ਰਿਟੈਨਿਕਾ' ਦਾ ਮਾਡਲ ਭਾਈ ਕਾਨ੍ਹ ਸਿੰਘ ਜੀ ਦੇ ਜ਼ਿਹਨ ਵਿੱਚ ਸੀ, ਪਰ ਉਨ੍ਹਾਂ ਦੇ ਮੁੱਖ ਪ੍ਰੇਰਨਾ ਸਰੋਤ ਪੰਡਤ ਤਾਰਾ ਸਿੰਘ ਨਰੋਤਮ ਦਾ 'ਗੁਰੂ ਗਿਰਾਰਥ ਕੋਸ਼' ਅਤੇ ਭਾਈ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਬਣੇ। ਇਸ ਮਹਾਂ-ਗ੍ਰੰਥ ਦਾ ਕਾਰਜ ਸੰਨ 1912 ਵਿੱਚ ਸ਼ੁਰੂ ਹੋ ਕੇ 1926 ਵਿੱਚ ਸੰਪੂਰਨ ਹੋਇਆ। ਭਾਈ ਸਾਹਿਬ 'ਸਿੰਘ ਸਭਾ ਲਾਹੌਰ' ਨਾਲ ਵੀ ਜੁੜੇ ਹੋਏ ਸਨ ਅਤੇ ਮੈਕਸ ਆਰਥਰ ਮੈਕਾਲਿਫ਼ ਵੱਲੋਂ ਤਿਆਰ ਕੀਤੀ ਬਹੁ-ਜਿਲਦੀ ਪੁਸਤਕ 'ਦ ਸਿੱਖ ਰਿਲੀਜਨ' ਦੇ ਸਲਾਹਕਾਰ ਮੰਡਲ ਵਿੱਚ ਵੀ ਸ਼ਾਮਲ ਰਹੇ। ਇਨ੍ਹਾਂ ਸਮੁੱਚੇ ਅਨੁਭਵਾਂ, ਤਕਾਜ਼ਿਆਂ ਅਤੇ ਸਾਹਿਤਕ ਲੋੜਾਂ ਦਾ ਪ੍ਰਤੀਫਲ ਹੀ ਇਹ 'ਮਹਾਨ ਕੋਸ਼' ਹੈ।

### ਪ੍ਰਕਾਸ਼ਨ ਦੇ ਵਿੱਤੀ ਪ੍ਰਬੰਧ ਅਤੇ ਛਪਾਈ

ਖਰਚਾ ਮੁਕੰਮਲ ਹੋਣ ਮਗਰੋਂ ਸਭ ਤੋਂ ਵੱਡੀ ਚੁਣੌਤੀ ਇਸ ਦੀ ਛਪਾਈ ਦੀ ਸੀ। ਵਿਸ਼ਾਲ ਆਕਾਰ ਹੋਣ ਕਾਰਨ ਪ੍ਰਕਾਸ਼ਨ 'ਤੇ ਭਾਰੀ ਖ਼ਰਚ ਆਉਣਾ ਸੁਭਾਵਿਕ ਸੀ। ਉਧਰ ਰਿਆਸਤ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਗੱਦੀਓਂ ਲਹਿ ਜਾਣ ਅਤੇ ਮਹਾਰਾਜਾ ਪ੍ਰਤਾਪ ਸਿੰਘ ਦੇ ਨਾਬਾਲਗ ਹੋਣ ਕਾਰਨ ਅੰਗਰੇਜ਼ ਪ੍ਰਸ਼ਾਸਕਾਂ ਨੇ ਵਿੱਤੀ ਸਹਾਇਤਾ ਦੇਣ ਤੋਂ ਹੱਥ ਪਿੱਛੇ ਖਿੱਚ ਲਏ। ਬਿਨਾਂ ਸਰਕਾਰੀ ਮਦਦ ਤੋਂ ਛਪਾਈ ਦੇ ਕਈ ਯਤਨ ਕੀਤੇ ਗਏ ਪਰ ਕੋਈ ਸਿਰੇ ਨਾ ਚੜ੍ਹ ਸਕਿਆ। ਆਖ਼ਰਕਾਰ ਪਟਿਆਲਾ ਰਿਆਸਤ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ 50,000 ਰੁਪਏ ਦਾ ਖ਼ਰਚਾ ਦੇਣਾ ਪ੍ਰਵਾਨ ਕੀਤਾ ਅਤੇ 26 ਅਕਤੂਬਰ 1927 ਨੂੰ ਮਹਾਨ ਕੋਸ਼ ਦੀ ਛਪਾਈ ਸ਼ੁਰੂ ਹੋਈ।

ਇਹ ਕੋਸ਼ ਕਿੱਥੇ ਅਤੇ ਕਿਸ ਦੀ ਦੇਖ-ਰੇਖ ਹੇਠ ਛਪਿਆ, ਇਸ ਸੰਬੰਧੀ ਕੁਝ ਭਰਮ ਰਹੇ ਹਨ। ਕੁਝ ਵਿਦਵਾਨਾਂ ਦਾ ਖ਼ਿਆਲ ਸੀ ਕਿ ਇਹ ਭਾਈ ਵੀਰ ਸਿੰਘ ਦੀ ਪ੍ਰੈੱਸ ਵਿੱਚ ਛਪਿਆ, ਜਦਕਿ ਪੁਖ਼ਤਾ ਤੱਥ ਦੱਸਦੇ ਹਨ ਕਿ ਇਹ ਧਨੀ ਰਾਮ ਚਾਤ੍ਰਿਕ ਦੀ ਨਿਗਰਾਨੀ ਹੇਠ ਉਨ੍ਹਾਂ ਦੀ 'ਸੁਦਰਸ਼ਨ ਪ੍ਰੈੱਸ' ਵਿੱਚ ਹੀ ਛਪਿਆ ਸੀ। ਲਾਲਾ ਧਨੀ ਰਾਮ ਚਾਤ੍ਰਿਕ ਨੇ ਖ਼ੁਦ ਸ਼ੀਆਪੁਰ/ਸੰਗਮਪੁਰ ਜਾ ਕੇ ਵਿਸ਼ੇਸ਼ ਗੁਰਮੁਖੀ ਟਾਈਪ ਢਲਵਾਏ ਅਤੇ ਪੂਰੀ ਲਗਨ ਨਾਲ ਇਸ ਦੀ ਛਪਾਈ ਸੰਪੰਨ ਕਰਵਾਈ।

### ਧਨੀ ਰਾਮ ਚਾਤ੍ਰਿਕ ਦੀ ਪ੍ਰਕਾਸ਼ਨ ਮੁਹਾਰਤ

ਧਨੀ ਰਾਮ ਚਾਤ੍ਰਿਕ 1893 ਵਿੱਚ ਭਾਈ ਵੀਰ ਸਿੰਘ ਨੂੰ ਮਿਲੇ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਪੜ੍ਹਨ-ਲਿਖਣ ਅਤੇ ਪ੍ਰਕਾਸ਼ਨ ਦੇ ਖੇਤਰ ਵੱਲ ਪ੍ਰੇਰਿਤ ਕੀਤਾ। ਭਾਈ ਵੀਰ ਸਿੰਘ 1891 ਵਿੱਚ 'ਵਜ਼ੀਰ ਹਿੰਦ ਪ੍ਰੈੱਸ' ਸਥਾਪਿਤ ਕਰ ਚੁੱਕੇ ਸਨ, ਜਿਸ ਨੂੰ ਅੰਮ੍ਰਿਤਸਰ ਦਾ ਮੋਹਰੀ ਛਾਪਾਖ਼ਾਨਾ ਮੰਨਿਆ ਜਾਂਦਾ ਸੀ। ਉੱਥੇ ਕੰਮ ਕਰਦਿਆਂ ਚਾਤ੍ਰਿਕ ਜੀ ਨੇ ਪ੍ਰਕਾਸ਼ਨ ਕਲਾ ਵਿੱਚ ਮੁਹਾਰਤ ਹਾਸਲ ਕੀਤੀ ਅਤੇ ਬਾਅਦ ਵਿੱਚ ਆਪਣੀ ਸੁਤੰਤਰ 'ਸੁਦਰਸ਼ਨ ਪ੍ਰੈੱਸ' ਕਾਇਮ ਕੀਤੀ। ਇਸੇ ਪ੍ਰੈੱਸ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਪੁਸਤਕਾਂ 'ਅਨੇਕਾਰਥ ਕੋਸ਼' (1923), 'ਗੁਰਸ਼ਬਦਾਲੰਕਾਰ' (1924) ਅਤੇ 'ਨਾਮ ਮਾਲਾ ਕੋਸ਼' (1925) ਛਪੀਆਂ ਸਨ। ਇਸ ਪੁਰਾਣੇ ਸੰਬੰਧ ਅਤੇ ਤਜਰਬੇ ਕਾਰਨ ਹੀ 'ਮਹਾਨ ਕੋਸ਼' ਦੀ ਛਪਾਈ ਦੀ ਜ਼ਿੰਮੇਵਾਰੀ ਸੁਦਰਸ਼ਨ ਪ੍ਰੈੱਸ ਨੂੰ ਸੌਂਪੀ ਗਈ।



ਚਾਤ੍ਰਿਕ ਜੀ ਦੀ ਕਿਤਾਬ 'ਧਰਮਬੀਰ' ਦੀ ਭੂਮਿਕਾ ਵਿੱਚ ਗਿਆਨੀ ਗੁਰਦਿੱਤ ਸਿੰਘ ਲਿਖਦੇ ਹਨ ਕਿ ਚਾਤ੍ਰਿਕ ਜੀ ਨੇ ਗੁਰਮੁਖੀ ਦੇ ਸੁੰਦਰ ਟਾਈਪ ਤਿਆਰ ਕਰਵਾਏ ਅਤੇ ਮਹਾਨ ਕੋਸ਼ ਲਈ ਕੁਝ ਵਿਸ਼ੇਸ਼ ਅੱਖਰ ਵੀ ਘੜੇ ਗਏ। ਇਸ ਦੀ ਪਰੂਫ਼-ਰੀਡਿੰਗ ਅਤੇ ਸੋਧ ਕਾਰਜ ਵਿੱਚ ਪ੍ਰੋ਼ਫੈਸਰ ਤੇਜਾ ਸਿੰਘ ਅਤੇ ਭਾਈ ਧਰਮਾਨੰਤ ਸਿੰਘ ਦਾ ਅਹਿਮ ਸਹਿਯੋਗ ਰਿਹਾ। ਅਣਥੱਕ ਮਿਹਨਤ ਤੋਂ ਬਾਅਦ ਇਹ ਛਪਾਈ 1930 ਈ. ਵਿੱਚ ਮੁਕੰਮਲ ਹੋਈ।

ਇਸ ਦੀ ਸਭ ਤੋਂ ਪੁਖ਼ਤਾ ਗਵਾਹੀ ਖ਼ੁਦ ਲਾਲਾ ਧਨੀ ਰਾਮ ਚਾਤ੍ਰਿਕ ਦੇ ਸਵੈ-ਕਥਨ ਵਿੱਚੋਂ ਮਿਲਦੀ ਹੈ, ਜਿਸ ਨੂੰ ਐੱਸ. ਐੱਸ. ਅਮੋਲ ਨੇ 'ਚਾਤ੍ਰਿਕ ਰਚਨਾਵਲੀ' ਵਿੱਚ ਦਰਜ ਕੀਤਾ ਹੈ:

'ਮੇਰੇ ਜੀਵਨ ਇਤਿਹਾਸ ਦਾ ਇੱਕ ਮੋਟਾ ਪੱਤਰਾ ਇਹ ਹੈ ਕਿ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਸਾਹਿਬ ਨਾਭਾ ਰਚਿਤ ਮਹਾਨ ਕੋਸ਼ ਦੇ ਛਪਣ ਦੀ ਸੇਵਾ ਮੇਰੇ ਸਪੁਰਦ ਕੀਤੀ ਗਈ ਸੀ। ਜਿਸ ਦੀ ਛਪਾਈ ਅਤੇ ਜਿਲਦਬੰਦੀ ਪੂਰੇ ਦੋ ਵਰ੍ਹਿਆਂ ਵਿੱਚ ਸਮਾਪਤ ਹੋਈ। ਭਾਈ ਸਾਹਿਬ ਦੀ ਪੰਦਰਾਂ ਵਰ੍ਹਿਆਂ ਦੀ ਲਗਾਤਾਰ ਘਾਲਣਾ ਸਦਕਾ ਬੇਸ਼ੁਮਾਰ ਫ਼ੋਟੋ ਬਲਾਕ, ਨਕਸ਼ੇ ਅਤੇ ਹੋਰ ਸਮੱਗਰੀ ਇਕੱਠੀ ਹੋਈ ਸੀ ਅਤੇ ਪਟਿਆਲਾ ਦਰਬਾਰ ਵੱਲੋਂ ਪੰਜਾਹ ਹਜ਼ਾਰ ਰੁਪਏ ਦੀ ਲਾਗਤ ਲਾਈ ਗਈ ਸੀ।'

ਇਸ ਤੋਂ ਸਪੱਸ਼ਟ ਹੈ ਕਿ ਮਹਾਨ ਕੋਸ਼ ਦੀ ਛਪਾਈ ਸੁਦਰਸ਼ਨ ਪ੍ਰੈੱਸ ਵਿੱਚ ਹੀ ਹੋਈ। ਪਹਿਲੇ ਸੰਸਕਰਣ ਵਿੱਚ ਇਸ ਦੀਆਂ ਚਾਰ ਜਿਲਦਾਂ ਸਨ, ਪਰ ਆਧੁਨਿਕ ਤਕਨੀਕ ਆਉਣ ਮਗਰੋਂ ਇਹ ਇੱਕੋ ਵੱਡ-ਆਕਾਰੀ ਜਿਲਦ ਵਿੱਚ ਸਮਾ ਗਿਆ। ਅੱਜ ਇਹ ਇਤਿਹਾਸਕ ਕੋਸ਼ ਭਾਸ਼ਾ ਵਿਭਾਗ ਪੰਜਾਬ (ਪਟਿਆਲਾ) ਅਤੇ ਨਿੱਜੀ ਪ੍ਰਕਾਸ਼ਕਾਂ ਰਾਹੀਂ ਨਿਰੰਤਰ ਛਪ ਕੇ ਪਾਠਕਾਂ ਦੀ ਝੋਲੀ ਪੈ ਰਿਹਾ ਹੈ।



# ਜ਼ਰੂਰੀ ਹੈ ਪੰਜਾਬੀ ਸੱਭਿਆਚਾਰ ਤੇ ਭਾਸ਼ਾ ਦੀ ਸਾਂਭ-ਸੰਭਾਲ






ਪੰਜ ਦਰਿਆਵਾਂ ਦੀ ਧਰਤੀ, ਪੰਜਾਬ ਨੂੰ ਹਮੇਸ਼ਾਂ ਇਸਦੇ ਅਮੀਰ ਸੱਭਿਆਚਾਰ, ਦਿਲ ਛੂੰਹਦੀਆਂ ਪਰੰਪਰਾਵਾਂ ਅਤੇ ਸਭ ਤੋਂ ਵੱਧ, ਇਸ ਦੀ ਇਲਾਹੀ ਭਾਸ਼ਾ, ਪੰਜਾਬੀ ਲਈ ਮਨਾਇਆ ਜਾਂਦਾ ਹੈ ਪਰ ਹਾਲ ਹੀ ਦੇ ਸਾਲਾਂ ਵਿੱਚ ਇਸ ਖੇਤਰ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੰਭਾਲ ਬਾਰੇ ਚਿੰਤਾ ਵੱਧ ਰਹੀ ਹੈ। ਪੰਜਾਬੀ, ਸਿਰਫ਼ ਸੰਚਾਰ ਦਾ ਸਾਧਨ ਨਹੀਂ ਹੈ, ਇਹ ਪੰਜਾਬ ਦੀ ਰੂਹ ਦਾ ਪ੍ਰਤੀਬਿੰਬ ਹੈ। ਇਹ ਉਹ ਵਿਸ਼ਾ ਹੈ ਜੋ ਆਪਣੇ ਭੂਗੋਲਿਕ ਸਥਾਨ ਦੀ ਪਰਵਾਹ ਕੀਤੇ ਬਿਨਾਂ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਜੋੜਦਾ ਹੈ। ਬਦਕਿਸਮਤੀ ਨਾਲ ਪੰਜਾਬੀ ਭਾਸ਼ਾ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਇਸ ਦੇ ਮੂਲ ਸਥਾਨ ਵਿੱਚ ਹੋਂਦ ਨੂੰ ਖ਼ਤਰੇ ਵਿੱਚ ਪਾ ਰਹੀਆਂ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਵਿੱਚ ਹੋਰ ਭਾਸ਼ਾਵਾਂ ਮੁੱਖ ਤੌਰ 'ਤੇ ਅੰਗਰੇਜ਼ੀ ਅਤੇ ਹਿੰਦੀ ਦਾ ਪ੍ਰਭਾਵ ਲਗਾਤਾਰ ਵੱਧ ਰਿਹਾ ਹੈ। ਅੱਜ ਦੇ ਵਿਸ਼ਵ-ਵਿਆਪੀ ਦੁਨੀਆ ਵਿੱਚ ਕਈ ਭਾਸ਼ਾਵਾਂ ਵਿੱਚ ਕੁਸ਼ਲ ਹੋਣਾ ਜ਼ਰੂਰੀ ਹੈ ਪਰ ਇਹ ਇੱਕ ਦੀ ਮਾਂ-ਬੋਲੀ ਨੂੰ ਹੌਲੀ-ਹੌਲੀ ਛੱਡਣ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ । ਅਜੋਕੇ ਯੁੱਗ ਵਿਚ ਨਵੀਂ ਨੌਜਵਾਨ ਪੀੜ੍ਹੀ ਅੰਗਰੇਜ਼ੀ ਅਤੇ ਹਿੰਦੀ ਨੂੰ ਪੜ੍ਹਾਈ ਦਾ ਮਾਧਿਅਮ ਬਣਾ ਰਹੀ ਹੈ, ਜੋ ਹੌਲੀ-ਹੌਲੀ ਪੰਜਾਬੀ ਨਾਲ ਉਨ੍ਹਾਂ ਦੇ ਸੰਬੰਧ ਨੂੰ ਖ਼ਰਾਬ ਕਰ ਰਹੀ ਹੈ। ਅੱਜ ਬਹੁਤੀ ਗਿਣਤੀ ਵਿਚ ਦੇਖ ਲਈਏ ਤਾਂ ਸਕੂਲ ਪੜ੍ਹਦੇ ਕਿਸੇ ਵਿਦਿਆਰਥੀ ਨੂੰ ਕਹਿ ਦਈਏ ਕਿ ੳ ਅ ਤੋਂ ੜ ਤੱਕ ਸੁਣਾ ਦੇਵੇਂ ਤਾਂ ਸ਼ਾਇਦ ਕੋਈ ਵਿਰਲਾ ਹੀ ਸੁਣਾ ਪਾਵੇਗਾ। ਅੱਜ ਕੱਲ੍ਹ ਹੋੜੇ ਅਤੇ ਕਨੌੜੇ ਦਾ ਅੰਤਰ, ਬਿੰਦੀ ਅਤੇ ਟਿੱਪੀ ਦਾ ਅੰਤਰ ਹੌਲੀ-ਹੌਲੀ ਸਾਡੇ ਜ਼ਹਿਨ 'ਚੋਂ ਵਿਸਰ ਰਿਹਾ ਹੈ। ਪੰਜਾਬ ਦੇ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਨੇ ਵੀ ਪੰਜਾਬੀ ਸਭਿਆਚਾਰ ਅਤੇ ਭਾਸ਼ਾ ਨੂੰ ਖੋਰਾ ਲਾਇਆ ਹੈ। ਜਿਵੇਂ ਕਿ ਅੱਜ ਸ਼ਹਿਰਾਂ ਤੇ ਕਸਬਿਆਂ ਦਾ ਵਿਸਥਾਰ ਹੋ ਰਿਹਾ ਹੈ, ਜੀਵਨ ਦਾ ਰਵਾਇਤੀ ਪੇਂਡੂ ਤਰੀਕਾ, ਪੰਜਾਬੀ ਸਭਿਆਚਾਰ ਵਿੱਚ ਡੂੰਘੀ ਜੜ੍ਹ ਹੈ ਪਰ ਉਹਨਾਂ ਹੀ ਜੜ੍ਹਾਂ ਨੂੰ ਅੱਜਕਲ੍ਹ ਦੇਸੀਪੁਣਾ ਤੇ ਘੱਟ ਸਟੈਂਡਰਡ ਵਾਂਗ ਪੇਸ਼ ਕਰਨਾ ਅਕਸਰ ਨੌਜਵਾਨਾਂ ਨੂੰ ਉਨ੍ਹਾਂ ਦੀ ਸੱਭਿਆਚਾਰਕ ਵਿਰਾਸਤ ਤੋਂ ਦੂਰ ਕਰ ਰਿਹਾ ਹੈ, ਜਿਸ ਨਾਲ ਖਿੜ੍ਹਦੇ ਹੋਏ ਪੰਜਾਬੀ ਭਾਸ਼ਾ ਦੇ ਫੁੱਲ ਹੌਲੀ ਹੌਲੀ ਮੁਰਝਾ ਰਹੇ ਨੇ। ਇਹ ਪੰਜਾਬੀ ਸੱਭਿਆਚਾਰ ਵਿਚ ਆਇਆ ਪੱਤਝੜ ਦਾ ਮੌਸਮ ਬਸੰਤਾਂ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ।

ਇਸ ਤੋਂ ਇਲਾਵਾ ਸਰਕਾਰੀ ਸੰਚਾਰ ਅਤੇ ਸਿੱਖਿਆ ਵਿਚ ਪੰਜਾਬੀ ਦੀ ਵਧਾਈ ਗਈ ਮਹੱਤਤਾ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਰਾਜ ਦੀ ਸਰਕਾਰੀ ਭਾਸ਼ਾ ਹੈ ਪਰ ਇਹ ਅਕਸਰ ਸਰਕਾਰੀ ਦਫ਼ਤਰਾਂ ਅਤੇ ਸਕੂਲਾਂ ਵਿਚ ਵਾਪਸ ਸੀਟ ਲੈਂਦਾ ਹੈ, ਜਿੱਥੇ ਅੰਗਰੇਜ਼ੀ ਅਤੇ ਹਿੰਦੀ ਦੀ ਵਧੇਰੇ ਵਰਤੋਂ ਹੁੰਦੀ ਹੈ। ਇਹ ਨਾ ਸਿਰਫ ਭਾਸ਼ਾ ਦੇ ਮਹੱਤਵ ਨੂੰ ਕਮਜ਼ੋਰ ਕਰਦਾ ਹੈ ਬਲਕਿ ਨੌਜਵਾਨ ਪੀੜ੍ਹੀ ਨੂੰ ਗਲਤ ਸੰਦੇਸ਼ ਵੀ ਭੇਜਦਾ ਹੈ।

ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੰਭਾਲ ਕਰਨਾ ਨਾ ਸਿਰਫ਼ ਇੱਕ ਲੋੜ ਹੈ ਸਗੋਂ ਪੰਜਾਬ ਦੇ ਲੋਕਾਂ ਨੂੰ ਵੀ ਇਸ ਦਾ ਵੱਡਾ ਲਾਭ ਮਿਲਦਾ ਹੈ। ਇੱਕ ਮਜ਼ਬੂਤ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਵਿਅਕਤੀਆਂ ਵਿੱਚ ਆਪਣੇਪਣ ਅਤੇ ਮਾਣ ਦੀ ਭਾਵਨਾ ਪੈਦਾ ਕਰਦੀ ਹੈ। ਇਹ ਵੱਖ-ਵੱਖ ਪਰੰਪਰਾਵਾਂ, ਰਸਮਾਂ ਅਤੇ ਕਲਾ ਦੇ ਰੂਪਾਂ ਨੂੰ ਕਾਇਮ ਰੱਖਣ ਵਿਚ ਸਹਾਇਤਾ ਕਰਦਾ ਹੈ ਜੋ ਪੀੜ੍ਹੀਆਂ ਦੁਆਰਾ ਵੰਡੇ ਗਏ ਹਨ। ਇਸ ਤੋਂ ਇਲਾਵਾ ਇਹ ਲੋਕਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਅਤੇ ਪੰਜਾਬ ਦੇ ਵੱਖ-ਵੱਖ ਭਾਈਚਾਰਿਆਂ ਦਰਮਿਆਨ ਏਕਤਾ ਨੂੰ ਉਤਸ਼ਾਹਿਤ ਕਰਕੇ ਸਮਾਜਿਕ ਢਾਂਚੇ ਨੂੰ ਮਜ਼ਬੂਤ ਕਰਦਾ ਹੈ।

ਰਾਜ ਸਰਕਾਰ ਨੂੰ ਸਕੂਲਾਂ ਅਤੇ ਕਾਲਜਾਂ ਵਿਚ ਪੰਜਾਬੀ ਨੂੰ ਉਤਸ਼ਾਹਿਤ ਕਰਨ ਲਈ ਸਰਗਰਮ ਕਦਮ ਚੁੱਕਣੇ ਚਾਹੀਦੇ ਹਨ। ਪੰਜਾਬੀ ਸਾਹਿਤ ਅਤੇ ਇਤਿਹਾਸ ਦੇ ਅਧਿਐਨ ਨੂੰ ਉਤਸ਼ਾਹਿਤ ਕਰਨਾ ਸਭਿਆਚਾਰਕ ਮਾਣ ਦੀ ਭਾਵਨਾ ਪੈਦਾ ਕਰ ਸਕਦਾ ਹੈ।

ਪੰਜਾਬੀ ਮਨੋਰੰਜਨ ਇੰਡਸਟਰੀ ਨੂੰ ਹੋਰ ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਕੰਟੈਂਟ ਬਣਾਉਣ ਲਈ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਇਹ ਸਬਸਿਡੀਆਂ ਅਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਰਿਵਾਇਤੀ ਪੰਜਾਬੀ ਕਲਾ ਦੇ ਰੂਪਾਂ, ਜਿਵੇਂ ਕਿ ਭੰਗੜਾ ਅਤੇ ਗਿੱਧਾ ਆਦਿ ਨੂੰ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਕਲਾਵਾਂ ਨੂੰ ਮਨਾਉਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਅਤੇ ਤਿਉਹਾਰ ਨਿਯਮਤ ਤੌਰ 'ਤੇ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ।

ਪ੍ਰਕਾਸ਼ਨ, ਲਾਇਬ੍ਰੇਰੀਆਂ ਅਤੇ ਸਾਹਿਤਕ ਤਿਉਹਾਰਾਂ ਰਾਹੀਂ ਪੰਜਾਬੀ ਸਾਹਿਤ ਦੀ ਸਾਂਭ-ਸੰਭਾਲ ਅਤੇ ਪ੍ਰੋਤਸਾਹਨ ਦੇਣ ਦੀਆਂ ਪਹਿਲਾਂ ਕਰਨੀਆਂ ਚਾਹੀਦੀਆਂ ਹਨ। ਮਾਂ-ਬਾਪ ਆਉਣ ਵਾਲੀ ਪੀੜ੍ਹੀ ਨੂੰ ਭਾਸ਼ਾ ਦੇ ਹੁਨਰ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਪਛਾਣ ਦੀ ਭਾਵਨਾ ਪ੍ਰਦਾਨ ਕਰਕੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਰੋਜ਼ਾਨਾ ਗੱਲਬਾਤ, ਜਸ਼ਨਾਂ, ਅਤੇ ਵਿਦਿਅਕ ਵਿਕਲਪਾਂ ਰਾਹੀਂ, ਮਾਪੇ ਆਪਣੇ ਬੱਚਿਆਂ ਵਿਚ ਪੰਜਾਬੀ ਵਿਰਸੇ ਲਈ ਡੂੰਘੀ ਕਦਰ ਪੈਦਾ ਕਰ ਸਕਦੇ ਹਨ। ਇਹਨਾਂ ਯਤਨਾਂ ਵਿਚ, ਸਾਨੂੰ ਨਾ ਸਿਰਫ਼ ਆਪਣੀਆਂ ਜੜ੍ਹਾਂ ਮਿਲਦੀਆਂ ਹਨ, ਸਗੋਂ ਵੱਧਣ-ਫੁੱਲਣ, ਅਤੀਤ ਨੂੰ ਭਵਿੱਖ ਨਾਲ ਜੋੜਨ ਅਤੇ ਸਾਡੇ ਪੰਜਾਬੀ ਸੱਭਿਆਚਾਰ ਦੇ ਦਿਲ ਅਤੇ ਰੂਹ ਨੂੰ ਮਨਾਉਣ ਦੀ ਤਾਕਤ ਮਿਲਦੀ ਹੈ। ਸਾਡੇ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਨੂੰ ਬਚਾਉਣਾ ਸਿਰਫ਼ ਇੱਕ ਵਿਕਲਪ ਨਹੀਂ ਹੈ; ਇਹ ਸਾਡੀ ਪਛਾਣ, ਸਾਡੀਆਂ ਪਰੰਪਰਾਵਾਂ, ਅਤੇ ਸਾਡੇ ਸਾਂਝੇ ਇਤਿਹਾਸ ਦੀ ਨੀਂਹ ਦੀ ਰਾਖੀ ਲਈ ਇੱਕ ਭਾਵਨਾਤਮਕ ਵਚਨਬੱਧਤਾ ਹੈ। ਇਹ ਪਿਛਲੀਆਂ ਪੀੜ੍ਹੀਆਂ ਲਈ ਸਨਮਾਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਅਨਮੋਲ ਤੋਹਫ਼ਾ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਪੰਜਾਬੀ ਵਿਰਸੇ ਦੀ ਅਮੀਰ ਵਿਰਾਸਤ ਇੱਕ ਵਿਭਿੰਨ ਅਤੇ ਆਪਸ ਵਿੱਚ ਜੁੜੇ ਸੰਸਾਰ ਵਿੱਚ ਚਮਕਦੀ ਰਹੇ।

# ਤੈਨੂੰ ਜੰਨ ਛੁੜਾਉਣੀ ਨਾ ਆਈ...



ਜੋਗਿੰਦਰ ਕੌਰ ਅਗਨੀਹੋਤਰੀ

ਵਿਆਹਾਂ ਮੌਕੇ ਸਿੱਠਣੀਆਂ ਦੇਣਾ ਵੀ ਇੱਕ ਕਲਾ ਹੈ, ਇਹ ਹਰ ਔਰਤ ਦੇ ਵੱਸ ਦੀ ਗੱਲ ਨਹੀਂ। ਇਹ ਸਿੱਠਣੀਆਂ ਦਾ ਰਿਵਾਜ ਹੁਣ ਲੋਪ ਹੋ ਗਿਆ। ਔਰਤਾਂ ਨੂੰ ਇਸ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ ਅਤੇ ਨਾਲ ਹੀ ਗਾਉਣ ਦਾ ਢੰਗ ਵੀ। ਇਸ ਤੋਂ ਇਲਾਵਾ ਸਾਡੇ ਸਭਿਆਚਾਰ ਅਨੁਸਾਰ ਛੋਟੇ-ਛੋਟੇ ਸ਼ਗਨ ਕਰਦਿਆਂ ਹੀ ਕਾਫ਼ੀ ਸਮਾਂ ਲੱਗਦਾ ਹੈ। ਮੁੰਡੇ ਦੇ ਵਿਆਹ ਵਿੱਚ ਬਰਾਤੀ ਆਪਣੀ ਤਿਆਰੀ ਆਪ ਕਰਦੇ ਹਨ। ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਚਿੰਤਾ ਨਹੀਂ ਹੁੰਦੀ। ਬਰਾਤ ਲੈ ਕੇ ਜਾਣ ਦੀ ਪਰੰਪਰਾ ਆਦਿ ਕਾਲ ਤੋਂ ਹੀ ਹੈ। ਲਾੜੇ ਦੇ ਨਾਲ ਸਰਬਾਲਾ ਤੇ ਬਰਾਤੀ ਹੁੰਦੇ ਹਨ। ਬਰਾਤ ਲਈ ਇੱਕ ਸ਼ਬਦ ਹੋਰ ਵੀ ਵਰਤਿਆ ਜਾਂਦਾ ਹੈ ਜਿਸਨੂੰ ਮਾਲਵੇ ਦੇ ਇਲਾਕੇ ਵਿੱਚ ਜੰਨ ਕਹਿੰਦੇ ਹਨ ਤੇ ਲਾੜੇ ਦੇ ਨਾਲ ਆਉਣ ਵਾਲਿਆਂ ਨੂੰ ਜਾਨੀ।

ਵਿਆਹ ਸ਼ਾਦੀ ਵੇਲੇ ਖ਼ੁਸ਼ੀ ਦੇ ਮੌਕੇ ਇੱਕ ਦੂਜੇ ਨਾਲ ਹੱਸਦੇ ਹਨ ਤਾਂ ਮੇਲਣਾਂ ਵੀ ਜਾਨੀਆਂ ਨੂੰ ਮਖ਼ੌਲ ਕਰਦੀਆਂ ਹਨ। ਵਿਆਹ ਵੇਲੇ ਇਹੋ ਜਿਹੇ ਮਖ਼ੌਲ/ਮਸ਼ਕਰੀਆਂ ਤਾਂ ਹੁੰਦੀਆਂ ਹੀ ਹਨ ਪਰ ਇਸਦੇ ਨਾਲ ਹੀ ਗੀਤਾਂ ਰਾਹੀਂ ਜਾਨੀਆਂ ਨੂੰ ਮਖ਼ੌਲ ਕਰਕੇ ਉਨ੍ਹਾਂ ਦੀ 'ਬੇਇੱਜ਼ਤੀ' ਕਰਨ ਨੂੰ ਸਿੱਠਣੀਆਂ ਦੇਣਾ ਕਿਹਾ ਜਾਂਦਾ ਹੈ। ਸਮਾਜ ਵਿੱਚ ਬੰਦਿਸ਼ਾਂ ਦੇ ਬਾਵਜੂਦ ਔਰਤਾਂ ਨੂੰ ਬਰਾਤੀਆਂ ਨੂੰ ਮਖ਼ੌਲ ਕਰਨ ਦੀ ਖੁੱਲ੍ਹ ਹੈ। ਵਿਆਹ ਸ਼ਾਦੀ ਦੇ ਮੌਕੇ ਹੀ ਖੁੱਲ੍ਹ ਕੇ ਹੱਸਿਆ ਖੇਡਿਆ ਜਾਣਾ ਚਾਹੀਦਾ ਹੈ ਤਾਂ ਹੀ ਖ਼ੁਸ਼ੀ ਵੱਧਦੀ ਹੈ। ਉਸ ਸਮੇਂ ਹੋਏ ਹਾਸੇ ਠੱਠੇ ਦਾ ਕੋਈ ਗੁੱਸਾ ਨਹੀਂ ਕਰਦਾ। ਬਰਾਤੀ ਜਾਂ ਜਾਨੀ ਵਿਆਹ ਦੀ ਰੌਣਕ ਹੁੰਦੇ ਹਨ। ਲਾੜਾ ਜਾਨੀਆਂ ਨਾਲ ਹੀ ਸੋਂਹਦਾ ਹੈ। ਬਰਾਤ ਵਾਜੇ ਵੱਜਦਿਆਂ ਹੀ ਚੜ੍ਹਦੀ ਹੈ। ਇਸ ਦਾ ਮਤਲਬ ਖੁਸ਼ੀ ਦੇ ਨਾਲ-ਨਾਲ ਆਪਣੇ ਪਹੁੰਚਣ ਦਾ ਸੰਕੇਤ ਵੀ ਦਿੱਤਾ ਜਾਂਦਾ ਹੈ। ਉਂਜ ਤਾਂ ਬੈਂਡ ਵਾਜਾ ਹੀ ਵਜਾਇਆ ਜਾਂਦਾ ਹੈ ਪਰ ਕਿਸੇ ਸਮੇਂ ਬੀਨਾ ਵਾਜਾ ਵੀ ਲੋਕ ਲੈ ਜਾਂਦੇ ਸਨ। ਪਹਿਲਾਂ ਲੋਕ ਬਰਾਤ ਦੇ ਨਾਲ ਕਵੀਸ਼ਰਾਂ ਨੂੰ ਵੀ ਲੈ ਕੇ ਜਾਂਦੇ ਸਨ। ਕੁਝ ਲੋਕ ਵਿਆਹ ਸ਼ਾਦੀ ਦੇ ਮੌਕੇ ਗਾਇਕਾਂ ਨੂੰ ਵੀ ਗਾਉਣ ਵਾਸਤੇ ਲੈ ਕੇ ਜਾਂਦੇ ਹਨ। ਇੰਨ੍ਹਾਂ ਨੂੰ ਗਵੰਤਰੀਏ ਵੀ ਕਹਿ ਦਿੰਦੇ ਸਨ। ਇੰਨ੍ਹਾਂ ਦੇ ਅਖਾੜੇ ਲੱਗਦੇ ਸਨ ਅਤੇ ਹੁਣ ਵੀ ਲੱਗਦੇ ਹਨ। ਜੇਕਰ ਮਜਬੂਰੀ ਵੱਸ ਕੋਈ ਬਰਾਤ ਵਿੱਚ ਵਾਜਾ ਨਾ ਲੈ ਕੇ ਗਿਆ ਹੋਵੇ ਤਾਂ ਉਸ ਲਈ ਪਹਿਲਾਂ ਇਹੀ ਸਿੱਠਣੀ ਪੇਸ਼ ਕੀਤੀ ਜਾਂਦੀ ਹੈ। ਮੁੰਡੇ ਦੇ ਪਿਓ ਨੂੰ ਇੰਝ ਸਿੱਠਣੀ ਦਿੱਤੀ ਜਾਂਦੀ ਹੈ।

'ਵਾਜਾ ਨਾ ਲਿਆਇਆ ਵੱਜਮਾਂ,
ਮਾਸੜਾ ਵੀਹੀਏਂ ਨਾ ਪਾਇਆ ਵੇ ਸ਼ੋਰ।
ਸਾਡੇ ਭਾ, ਦੀ ਜੰਞ ਢੁੱਕੀ
ਤੇ ਲੋਕਾਂ ਭਾ, ਦੀ ਵੇ ਚੋਰ'

ਇੱਥੇ ਹੀ ਸ਼ੁਰੂਆਤ ਹੋ ਜਾਂਦੀ ਹੈ ਤੇ ਇਸ ਤੋਂ ਬਾਅਦ ਸਿੱਠਣੀਆਂ ਦੀ ਝੜੀ ਲਾ ਦਿੱਤੀ ਜਾਂਦੀ ਹੈ। ਬਰਾਤੀਆਂ ਨੂੰ ਔਰਤਾਂ ਵੱਖ-ਵੱਖ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦੀਆਂ ਹਨ। ਸ਼ਬਦਾਂ ਦੀ ਵਰਤੋਂ ਕਰਨ ਵੇਲੇ ਉਨ੍ਹਾਂ ਦੀ ਚੋਣ ਅਜਿਹੀ ਕੀਤੀ ਜਾਂਦੀ ਹੈ ਕਿ ਉਹ ਕੰਨਾਂ ਵਿੱਚ ਰਸ ਘੋਲਦੇ ਹਨ। ਭਾਵੇਂ ਉਨ੍ਹਾਂ 'ਚ ਗਾਲ੍ਹਾਂ ਕਿਉਂ ਨਾ ਹੋਣ ਪਰ ਸਾਰੇ ਹੀ ਇਸ ਨੂੰ ਬਰਦਾਸ਼ਤ ਕਰ ਲੈਂਦੇ ਹਨ। ਜੇਕਰ ਕੋਈ ਜੰਨ ਛੁੜਾਉਣ ਲਈ ਖੜ੍ਹਾ ਹੋ ਜਾਂਦਾ ਤੇ ਉਸਨੂੰ ਹੱਥ ਜੋੜ ਕੇ ਬਿਠਾ ਦਿੰਦੇ ਤਾਂ ਕੁੜੀਆਂ ਜਾਂ ਮੇਲਣਾਂ ਸਿੱਠਣੀ ਦੇ ਦਿੰਦੀਆਂ।

'ਤੈਨੂੰ ਜੰਨ ਛੁੜਾਉਣੀ ਨਾ ਆਈ
ਵੇ, ਕੱਚਾ ਹੁੰਦਾ ਬੈਠ ਗਿਆ।
ਤੈਨੂੰ ਭੈਣ ਦੇਣੀ ਨਾ ਆਈ
ਕੱਚਾ ਹੁੰਦਾ ਬਹਿ ਵੇ ਗਿਆ।'
ਜਾਂ
ਤੈਨੂੰ ਬੇਬੇ ਦੇਣੀ ਨਾ ਆਈ
ਕੱਚਾ ਹੁੰਦਾ ਬਹਿ ਵੇ ਗਿਆ।

ਉਸ ਤੋਂ ਬਾਅਦ ਜਾਨੀਆਂ ਨੂੰ ਸਿੱਠਣੀਆਂ ਦੇਣ ਦਾ ਕੰਮ ਚੱਲ ਪੈਂਦਾ ਹੈ। ਫਿਰ ਤਾਂ ਸਿੱਧਾ ਹੀ ਸੰਬੋਧਨ ਕਰਕੇ ਇੰਜ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ।

'ਜਾਨੀ ਆਏ ਨੀਂ ਠੇਠਾਂ ਦੇ ਠੇਠ
ਭੈਣਾਂ ਦੇ ਜੇਠ
ਬੱਧੀ ਰੋਟੀ ਖਾ ਨੀਂ ਗਏ।
ਜਾਨੀ ਆਏ ਨੀਂ ਕੰਧਾਂ ਦੇ ਲਿਉੜ,
ਭੈਣਾਂ ਦੇ ਦਿਉਰ।
ਬੱਧੀ ਰੋਟੀ ਖਾ ਨੀਂ ਗਏ।

ਜੇਕਰ ਕੋਈ ਜਾਨੀ ਸੋਹਣਾ ਸੁਨੱਖਾ ਹੋਵੇ ਤਾਂ ਵੀ ਉਹ ਕੁੜੀਆਂ ਦੇ ਅੱਖ ਤਿਣ ਚੜ੍ਹ ਜਾਂਦਾ ਹੈ ਤੇ ਉਹ ਸੁਨੱਖੀਆਂ ਅਤੇ ਸ਼ੁਕੀਨ ਕੁੜੀਆਂ ਨਾਲ ਅਨੰਦ ਦੀਆਂ ਦੋ ਘੜੀਆਂ ਬਿਤਾਉਣ ਲਈ ਕੋਈ ਨਾ ਕੋਈ ਬਹਾਨਾ ਭਾਲਦਾ ਹੈ। ਉਹ ਵੀ ਉਨ੍ਹਾਂ ਨੂੰ ਕੁਝ ਨਾ ਕੁਝ ਕਹਿੰਦਾ ਹੈ ਜਾਂ ਕੋਈ ਹੋਰ ਸ਼ਰਾਰਤ ਕਰ ਦਿੰਦਾ ਹੈ ਤਾਂ ਕੁੜੀਆਂ ਵੀ ਉਸ ਦੀ ਪੂਰੀ ਛੋਤ ਲਾਹੁੰਦੀਆਂ ਹਨ।

'ਛੰਨਾ ਭਰਿਆ ਕਣਕ ਦਾ
ਨਾਭੀ ਪੱਗ ਵਾਲਿਆ,
ਵਿੱਚੋਂ ਚੁਗਦੀ ਵੇ ਰੋੜ।
ਮੇਰੇ ਬੰਨ੍ਹੀ ਕੀ ਦੇਖਦਾ..।'

ਕੋਈ ਵੀ ਜਾਨੀ ਅਜਿਹਾ ਨਹੀਂ ਹੁੰਦਾ ਜੋ ਗੁੱਸਾ ਕਰੇ। ਹਰ ਜਾਨੀ ਇਸ ਮੌਕੇ ਮੇਲਣਾਂ ਦੀਆਂ ਨਜ਼ਰਾਂ ਵਿੱਚ ਚੜ੍ਹਨਾ ਚਾਹੁੰਦਾ ਹੈ ਤੇ ਕਈ ਤਾਂ ਇੱਥੋਂ ਹੀ ਅੱਖਾਂ ਚਾਰ ਕਰਕੇ ਮੁੜ ਜਾਂਦੇ ਹਨ। ਉਧਰ ਮੇਲਣਾਂ ਵੀ ਨਵੇਂ ਤੋਂ ਨਵੇਂ ਸ਼ਬਦ ਚਿੰਨ੍ਹਾਂ ਰਾਹੀਂ ਜਾਨੀਆਂ ਨੂੰ ਛੇੜਦੀਆਂ ਹਨ। ਭਾਵੇਂ ਅਗਲੇ ਵਿੱਚ ਕੋਈ ਔਗੁਣ ਹੋਵੇ ਜਾਂ ਨਾ ਹੋਵੇ-

''ਕਾਣਿਆਂ, ਵੇ ਲੱਜ ਮਾਰਿਆ,
ਕਾਣਿਆਂ, ਵੇ ਤੂੰ ਕਿਉਂ ਆਇਆ,
ਵੇ ਸੰਸਾਰ,
ਹੱਥ ਨਾ ਬੱਧਾ ਕੰਗਣਾ,
ਵੇ ਤੇਰੇ ਬੂਹੇ ਨਾ ਬੈਠੀ, ਵੇ ਅਕਲੋਂ
ਕੋਰਿਆ, ਨਾਰ''।

ਜੇਕਰ ਔਰਤਾਂ ਲੋਕਯਾਨ ਤੋਂ ਜਾਣੂੰ ਹਨ ਤਾਂ ਆਦਮੀ ਵੀ ਘੱਟ ਨਹੀਂ ਹਨ। ਉਨ੍ਹਾਂ ਨੂੰ ਵੀ ਜਵਾਬ ਦੇਣਾ ਆਉਂਦਾ ਹੈ ਤਾਂ ਉਹ ਇਸ ਤਰ੍ਹਾਂ ਜਵਾਬ ਦਿੰਦੇ ਹਨ।

'ਕਾਣਾ ਹਾਂ ਮੈਂ ਠੀਕ ਚਤਰੇ,
ਕਾਣਾ ਹਾਂ ਨੀ ਪ੍ਰਤੱਖ।
ਤੈਨੂੰ ਬਣਾ ਲਵਾਂ ਵਹੁਟੜੀ
ਨੀ ਤੇਰੀ ਮਾਂ ਨੂੰ ਬਣਾ ਲਵਾਂ
ਨੀ ਚਤਰੇ ਕੰਨ ਕਰੀਂ, ਸੱਸ।

ਅਜਿਹਾ ਜਵਾਬ ਲੈ ਕੇ ਸਿੱਠਣੀ ਦੇਣ ਵਾਲੀ ਵੀ ਹੈਰਾਨ ਰਹਿ ਜਾਂਦੀ ਹੈ। ਜਾਨੀ ਆਉਂਦੇਹੀ ਹਾਸੇ-ਠੱਠੇ ਵਾਸਤੇ ਹਨ। ਉਹ ਵੀ ਕੁੜੀਆਂ ਨੂੰ ਕੁੱਝ ਨਾ ਕੁੱਝ ਕਹਿ ਕੇ ਛੇੜਦੇ ਹਨ। ਕੁੜੀਆਂ ਵੀ ਉਨ੍ਹਾਂ ਦੀ ਮਾਂ, ਭੈਣ ਤੱਕ ਸਿੱਠਦੀਆਂ ਹਨ। ਕੁੜੀਆਂ ਜਾਨੀਆਂ ਨੂੰ ਇੰਜ ਵੀ ਛੇੜਦੀਆਂ ਹਨ-'ਚੁਟਕੀ ਮਾਰਾਂ ਰਾਖ ਦੀ, ਪਿਆਜੀ ਪੱਗ ਵਾਲਿਆ।' ਜਾਨੀਆਂ ਵਿੱਚ ਮੁੰਡੇ ਦੇ ਰਿਸ਼ਤੇਦਾਰ, ਯਾਰ ਦੋਸਤ ਹੁੰਦੇ ਹਨ। ਇਸ ਤੋਂ ਬਿਨ੍ਹਾਂ ਚਾਚੇ-ਤਾਏ, ਦਾਦੇ-ਬਾਬੇ ਹੁੰਦੇ ਹਨ। ਉਨ੍ਹਾਂ ਨੂੰ ਵੀ ਦੋਹੇ ਲਾਏ ਜਾਂਦੇ ਹਨ ਪਰ ਜ਼ਿਆਦਾ ਅੜੀ ਝੜੀ ਗੱਭਰੂਆਂ ਨਾਲ ਹੀ ਹੁੰਦੀ ਹੈ। ਵੱਡੀ ਉਮਰ ਦੇ ਜਾਨੀਆਂ ਨੂੰ ਵੀ ਛੇੜਿਆ ਜਾਂਦਾ ਹੈ। ਉਂਜ ਵੱਡੀ ਉਮਰ ਦੀਆਂ ਔਰਤਾਂ ਹੀ ਵੱਡੇ ਵਿਅਕਤੀਆਂ ਨੂੰ ਛੇੜਦੀਆਂ ਹਨ। ਗੱਲ ਵੀ ਕਹਿ ਦੇਣੀ ਤੇ ਗੁੱਸਾ ਨਾ ਮੰਨਣ ਬਾਰੇ ਪਹਿਲਾਂ ਹੀ ਕਹਿ ਦੇਣਾ ਕਿਉਂਕਿ ਸੱਗੇ ਰੱਤੇ ਸਾਕਾਂ ਨਾਲ ਮਖ਼ੌਲ ਕਰਨ ਦਾ ਇਹ ਉਚਿੱਤ ਤਰੀਕਾ ਹੈ ਅਤੇ ਸਮਝਦਾਰੀ ਦੀ ਨਿਸ਼ਾਨੀ ਹੈ। ਬਰਾਤ ਬੜੇ ਚਾਅ ਨਾਲ ਆਉਂਦੀਹੈ। ਲਾੜੇ ਦੇ ਹਮਾਇਤੀ ਜਾਨੀ ਉਸ ਦੇ ਬਹਾਨੇ ਕੁੜੀਆਂ ਨਾਲ ਮਖ਼ੌਲ ਕਰ ਕੇ ਮਨ ਪਰਚਾਉਂਦੇਹਨ ਅਤੇ ਖ਼ੁਸ਼ੀ ਵਧਾਉਂਦੇ ਹਨ। ਜਦੋਂ ਬਰਾਤ ਢੁੱਕਦੀ ਹੈ ਤਾਂ ਉਸ ਸਮੇਂ ਲੜਕੀ ਦੇ ਪਰਿਵਾਰ ਵਿੱਚੋਂ ਚਾਚੇ ਤਾਏ ਅਤੇ ਹੋਰ ਰਿਸ਼ਤੇਦਾਰਾਂ ਤੋਂ ਬਿਨ੍ਹਾਂ ਪਿੰਡ ਦੇ ਪਤਵੰਤੇ ਸੱਜਣ ਵੀ ਹਾਜ਼ਰ ਹੁੰਦੇ ਹਨ। ਪਹਿਲਾਂ ਬਰਾਤੀ ਊਠ, ਘੋੜਿਆਂ, ਘੋੜੀਆਂ ਆਦਿ 'ਤੇ ਆਉਂਦੇ ਸਨ ਅਤੇ ਆਪੋ-ਆਪਣੀ ਸਵਾਰੀ ਦਾ ਆਪ ਪ੍ਰਬੰਧ ਕਰਦੇ ਸਨ। ਉਸ ਤੋਂ ਬਾਦ ਬੱਸਾਂ ਅਤੇ ਕਾਰਾਂ ਚੱਲਣ ਲੱਗ ਪਈਆਂ। ਊਠ ਘੋੜਿਆਂ ਦੀ ਸਵਾਰੀ ਕਰਨ ਲਈ ਬਰਾਤ ਜਾਣ ਵੇਲੇ ਉਨ੍ਹਾਂ ਨੂੰ ਸ਼ਿੰਗਾਰਿਆ ਜਾਂਦਾ ਸੀ। ਉਨ੍ਹਾਂ ਦੇ ਗਲ਼ ਵਿੱਚ ਗਾਨੀਆਂ ਪਾਈਆਂ ਜਾਂਦੀਆਂ ਸਨ। ਇਹ ਲੋਗੜੀ ਨਾਲ ਤਿਆਰ ਕਰ ਕੇ ਫੁੱਲ ਲਾਏ ਜਾਂਦੇ ਸਨ। ਜਾਨੀ ਆਪ ਵੀ ਕੈਂਠੇ, ਕੰਨੀਂ ਮੁੰਦਰਾਂ ਅਤੇ ਛਾਪਾਂ ਛੱਲੇ ਪਾਉਂਦੇਸਨ। ਜਾਨੀਆਂ ਦੀ ਵਧੀਆ ਠੁੱਕ ਦੇਖ ਕੇ ਉਨ੍ਹਾਂ ਨੂੰ ਦੇਖਣ ਦੀ ਚਾਹਤ ਕੁੜੀਆਂ ਵਿੱਚ ਵੀ ਹੁੰਦੀ ਅਤੇ ਕਈ ਵਾਰ ਇੱਥੋਂ ਹੀ ਰਿਸ਼ਤੇ ਜੁੜ ਜਾਂਦੇ। ਔਰਤਾਂ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਦੋਹੇ ਲਾਉਂਦੀਆਂ-

'ਆਉਂਦੇ ਜਾਨੀ ਇਉਂ ਆਏ
ਜਿਉਂ ਫੁੱਲਿਆ ਸਰ੍ਹੋਂ ਦਾ ਜੀ ਖੇਤ
ਜਾਂਦੇ ਜਾਨੀ ਇਉਂ ਗਏ
ਜਿਉਂ ਢਲਿਆ ਟਿੱਬੇ ਦਾ ਜੀ ਰੇਤ।

ਇਸ ਮੌਕੇ ਪਰਪੱਕ ਵਿਅਕਤੀ ਦੋਹੇ ਦਾ ਮੋੜਵਾਂ ਉੱਤਰ ਇਉਂ ਦਿੰਦੇ-

ਆਉਂਦੇ ਜਾਨੀ ਇਉਂ ਆਏ, ਚਤਰੇ
ਜਿਉਂ ਖੰਡ ਦੀ ਭਰੀ ਨੀਂ ਪਰਾਤ
ਜਾਂਦੇ ਜਾਨੀ ਇਉਂ ਚੱਲੇ
ਸਾਨੂੰ ਫੇਰ ਢੁੱਕਣ ਦੀ ਆਸ।'

ਇਜਾਂ ਹੱਸਦਿਆਂ ਹੱਸਦਿਆਂ ਹੀ ਰਸਮ-ਰਿਵਾਜ ਵੀ ਪੂਰੇ ਹੋ ਜਾਂਦੇ ਅਤੇ ਰਿਸ਼ਤੇਦਾਰੀ ਵੀ ਪੱਕੀਆਂ ਹੁੰਦੀਆਂ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਿੱਖ ਸੰਘ (1716–1799)



ਸਿੱਖ ਇਤਿਹਾਸ ਵਿੱਚ 9 ਜੂਨ,1716 ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਬਿਪਤਾ ਦਾ ਸਮਾਂ ਸੀ। ਮੁਗਲ ਬਾਦਸ਼ਾਹ ਫ਼ਰੁਖਸਈਅਰ ਨੇ ਸਿੰਘਾਂ ਦਾ ਅੰਤ ਕਰਨ ਦਾ ਖ਼ੂਨੀ ਐਲਾਨ ਕੀਤਾ ਕਿ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਇਸਲਾਮ ਕਬੂਲ ਕਰਵਾਇਆ ਜਾਵੇ ਜਾਂ ਸ਼ਹੀਦ ਕਰ ਦਿਤਾ ਜਾਵੇ। ਸਰਹਿੰਦ, ਲਾਹੌਰ ਤੇ ਜੰਮੂ ਦੇ ਸੂਬੇਦਾਰਾਂ ਨੇ ਸਿੱਖਾਂ 'ਤੇ ਬੜੇ ਅਤਿਆਚਾਰ ਕੀਤੇ। ਮਾਝੇ ਨੂੰ ਉਜਾੜ ਦਿਤਾ ਗਿਆ। ਸਿੰਘ 'ਤੱਤ ਖ਼ਾਲਸਾ' ਤੇ 'ਬੰਦਈ ਖ਼ਾਲਸਾ' ਵਿੱਚ ਵੰਡੇ ਹੋਏ ਸਨ। ਸਿੰਘਾਂ ਨੇ ਜੰਗਲਾਂ ਵਿੱਚ ਸ਼ਰਨ ਲੈ ਲਈ। ਸੰਨ 1716-1720 ਤੱਕ ਸਿੰਘ ਲੁਕਵੀਆਂ ਥਾਵਾਂ ਤੋਂ ਪਿੰਡਾਂ ਵਿੱਚ ਪਰਤ ਆਏ। ਉਹ ਅੰਮ੍ਰਿਤਸਰ ਦੀ ਵਿਸਾਖੀ ਅਤੇ ਬੰਦੀਛੋੜ ਦਿਵਸ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਉਣ ਲੱਗੇ ਪਰ ਉਹਨਾਂ ਕੋਲ ਆਪਣੀ ਸੁਰਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਉਹਨਾਂ ਦੀ ਕੋਈ ਕੇਂਦਰੀ ਸ਼ਕਤੀ ਨਹੀਂ ਸੀ। ਮਾਤਾ ਸੁੰਦਰੀ ਜੀ ਨੇ 1721 ਵਿੱਚ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਉਹਨਾਂ ਦੀ ਅਗਵਾਈ ਵਿੱਚ 'ਤੱਤ ਖ਼ਾਲਸਾ' ਅਤੇ 'ਬੰਦਈ ਖ਼ਾਲਸਾ' ਇੱਕ ਹੀ ਤੱਤ ਖ਼ਾਲਸਾ ਹੇਠ ਇਕੱਠੇ ਹੋਏ। ਅਬਦੁਲ ਸਮੰਦ ਖਾਨ ਨੂੰ ਮੁਲਤਾਨ ਬਦਲ ਦਿਤਾ ਗਿਆ। ਉਸਦਾ ਪੁੱਤਰ ਖਾਨ ਬਹਾਦਰ ਜਕਰੀਆ ਖਾਨ 1726 ਵਿੱਚ ਪੰਜਾਬ ਦਾ ਸੂਬੇਦਾਰ ਬਣਿਆ। ਉਸਨੇ ਸਿੰਘਾਂ ਦਾ ਖ਼ੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾ ਦਿਤੀ। ਉਸਨੇ ਸਿੰਘਾਂ ਨੂੰ ਸ਼ਹੀਦ ਕਰਨ ਦੇ ਇਨਾਮ ਰੱਖ ਦਿਤੇ। ਵੱਡੀ ਪੱਧਰ 'ਤੇ ਸਿੰਘ ਸ਼ਹੀਦ ਕੀਤੇ ਗਏ। ਸਿੰਘ ਫਿਰ ਲੁਕਵੀਆਂ ਥਾਵਾਂ 'ਤੇ ਚਲੇ ਗਏ। ਸੰਨ 1726 ਵਿੱਚ ਪ੍ਰਸਿੱਧ ਸਰਦਾਰ ਤਾਰਾ ਸਿੰਘ ਵਾਂ ਅਤੇ 22 ਸਾਥੀਆਂ ਵਿਰੁੱਧ 2000 ਦੀ ਫੌਜ਼ ਭੇਜੀ ਗਈ। ਸਿੰਘਾਂ ਨੇ ਸਾਰੀ ਰਾਤ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਦਿਨ ਚੜੇ ਦੁਸ਼ਮਣਾਂ ਨੇ ਉਹਨਾਂ ਸਾਰਿਆਂ ਨੂੰ ਸ਼ਹੀਦ ਕਰ ਦਿਤਾ। ਇਹ ਅਫਵਾਹ ਫੈਲਾ ਦਿਤੀ ਕਿ ਪਿੰਡਾਂ ਵਿਚੋਂ ਸਾਰੇ ਸਿੱਖ ਖਤਮ ਕਰ ਦਿਤੇ ਗਏ ਹਨ। ਇਹਨਾਂ ਸਿੰਘਾਂ ਦੀ ਬਹਾਦਰੀ 'ਤੇ ਲੁਕਵੀਆਂ ਥਾਵਾਂ 'ਤੇ ਬੈਠੇ ਸਿੰਘਾਂ ਵਿੱਚ ਰੋਹ ਜਾਗ ਉਠਿਆ। ਉਹਨਾਂ ਨੂੰ ਪ੍ਰੇਰਣਾ ਮਿਲੀ ਕਿ ਜੇਕਰ 22 ਸਿੰਘ 2000 ਫੌਜ਼ ਦਾ ਮੁਕਾਬਲਾ ਕਰ ਸਕਦੇ ਹਨ ਤਾਂ ਸਾਨੂੰ ਵੀ ਜੁਲਮ ਵਿਰੁੱਧ ਟੱਕਰ ਲੈਣੀ ਚਾਹੀਦੀ ਹੈ। ਉਹ ਲੁਕਵੀਂਆਂ ਥਾਵਾਂ ਤੋਂ ਪਰਤ ਆਏ। ਜਦੋਂ ਸਰਕਾਰੀ ਖ਼ਜ਼ਾਨਾ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਂਦਾ ਸੀ ਤਾਂ ਸਿੰਘ ਲੁੱਟ ਲੈਂਦੇ ਅਤੇ ਲੁਕਵੀਂਆਂ ਥਾਵਾਂ 'ਤੇ ਚਲੇ ਜਾਂਦੇ। ਇਸ ਤਰਾਂ ਸਿੱਖਾਂ ਨੇ ਸੰਸਾਰ ਦੀ ਸਭ ਤੋਂ ਵੱਡੀ ਗੁਰੀਲਾ ਜੰਗ ਲੜੀ। ਸਿੰਘਾਂ ਨੇ ਜਥਿਆਂ ਵਿੱਚ ਇੱਕਠਾ ਹੋਣਾ ਸ਼ੁਰੂ ਕੀਤਾ। ਹੁਣ ਹਕੂਮਤ ਨੇ ਇਹ ਜਾਣ ਲਿਆ ਸੀ ਕਿ ਸਿੰਘਾਂ ਨੂੰ ਕਾਬੂ ਕਰਨਾ ਅਸੰਭਵ ਹੈ। ਸੰਨ 1733 ਵਿੱਚ ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਨਵਾਬੀ ਅਤੇ ਇੱਕ ਲੱਖ ਸਾਲਾਨਾ ਦੀ ਜਾਗੀਰ ਸੌਂਪੀ ਗਈ ਕਿ ਸਿੰਘ ਵਿਦਰੋਹ ਦਾ ਰਸਤਾ ਛੱਡ ਦੇਣਗੇ ਪਰ ਸਿੰਘ ਤਾਂ ਮੈਦਾਨਾਂ ਵਿੱਚ ਰਹਿਣ ਲੱਗੇ। ਉਹਨਾਂ ਕੋਲ ਪੈਸਾ ਵੀ ਹੋ ਗਿਆ। ਉਹ ਹੁਣ ਤਕ ਸੂਰਬੀਰ ਫੌਜ਼ੀ ਬਣ ਚੁੱਕੇ ਸਨ। ਉਹ ਦੁਸ਼ਮਣ ਨਾਲ ਟੱਕਰ ਲੈਣ ਲਈ ਇੱਕਠੇ ਹੋਣ ਲੱਗੇ।

ਸਿੰਘਾਂ ਦੇ ਦੋ ਦਲ ਸਨ 'ਬੁੱਢਾ ਦਲ' ਅਤੇ 'ਤਰੁਣਾ ਦਲ'। ਬੁੱਢਾ ਦਲ ਵਿੱਚ 40 ਸਾਲ ਤੋਂ ਵੱਧ ਉਮਰ ਦੇ ਸਿੰਘ ਸਨ, ਜੋ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ, ਗੁਰਦੁਆਰਾ ਪ੍ਰਬੰਧ, ਸਰਕਾਰ ਦੀਆਂ ਚਾਲਾਂ 'ਤੇ ਨਜ਼ਰ ਰਖਦੇ। ਤਰੁਣਾ ਦਲ ਵਾਸਤੇ ਨੌਜਵਾਨ ਫੌਜ਼ੀਆਂ ਦੀ ਭਰਤੀ ਕਰਦੇ। ਤਰੁਣਾ ਦਲ ਦੇ ਨੌਜਵਾਨਾਂ ਨੇ ਜੰਗੀ ਕਾਰਨਾਮਿਆਂ ਵਿੱਚ ਬੜੀ ਬਹਾਦਰੀ ਵਿਖਾਈ। ਤਰੁਣਾ ਦਲ ਦੀ ਗਿਣਤੀ 12000 ਹੋ ਗਈ। ਸੰਚਾਰੂ ਪ੍ਰਬੰਧ ਚਲਾਉਣ ਲਈ 5 ਧੜਿਆਂ ਵਿੱਚ ਵੰਡਿਆ ਗਿਆ। ਉਹਨਾਂ ਦਾ ਆਪਣਾ ਝੰਡਾ ਅਤੇ ਨਗਾਰਾ ਹੁੰਦਾ ਸੀ। ਉਹਨਾਂ ਦੇ ਅਸਥਾਨ ਸਨ ਰਾਮਸਰ, ਬਿਬੇਕਸਰ, ਲੱਛਮਣਸਰ, ਕੌਲਸਰ, ਸੰਤੋਖਸਰ। ਦੋਵੇਂ ਦਲ ਬੁੱਢਾ ਦਲ ਅਤੇ ਤਰੁਣਾ ਦਲ ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਦੀ ਅਗਵਾਈ ਹੇਠ ਦੁਸ਼ਮਣ ਨਾਲ ਟੱਕਰ ਲੈਣ ਲਈ ਤਿਆਰ ਰਹਿੰਦੇ। ਅੱਗੇ ਜਾ ਕੇ 7 ਧੜੇ ਹੋਰ ਮਿਲਾ ਕੇ 12 ਮਿਸਲਾਂ ਹੋਂਦ ਵਿੱਚ ਆਈਆਂ।

ਤਰੁਣਾ ਦਲ ਨੇ ਮੁਗਲਾਂ ਨਾਲ ਭਾਰੀ ਟੱਕਰ ਲਈ। ਬਾਰ-ਦੁਆਬ ਤੋਂ ਸਤਲੁੱਜ ਪਾਰ ਸਰਦਾਰ ਆਲਾ ਸਿੰਘ ਦੀ ਮਦਦ ਕਰਕੇ ਮਾਲਵੇ ਵਿੱਚ ਰਿਆਸਤ ਬਣਾ ਲਈ। ਖਾਨ ਬਹਾਦਰ ਜਕਰੀਆ ਖਾਨ ਨੇ ਦੀਵਾਨ ਲੱਖਪਤ ਰਾਏ ਦੀ ਅਗਵਾਈ ਵਿੱਚ ਸਰਬੱਤ ਖ਼ਾਲਸਾ ਵਿਰੁੱਧ ਫੌਜ਼ ਭੇਜੀ। ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ। ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨਾਂ 'ਤੇ ਪਾਬੰਦੀ ਲਗਾ ਦਿੱਤੀ ਪਰ ਦੁਸ਼ਮਣ ਸਿੰਘਾਂ ਨੂੰ ਦਬਾ ਨਾ ਸਕੇ। ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ 1738 ਵਿੱਚ ਸ਼ਹੀਦ ਕਰ ਦਿੱਤਾ ਗਿਆ। ਸਿੰਘਾਂ ਵਿੱਚ ਅਤਿ ਗੁੱਸੇ ਦੀ ਲਹਿਰ ਦੌੜ ਪਈ। ਸੰਨ 1739 ਵਿੱਚ ਨਾਦਰ ਸ਼ਾਹ ਨੇ ਸਿੰਘਾਂ ਦਾ ਡੱਲੇਵਾਲ ਦਾ ਕਿਲਾ ਤਬਾਹ ਕਰ ਦਿੱਤਾ। ਸਿੰਘਾਂ 'ਤੇ ਫਿਰ ਜੁਲਮ ਵਧੇ ਅਤੇ ਸਿੰਘ ਸੁਰਖਿਅਕਤ ਥਾਵਾਂ 'ਤੇ ਚਲੇ ਗਏ।

11 ਅਗਸਤ 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਲਾਹ ਦਿੱਤਾ, ਜੋ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਬੇਅਦਬੀ ਦਾ ਦੋਸ਼ੀ ਸੀ। ਫਿਰ ਪਹਿਲਾ ਛੋਟਾ ਘੱਲੂਘਾਰਾ 1746 ਵਿੱਚ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਵਾਪਰਿਆ। ਜਿਸ ਵਿੱਚ 7000 ਸਿੰਘ ਸ਼ਹੀਦ ਹੋਏ। ਲਗਭਗ 3000 ਸਿੰਘਾਂ ਨੂੰ ਕੈਦੀ ਬਣਾ ਕੇ ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਸ਼ਹੀਦਗੰਜ ਵਿਖੇ ਜਨਤਕ ਤੌਰ 'ਤੇ ਸ਼ਹੀਦ ਕੀਤਾ। ਮੁਗਲਾਂ ਦੀ ਘਰੇਲੂ ਜੰਗ ਵਿੱਚ 11 ਮਾਰਚ 1748 ਨੂੰ ਮੀਰ ਮੰਨੂੰ ਪੰਜਾਬ ਦਾ ਸੂਬੇਦਾਰ ਬਣਿਆ। ਉਹ ਲਾਹੌਰ ਵੱਲ ਵਧਿਆ। ਉਸਨੇ ਕੌੜਾ ਮੱਲ ਨੂੰ ਦੀਵਾਨ ਲਾਹੌਰ ਅਤੇ ਅਦੀਨਾ ਬੇਗ ਨੂੰ ਫੌਜ਼ਦਾਰ ਜਲੰਧਰ ਦੁਆਬ ਬਣਾਇਆ। ਉਸ ਸਮੇਂ ਕੋਈ ਸਥਾਈ ਹਕੂਮਤ ਨਹੀਂ ਸੀ। ਦਿੱਲੀ-ਲਾਹੌਰ ਦੇ ਸਬੰਧ ਸੁਖਾਂਵੇਂ ਨਹੀਂ ਸਨ। ਸਿੰਘਾਂ ਨੂੰ ਮੌਕਾ ਮਿਲਿਆ, ਉਹਨਾਂ 1734 ਵਾਲੇ ਦਲ ਖ਼ਾਲਸਾ ਅਧੀਨ ਇੱਕਠੇ ਹੋ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੈਨਾਪਤੀ ਬਣਾਇਆ। ਸੰਨ 1746-1749 ਤਕ ਸਿੰਘਾਂ ਨੇ ਫੌਜ਼ੀ ਤਾਕਤ ਫੜ ਲਈ ਸੀ। ਮੀਰ ਮੰਨੂ ਨੇ ਸਿੰਘਾਂ 'ਤੇ ਸਖ਼ਤੀ ਵਧਾਈ। 1748 ਵਿੱਚ ਅਦੀਨਾ ਬੇਗ ਫੌਜ਼ਦਾਰ ਜਲੰਧਰ ਦੁਆਬ ਨੂੰ ਸਿੰਘਾਂ ਵਿਰੁੱਧ ਭੇਜਿਆ। ਉਸਨੇ ਅੰਮ੍ਰਿਤਸਰ ਵੱਲ ਵੱਧ ਕੇ ਰਾਮ ਰੌਣੀ ਕਿਲੇ ਨੂੰ ਘੇਰਾ ਪਾ ਲਿਆ। ਸਿੰਘਾਂ ਲਈ ਭਾਰੀ ਫੌਜ਼ ਦਾ ਟਾਕਰਾ ਕਰਨਾ ਔਖਾ ਸੀ। ਜੱਸਾ ਸਿੰਘ ਰਾਮਗੜ੍ਹੀਆ ਉਸ ਵੇਲੇ ਅਦੀਨਾ ਬੇਗ ਦੀ ਫੌਜ਼ ਵਿੱਚ ਸੀ, ਉਹ ਸਿੰਘਾਂ ਵੱਲੋਂ ਲੜਿਆ। ਸਿੰਘਾਂ ਨੇ ਤਗੜੀ ਟੱਕਰ ਦਿੱਤੀ। ਉਸੇ ਵੇਲੇ ਅਹਿਮਦ ਸ਼ਾਹ ਅਬਦਾਲੀ ਵੀ ਪੰਜਾਬ 'ਤੇ ਆਣ ਚੜਿਆ। ਦੀਵਾਨ ਕੌੜਾ ਮੱਲ ਨੇ ਮੀਰ ਮੰਨੂ ਨੂੰ ਕਿਹਾ ਕਿ ਸਿੰਘ ਹਮੇਸ਼ਾ ਸਾਡੇ ਲਈ ਵੰਗਾਰ ਰਹੇ ਹਨ। ਹੁਣ ਸਿੰਘਾਂ ਨਾਲ ਸੰਧੀ ਕਰ ਲਈ ਜਾਵੇ। ਮੀਰ ਮੰਨੂ ਨੇ ਅੰਦਰੂਨੀ ਤੌਰ 'ਤੇ ਸਿੰਘਾਂ ਨਾਲ ਜੰਗ ਜਾਰੀ ਰਖੀ, ਪਰ ਵਕਤੀ ਤੌਰ 'ਤੇ 'ਪੱਟੀ' ਦੀ ਜਗੀਰ ਦੇਣ ਦਾ ਚੌਥਾ ਹਿਸਾ ਦੇਣਾ ਮੰਨ ਲਿਆ। ਅਹਿਮਦ ਸ਼ਾਹ ਅਬਦਾਲੀ 1751 ਵਿੱਚ ਵੱਡੀ ਫੌਜ਼ ਨਾਲ ਆਇਆ। ਉਹ ਲਾਹੌਰ ਬੈਠ ਗਿਆ। ਮਾਰਚ 1752 ਨੂੰ ਜੰਗ ਛਿੜੀ। ਦੀਵਾਨ ਕੌੜਾ ਮੱਲ ਮਾਰਿਆ ਗਿਆ। ਮੀਰ ਮੰਨੂ ਨੂੰ ਕੈਦੀ ਬਣਾ ਲਿਆ ਗਿਆ। ਬਾਅਦ ਵਿੱਚ ਆਪਸੀ ਗੱਲਬਾਤ ਨਾਲ ਮੀਰ ਮੰਨੂ ਨੂੰ ਲਾਹੌਰ ਅਤੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ। ਇਸ ਤਰਾਂ ਹੁਣ ਪੰਜਾਬ ਅਫਗਾਨਾਂ ਦੇ ਹੱਥ ਵਿੱਚ ਸੀ। ਮੀਰ ਮੰਨੂ ਨੇ 1749 ਵਿੱਚ ਮਾਖੋਵਾਲ (ਅਨੰਦਪੁਰ) ਵਿਖੇ ਸਿੰਘਾਂ ਨੂੰ ਸ਼ਹੀਦ ਕੀਤਾ। ਅਦੀਨਾ ਬੇਗ ਸਿੱਖਾਂ ਨਾਲ ਨਰਮੀ ਵਰਤਦਾ ਰਿਹਾ ਤੇ ਖਾਨਾਪੂਰੀ ਵਿੱਚ 40-50 ਸਿੰਘਾਂ ਨੂੰ ਹੋਲੀ ਹੋਲੀ ਸ਼ਹੀਦ ਕਰਦਾ ਰਿਹਾ। ਪਰ ਵੱਡਾ ਹਮਲਾ ਮੀਰ ਮੰਨੂ ਨੇ ਆਪ ਕੀਤਾ। ਜਿਸ ਵਿੱਚ ਬਟਾਲਾ ਨੇੜੇ 900 ਸਿੰਘ ਸ਼ਹੀਦ ਕੀਤੇ, ਪਰ ਫਿਰ ਵੀ ਮੰਨੂ ਸਿੰਘਾਂ ਨੂੰ ਖਤਮ ਨਾ ਕਰ ਸਕਿਆ ਕਿਉਂਕਿ ਸਿੰਘਾਂ ਵਿੱਚ ਕੌਮੀ ਚੇਤਨਾ ਆ ਚੁੱਕੀ ਸੀ। ਉਹ ਇੱਕਠੇ ਹੋ ਕੇ ਦੁਸ਼ਮਣ ਦਾ ਸਾਹਮਣਾ ਕਰਦੇ ਸਨ। ਆਮ ਜਨਤਾ ਜਿਵੇਂ ਕਿਸਾਨ, ਮਜ਼ਦੂਰ, ਕਾਰੀਗਰ ਉਹਨਾਂ ਦੀ ਮਦਦ 'ਤੇ ਸਨ। ਉਹ ਗੁਰੀਲਾ ਜੰਗ ਨੀਤੀ ਹੇਠ ਖ਼ਜ਼ਾਨਾ, ਅਨਾਜ਼, ਰਸਦ ਲੁੱਟ ਲੈਂਦੇ ਸਨ। ਨਵੰਬਰ 1753 ਵਿੱਚ ਮੀਰ ਮੰਨੂ ਦੀ ਮੌਤ ਹੋ ਗਈ। ਅਗਲਾ 5 ਸਾਲ ਦਾ ਸਮਾਂ ਰਾਜਨੀਤਕ ਅਰਾਜਕਤਾ ਦਾ ਸਮਾਂ ਸੀ।

ਸੰਨ 1757 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ 'ਤੇ ਧਾਵਾ ਬੋਲਿਆ। ਉਸਨੇ ਦਿੱਲੀ ਅਤੇ ਲਾਹੌਰ 'ਤੇ ਕਬਜ਼ਾ ਕਰ ਲਿਆ। ਉਸਨੇ ਆਪਣੇ ਪੁੱਤਰ ਤੈਮੂਰ ਖਾਂ ਨੂੰ ਸੂਬੇਦਾਰ ਅਤੇ ਜਹਾਨ ਖਾਂ ਨੂੰ ਉਸਦਾ ਸਹਾਇਕ ਨਿਯੁਕਤ ਕੀਤਾ। ਮਜੀਬ-ਉਲ ਨੂੰ ਮੁਖਤਿਆਰ ਬਣਾਇਆ। ਮੀਰ ਮੰਨੂ ਦੀ ਮੌਤ ਤੋਂ ਬਾਅਦ ਸਿੰਘਾਂ ਨੇ ਛੋਟੀਆਂ ਛੋਟੀਆਂ ਰਿਆਸਤਾਂ ਮਲੀਆਂ। ਤੈਮੂਰ ਖਾਂ ਨੇ ਸਿੰਘਾਂ ਨੂੰ ਦਬਾਉਣ ਲਈ ਅਤਾਈ ਖਾਂ ਅਤੇ ਜਹਾਨ ਖਾਂ ਨੂੰ ਭੇਜਿਆ। ਅੰਮ੍ਰਿਤਸਰ ਦੇ ਨੇੜੇ ਪਿੰਡ ਗੋਹਲਵਾਲ ਵਿਖੇ ਅਫਗਾਨਾਂ ਅਤੇ ਸਿੰਘਾਂ ਵਿਚਕਾਰ ਜੰਗ ਹੋਈ। ਸਿੰਘਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਤਦ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਹਜ਼ਾਰਾਂ ਅਫਗਾਨਾਂ ਨੂੰ ਮਾਰ ਮੁਕਾਇਆ। ਅੰਤ ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਸ਼ਹੀਦੀ ਪ੍ਰਾਪਤ ਕੀਤੀ। ਸਿੰਘ ਅਦੀਨਾ ਬੇਗ ਨਾਲ ਰਲ ਗਏ। ਤੈਮੂਰ ਖਾਨ ਨੇ ਜਾਣ ਲਿਆ ਕਿ ਅਦੀਨਾ ਬੇਗ ਨੂੰ ਖਤਮ ਕੀਤੇ ਬਿਨਾਂ ਗਲ ਨਹੀਂ ਬਨਣੀ।

ਅਦੀਨਾ ਬੇਗ ਨੇ ਸਿੰਘਾਂ ਤੇ ਮਰਹਟਿਆਂ ਨਾਲ ਮਿਲਕੇ ਤੈਮੂਰ ਖਾਨ ਨੂੰ ਹਾਰ ਦਿੱਤੀ। ਉਹ ਕਾਬਲ ਪਰਤ ਗਿਆ। ਮਰਾਠਿਆਂ ਨੇ ਅਪ੍ਰੈਲ 1759 ਵਿੱਚ ਪੰਜਾਬ ਰਾਜ ਅਦੀਨਾ ਬੇਗ ਨੂੰ 75 ਲੱਖ ਸਾਲਾਨਾ ਰਾਖੀ 'ਤੇ ਦੇ ਦਿੱਤਾ। ਸੰਨ 1759 ਵਿੱਚ ਅਹਿਮਦ ਸ਼ਾਹ ਅਬਦਾਲੀ ਫਿਰ ਪੰਜਾਬ ਦੇ ਮੈਦਾਨਾਂ ਵਿੱਚ ਉਤਰਿਆ। ਉਹ ਮਰਾਠਿਆਂ ਅਤੇ ਸਿੱਖਾਂ ਤੋਂ ਆਪਣੇ ਪੁੱਤਰ ਤੈਮੂਰ ਖਾਨ ਦੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਮਰਾਠਾ ਉਪ ਸੂਬੇਦਾਰ ਸ਼ਾਹਬਾਜੀ ਨੇ ਉਸਦਾ ਵਿਰੋਧ ਨਾ ਕੀਤਾ ਪਰ ਸਿੰਘਾਂ ਨੇ ਉਸ ਨੂੰ ਚੈਨ ਨਾਲ ਨਾ ਬੈਠਣ ਦਿੱਤਾ। ਅਹਿਮਦ ਸ਼ਾਹ ਅਬਦਾਲੀ ਦਿੱਲੀ ਵੱਲ ਚਲਾ ਗਿਆ। ਜਨਵਰੀ 14, 1761 ਨੂੰ ਪਾਣੀਪਤ ਜੰਗ ਵਿੱਚ ਮਰਾਠਿਆਂ ਦੀ ਹਾਰ ਹੋਈ। ਫੈਸਲਾਕੁੰਨ ਜੰਗ ਵਿੱਚ ਭਾਵੇਂ ਅਬਦਾਲੀ ਦੀ ਵੱਡੀ ਜਿੱਤ ਹੋਈ ਪਰ ਸਿੰਘ ਵੀ ਸੰਗਠਿਤ ਹੁੰਦੇ ਜਾ ਰਹੇ ਸਨ।

ਪਾਣੀਪਤ ਦੀ ਜਿੱਤ ਤੋਂ ਬਾਅਦ ਅਬਦਾਲੀ ਕਾਬਲ ਚਲਾ ਗਿਆ। ਦਲ ਖ਼ਾਲਸਾ ਨੇ ਉਸ ਨੂੰ ਬਿਆਸਲੀ ਦਰਿਆ 'ਤੇ ਘੇਰ ਕੇ ਉਸਦਾ ਖ਼ਜਾਨਾ ਲੁੱਟ ਲਿਆ। ਨਾਲ ਹੀ 2000 ਲੜਕੀਆਂ ਨੂੰ ਛੁਡਾ ਕੇ ਉਹਨਾਂ ਦੇ ਘਰ ਭੇਜਿਆ। ਸਤੰਬਰ 1761 ਨੂੰ ਖਵਾਜ਼ਾ ਉਬੈਦ 9000 ਦੀ ਫੌਜ਼ ਨਾਲ ਗੁਜਰਾਂਵਾਲਾ ਵੱਲ ਵਧਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ ਅਤੇ ਜੈ ਸਿੰਘ ਘਨਈਆ ਨੇ ਮਿਲਕੇ ਉਸ ਨੂੰ ਕਰਾਰੀ ਹਾਰ ਦਿੱਤੀ। ਗੁਜਰਾਂਵਾਲਾ ਦੀ ਜਿੱਤ ਤੋਂ ਬਾਅਦ ਸਿੰਘ ਲਾਹੌਰ ਵੱਲ ਵਧੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਖ਼ਾਲਸਾ ਨੇ ਉਸ ਨੂੰ ਸੁਲਤਾਨ ਏ ਕੌਮ ਦੀ ਉਪਾਧੀ ਦਿਤੀ। ਉਸਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾ ਵਿੱਚ ਸਿੱਕੇ ਜਾਰੀ ਕੀਤੇ। ਸਿੰਘਾਂ ਨੇ ਦੁਰਾਨੀ ਫੌਜ਼ਦਾਰਾਂ ਜਲੰਧਰ ਦੁਆਬ ਦੇ ਸਾਦਿਕ ਖਾਨ ਅਤੇ ਸਦੀਕ ਖਾਨ ਨੂੰ ਭਾਜੜਾਂ ਪਾ ਦਿਤੀਆਂ। ਫਰਵਰੀ 5,1762 ਨੂੰ " ਵੱਡਾ ਘੱਲੂਘਾਰਾ" ਵਾਪਰਿਆ, ਜਿਸ ਵਿੱਚ 20000 ਦੀ ਵਹੀਰ ਭੁਝੰਗੀ ਸਿੰਘ, ਸਿੰਘ ਸਿੰਘਣੀਆਂ ਤੇ ਬਜ਼ੁਰਗ ਸ਼ਹੀਦ ਹੋਏ, ਜੋ ਬੱਚ ਨਿਕਲੇ, ਉਹ ਬਰਨਾਲਾ ਚਲ ਗਏ। ਅਬਦਾਲੀ ਨੇ ਬਰਨਾਲਾ 'ਤੇ ਕਬਜ਼ਾ ਕਰ ਲਿਆ। ਸਰਦਾਰ ਆਲਾ ਸਿੰਘ ਨੂੰ 6,25,000 ਦੀ ਰਾਖੀ ਭਰਨੀ ਪਈ। ਅਬਦਾਲੀ ਸਰਹਿੰਦ ਤੋਂ ਹੁੰਦਾ ਲਾਹੌਰ ਚਲਾ ਗਿਆ।

ਲਾਹੌਰ ਵੱਲ ਜਾਂਦਿਆਂ ਉਸਨੇ ਰਸਤੇ ਵਿੱਚ ਲੁੱਟ ਮਚਾਈ। ਉਸਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਤਬਾਹ ਕਰ ਦਿੱਤਾ। ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ। ਸਿੰਘਾਂ ਦੇ ਹੌਂਸਲੇ ਬੁਲੰਦ ਰਹੇ। ਅਕਤੂਬਰ 17, 1762 ਵਿੱਚ ਸਿੰਘ 60,000 ਦੀ ਗਿਣਤੀ ਵਿੱਚ ਅੰਮ੍ਰਿਤਸਰ ਵਿਖੇ ਇੱਕਠੇ ਹੋਏ। ਦੁਸ਼ਮਣਾਂ ਵਿਰੁੱਧ ਜੰਗੀ ਵਿਉਂਤਬੰਦੀ ਬਣਾਈ ਗਈ।

ਅਬਦਾਲੀ ਨੂੰ ਜਦ ਸਿੰਘਾਂ ਦੀ ਤਾਕਤ ਦਾ ਅਹਿਸਾਸ ਹੋਇਆ ਤਾਂ ਉਸ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਸਵੇਰ ਤੋਂ ਲੈ ਕੇ ਰਾਤ ਤਕ ਘਮਸਾਨ ਦੀ ਜੰਗ ਹੋਈ। ਰਾਤ ਦੇ ਹਨੇਰੇ ਵਿੱਚ ਅਬਦਾਲੀ ਭੱਜ ਗਿਆ। ਲਾਹੌਰ ਛੱਡਣ ਵੇਲੇ ਉਹ ਪ੍ਰਬੰਧਕ ਨਿਯੁਕਤ ਕਰ ਗਿਆ। ਸਿੰਘਾਂ ਨੇ ਉਸਦੇ ਹਾਕਮਾਂ ਵਿਰੁੱਧ ਜਦੋ ਜਹਿਦ ਜਾਰੀ ਰੱਖੀ। ਸਿੰਘਾਂ ਨੇ ਜਨਵਰੀ 1764 ਨੂੰ ਸਰਹਿੰਦ 'ਤੇ ਕਬਜ਼ਾ ਕਰ ਲਿਆ।

ਅਕਤੂਬਰ 1764 ਵਿੱਚ ਅਬਦਾਲੀ 18 ਹਜ਼ਾਰ ਦੀ ਫੌਜ਼ ਲੈ ਕੇ ਜਦ ਲਾਹੌਰ ਪੁੱਜਾ ਤਾਂ ਸਿੰਘ ਲੁਕਵੀਂਆਂ ਥਾਵਾਂ 'ਤੇ ਜਾ ਚੁਕੇ ਸਨ। ਅਬਦਾਲੀ ਅੰਮ੍ਰਿਤਸਰ ਪੁੱਜਾ ਤਾਂ ਉਸ ਨੂੰ ਅੰਮ੍ਰਿਤਸਰ ਦੀ ਰਾਖੀ ਕਰਕੇ 30 ਸਿੰਘ ਹੀ ਮਿਲੇ ਜੋ ਮੁਕਾਬਲੇ ਵਿੱਚ ਸ਼ਹੀਦ ਹੋ ਗਏ। ਅਬਦਾਲੀ ਲਾਹੌਰ ਵੱਲ ਵੱਧ ਗਿਆ। ਅਬਦਾਲੀ 1765 ਵਿਚ ਕਾਬਲ ਚਲਾ ਗਿਆ। ਸਿੰਘ ਫਿਰ ਅੰਮ੍ਰਿਤਸਰ ਆਏ। ਸਿੰਘਾਂ ਨੇ ਫਿਰ ਲਾਹੌਰ 'ਤੇ ਕਬਜ਼ਾ ਕਰਕੇ ਸਿੱਕੇ ਜਾਰੀ ਕੀਤੇ। ਸੰਨ 1766 ਵਿੱਚ ਸਿੰਘਾਂ ਨੇ ਅਬਦਾਲੀ ਨੂੰ ਹਾਰ ਦਿਤੀ। ਸਿੰਘ ਸੰਘ ਮਜਬੂਤੀ ਵੱਲ ਸੀ।

ਸੰਨ 1748 -1766 ਤਕ ਪੰਜਾਬ ਮਰਾਠਾ, ਅਫਗਾਨ, ਮੁਗਲਾਂ ਅਤੇ ਸਿੰਘਾਂ ਦੀ ਰਣਭੂਮੀ ਰਿਹਾ, ਪਰ ਅਗਲੇ 5 ਸਾਲ ਅਫਗਾਨਾਂ ਅਤੇ ਸਿੰਘਾਂ ਵਿੱਚ ਜੰਗ ਜਾਰੀ ਰਹੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉੱਤਰੀ ਅੰਮ੍ਰਿਤਸਰ, ਰਾਵੀ ਅਤੇ ਬਿਆਸ ਦੇ ਇਲਾਕੇ ਮੱਲੇ। ਅੱਗੇ ਜਲੰਧਰ , ਕਾਂਗੜਾ ਫਤਹਿ ਕੀਤੇ। ਹਰਿਗੋਬਿੰਦ ਪੁਰ ਨੂੰ ਰਾਜਧਾਨੀ ਬਣਾਇਆ। ਉਸਦੀ ਚੜ੍ਹਤ 'ਤੇ ਦੂਸਰੀਆਂ ਮਿਸਲਾਂ ਈਰਖਾ ਕਰਨ ਲੱਗੀਆਂ। ਜੈ ਸਿੰਘ ਘਨਈਆ, ਚੜ੍ਹਤ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ, ਭੰਗੀ ਮਿਸਲ ਵਿਚਕਾਰ ਰਾਮਗੜੀਆ ਨਾਲ ਜੰਗ ਹੋਈ। ਜਿਸ ਵਿੱਚ ਭੰਗੀ ਮਿਸਲ ਨੂੰ ਹਾਰ ਹੋਈ। ਇਕ ਵਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਵਿਚਕਾਰ ਵੀ ਤਕਰਾਰ ਹੋਈ।

1776 ਵਿੱਚ ਭੰਗੀ ਤੇ ਘਣਈਆ ਨੇ ਮਿਲ ਕੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਰਾਇਆ। ਉਹ ਪਟਿਆਲਾ ਦੇ ਮਹਾਰਾਜਾ ਸਰਦਾਰ ਅਮਰ ਸਿੰਘ ਕੋਲ ਚਲਾ ਗਿਆ। ਉਸਦੀ ਮਦਦ ਨਾਲ ਹਾਂਸੀ, ਹਿਸਾਰ ਦੇ ਇਲਾਕੇ ਮੱਲ ਲਏ। ਬਾਅਦ ਵਿੱਚ ਆਪਣੇ ਪੁੱਤਰ ਸਰਦਾਰ ਜੋਧ ਸਿੰਘ ਨੂੰ ਸੌਂਪ ਦਿਤੇ। ਮਹਾਰਾਜਾ ਅਮਰ ਸਿੰਘ ਤੇ ਰਾਮਗੜ੍ਹੀਆ ਨੇ ਉੱਤਰੀ ਦਿੱਲੀ ਦੇ ਪਿੰਡ ਮੱਲੇ। ਜੱਸਾ ਸਿੰਘ ਰਾਮਗੜ੍ਹੀਆ ਨੇ 1783 ਵਿੱਚ ਪੈਰ ਪਸਾਰੇ ਪਰ ਉਹ ਆਪਣੀ ਮਿਸਲ ਦੇ ਕਾਰਜ ਭਾਰ ਲਈ ਪਰਤ ਆਇਆ ਕਿਉਂਕਿ ਮਹਾਂ ਸਿੰਘ ਸ਼ੁਕਰਚਕੀਆ , ਜੈ ਸਿੰਘ ਘਨਈਆ ਨੇ ਉਸ ਨਾਲ ਜੰਗ ਛੇੜ ਲਈ। ਜਿਸ ਵਿਚ ਜੈ ਸਿੰਘ ਘਨਈਆ ਨੇ ਆਪਣਾ ਪੁੱਤਰ ਗੁਰਬਖਸ਼ ਸਿੰਘ ਗਵਾ ਲਿਆ। 11 ਮਾਰਚ, 1783 ਨੂੰ ਜੱਸਾ ਸਿੰਘ ਆਹਲੂਵਾਲੀਆ,ਬਾਬਾ ਬਘੇਲ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲਾਂ ਨੂੰ ਹਰਾ ਕੇ ਦਿੱਲੀ ਫਤਹਿ ਕਰਕੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਪਰ ਅਮਨ ਸੰਧੀ ਅਤੇ ਦਿੱਲੀ ਵਿੱਚ ਗੁਰਦੁਆਰਿਆਂ ਦੀ ਉਸਾਰੀ ਕਰਵਾ ਕੇ ਦਿੱਲੀ ਛੱਡ ਦਿੱਤੀ।

ਅਫਗਾਨੀ ਹਮਲਾਵਰ ਜਮਾਨ ਸ਼ਾਹ ਦੁਰਾਨੀ ਜਦ 1788 ਵਿਚ ਆਇਆ ਤਾਂ ਰਾਮਗੜ੍ਹੀਆ ਅਤੇ ਭੰਗੀ ਮਿਸਲਾਂ ਨੇ ਰਣਜੀਤ ਸਿੰਘ ਦੀ ਮਦਦ ਨਾ ਕੀਤੀ। ਅਫਗਾਨਾਂ ਨੇ ਲਾਹੌਰ 'ਤੇ ਕਬਜ਼ਾ ਕਰਕੇ ਬੜੀ ਲੁੱਟ ਮਚਾਈ। ਰਣਜੀਤ ਸਿੰਘ ਨੇ 1799 ਵਿੱਚ ਲਾਹੌਰ 'ਤੇ ਕਬਜ਼ਾ ਕੀਤਾ। ਸਰਦਾਰ ਰਣਜੀਤ ਸਿੰਘ ਸ਼ੁਕਰਚੱਕੀਆ ਨੇ ਸਭ ਮਿਸਲਾਂ ਨੂੰ ਮਿਲਾ ਕੇ ਸਿੱਖ ਰਾਜ ਦੀ ਨੀਂਹ ਰਖੀ। ਸਿੱਖ ਸੰਘ ਦਾ ਅੰਤ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਅਫਗਾਨੀ ਹਮਲਾਵਰਾਂ ਦੇ ਧਾੜਵੀ ਹਮਲੇ ਰੋਕ ਦਿਤੇ। ਹਮਲਾਵਰ ਪੰਜਾਬ ਵਿੱਚ ਲੰਘ ਕੇ ਸਾਰੇ ਭਾਰਤ ਨੂੰ ਲੁੱਟਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਅਪ੍ਰੈਲ 12 1801 ਨੂੰ ਤਖਤ 'ਤੇ ਬੈਠ ਕਿ ਲਾਹੌਰ ਨੂੰ ਰਾਜਧਾਨੀ ਬਣਾਇਆ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE






## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**



# ਸਿਹਤ ਸੰਭਾਲ





## ਸਭ ਤੋਂ ਪਹਿਲਾਂ ਸੈਰ ਕਰਨੀ ਜ਼ਰੂਰੀ

ਕਿਸ਼ੋਰ ਅਵਸਥਾ ਦਿਮਾਗ ਦੇ ਵਿਕਾਸ ਤੇ ਮਾਨਸਿਕ ਸਿਹਤ ਲਈ ਬੇਹੱਦ ਮਹੱਤਵਪੂਰਨ ਸਮਾਂ ਹੁੰਦਾ ਹੈ। ਹਾਲ ਹੀ 'ਚ ਕਿਸ਼ੋਰਾਂ 'ਤੇ ਕੀਤੀ ਗਈ ਇੱਕ ਦਿਲਚਸਪ ਰਿਸਰਚ ਤੋਂ ਇੱਕ ਬਹੁਤ ਹੀ ਆਸਾਨ ਤੇ ਪ੍ਰਭਾਵਸ਼ਾਲੀ ਗੱਲ ਸਾਹਮਣੇ ਆਈ ਹੈ। ਰਿਸਰਚ ਮੁਤਾਬਕ, ਕਿਸ਼ੋਰ ਰੋਜ਼ਾਨਾ ਜਿੰਨਾ ਜ਼ਿਆਦਾ ਪੈਦਲ ਚੱਲਦੇ ਹਨ, ਠੀਕ ਇੱਕ ਸਾਲ ਬਾਅਦ ਉਨ੍ਹਾਂ 'ਚ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਉਨੀਆਂ ਹੀ ਘੱਟ ਦੇਖਣ ਨੂੰ ਮਿਲਦੀਆਂ ਹਨ।

ਅਧਿਐਨ 'ਚ ਪਾਇਆ ਗਿਆ ਕਿ ਜੋ ਕਿਸ਼ੋਰ ਦਿਨ ਭਰ 'ਚ 12,000 ਜਾਂ ਇਸ ਤੋਂ ਵੱਧ ਕਦਮ ਚੱਲਦੇ ਹਨ, ਉਨ੍ਹਾਂ 'ਚ ਵਿਹਾਰ ਤੇ ਭਾਵਨਾਵਾਂ ਨਾਲ ਜੁੜੀਆਂ ਸਮੱਸਿਆਵਾਂ ਸਭ ਤੋਂ ਘੱਟ ਹੁੰਦੀਆਂ ਹਨ। ਕਦਮਾਂ ਦੀ ਗਿਣਤੀ ਤੇ ਬਿਹਤਰ ਮਾਨਸਿਕ ਸਿਹਤ ਵਿਚਕਾਰ ਇਹ ਸਿੱਧਾ ਸਬੰਧ ਵਾਕਈ ਹੈਰਾਨ ਕਰਨ ਵਾਲਾ ਹੈ।

ਜਰਨਲ ਆਫ਼ ਦ ਅਮਰੀਕਨ ਮੈਡੀਕਲ ਐਸੋਸੀਏਸ਼ਨ ਨੈੱਟਵਰਕ ਓਪਨ 'ਚ ਪ੍ਰਕਾਸ਼ਿਤ ਇਸ ਰਿਸਰਚ ਦੇ ਨਤੀਜਿਆਂ ਦੀ ਪੁਸ਼ਟੀ ਨਿਊਰੋਇਮੇਜਿੰਗ ਰਾਹੀਂ ਵੀ ਹੋਈ ਹੈ। ਸਕੈਨ 'ਚ ਸਾਹਮਣੇ ਆਇਆ ਕਿ ਜਿਨ੍ਹਾਂ ਕਿਸ਼ੋਰਾਂ ਨੇ ਸਭ ਤੋਂ ਵੱਧ ਕਦਮ ਚੱਲੇ, ਉਨ੍ਹਾਂ ਦੇ ਦਿਮਾਗ ਦੇ ਕੁਝ ਖਾਸ ਹਿੱਸਿਆਂ 'ਚ 'ਕਾਰਟਿਕਲ ਟਿਸ਼ੂ' ਜ਼ਿਆਦਾ ਮੋਟਾ ਪਾਇਆ ਗਿਆ। ਇਹ ਹਿੱਸੇ ਸਰੀਰ ਦੀ ਮੂਵਮੈਂਟ ਤੇ ਭਾਵਨਾਵਾਂ ਨੂੰ ਕੰਟਰੋਲ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਮਰੀਕਾ ਦੀ ਯੂਨੀਵਰਸਿਟੀ ਆਫ਼ ਮੈਸਾਚੂਸੇਟਸ ਐਮਹਰਸਟ 'ਚ ਕਾਈਨੇਸਿਓਲੋਜੀ ਦੀ ਐਸੋਸੀਏਟ ਪ੍ਰੋਫੈਸਰ ਅਮਾਂਡਾ ਪਾਲੁਚ ਦੇ ਅਨੁਸਾਰ, ਇਹ ਦੇਖਣਾ ਬਹੁਤ ਉਤਸ਼ਾਹਜਨਕ ਹੈ ਕਿ ਸਰੀਰਕ ਗਤੀਵਿਧੀ ਨਾਲ ਦਿਮਾਗ ਤੇ ਮਾਨਸਿਕ ਸਿਹਤ ਦੋਵਾਂ ਨੂੰ ਸਿੱਧਾ ਫਾਇਦਾ ਮਿਲਦਾ ਹੈ।

ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਸਥਿਤੀ ਸਭ ਜਾਂ ਕੁਝ ਨਹੀਂ ਵਾਲੀ ਨਹੀਂ ਹੈ। ਇਸ ਦਾ ਮਤਲਬ ਹੈ ਕਿ ਇਹ ਫਾਇਦੇ ਹਾਸਲ ਕਰਨ ਲਈ ਕਿਸ਼ੋਰਾਂ ਦਾ ਬਿਹਤਰੀਨ ਐਥਲੀਟ ਹੋਣਾ ਬਿਲਕੁਲ ਜ਼ਰੂਰੀ ਨਹੀਂ ਹੈ।

ਜੇਕਰ ਕੋਈ ਕਿਸ਼ੋਰ ਆਪਣੇ ਰੋਜ਼ਾਨਾ ਦੇ ਕਦਮਾਂ 'ਚ ਸਿਰਫ਼ 1,000 ਤੋਂ 2,000 ਕਦਮ ਹੋਰ ਜੋੜ ਲੈਂਦਾ ਹੈ, ਤਾਂ ਵੀ ਉਸਦੇ ਦਿਮਾਗ ਦੀ ਬਣਤਰ ਤੇ ਮਾਨਸਿਕ ਸਿਹਤ 'ਚ ਕਾਫ਼ੀ ਬਿਹਤਰ ਨਤੀਜੇ ਦੇਖਣ ਨੂੰ ਮਿਲ ਸਕਦੇ ਹਨ। ਸਭ ਤੋਂ ਚੰਗੀ ਗੱਲ ਇਹ ਹੈ ਕਿ ਕਦਮਾਂ ਦੀ ਗਿਣਤੀ ਵਧਣ ਦੇ ਨਾਲ ਇਹ ਫਾਇਦੇਮੰਦ ਪ੍ਰਭਾਵ ਵੀ ਲਗਾਤਾਰ ਵਧਦਾ ਰਹਿੰਦਾ ਹੈ।

## ਸੁਆਦ ਦੀ ਕੀਮਤ ਸਿਹਤ ਕਿਉਂ ਚੁਕਾਏ ?



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ



ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਫਾਸਟ ਫੂਡ ਅਤੇ ਜੰਕ ਫੂਡ ਸਾਡੇ ਰੋਜ਼ਾਨਾ ਜੀਵਨ ਦਾ ਇੱਕ ਅਹਿਮ ਹਿੱਸਾ ਬਣ ਚੁੱਕੇ ਹਨ। ਬਰਗਰ, ਪੀਜ਼ਾ, ਚਿਪਸ, ਤਲੀਆਂ ਹੋਈਆਂ ਵਸਤਾਂ, ਮਿੱਠੇ ਪੀਣ ਵਾਲੇ ਪਦਾਰਥ ਅਤੇ ਵੱਖ-ਵੱਖ ਪੈਕ ਕੀਤੇ ਖਾਣੇ ਆਸਾਨੀ ਨਾਲ ਉਪਲੱਬਧ ਹਨ। ਇਨ੍ਹਾਂ ਦੀ ਮਨ ਨੂੰ ਮੋਹਣ ਵਾਲੀ ਪੇਸ਼ਕਾਰੀ, ਇਸ਼ਤਿਹਾਰਬਾਜ਼ੀ, ਸੁਆਦ ਅਤੇ ਸੁਵਿਧਾ ਲੋਕਾਂ ਨੂੰ ਆਪਣੀ ਵੱਲ ਖਿੱਚਦੇ ਹਨ। ਜੋ ਚੀਜ਼ ਕਦੇ-ਕਦਾਈਂ ਖਾਧੀ ਜਾਣ ਵਾਲੀ ਸਿਰਫ਼ ਇੱਕ ਛੋਟੀ ਜਿਹੀ ਖ਼ੁਰਾਕੀ ਮੌਜ ਮੰਨੀ ਜਾਂਦੀ ਹੈ, ਉਹ ਨਿਯਮਿਤ ਆਦਤ ਬਣ ਜਾਣ 'ਤੇ ਸਿਹਤ ਲਈ ਗੰਭੀਰ ਚੁਣੌਤੀ ਬਣ ਸਕਦੀ ਹੈ।



ਅਸਲ ਚਿੰਤਾ ਇਹ ਨਹੀਂ ਕਿ ਕੋਈ ਵਿਅਕਤੀ ਕਦੇ-ਕਦਾਈਂ ਫਾਸਟ ਫੂਡ ਖਾ ਲੈਂਦਾ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਹੋਏ ਖਾਣੇ ਸੰਤੁਲਿਤ ਅਤੇ ਪੌਸ਼ਟਿਕ ਭੋਜਨ ਦੀ ਥਾਂ ਲੈਣ ਲੱਗਦੇ ਹਨ। ਕਈ ਜੰਕ ਫੂਡ ਵਸਤੂਆਂ ਵਿੱਚ ਕੈਲੋਰੀ, ਨਮਕ, ਸੰਤ੍ਰਿਪਤ ਚਰਬੀ ਅਤੇ ਵਾਧੂ ਸ਼ੱਕਰ ਦੀ ਮਾਤਰਾ ਵਧੇਰੇ ਹੁੰਦੀ ਹੈ, ਜਦਕਿ ਫਾਈਬਰ, ਵਿਟਾਮਿਨ, ਖਣਿਜ ਅਤੇ ਹੋਰ ਲੋੜੀਂਦੇ ਪੋਸ਼ਕ ਤੱਤ ਤੁਲਨਾਤਮਕ ਤੌਰ 'ਤੇ ਘੱਟ ਹੁੰਦੇ ਹਨ। ਲੰਬੇ ਸਮੇਂ ਤੱਕ ਅਜਿਹੇ ਭੋਜਨ ਦੀ ਵਧੇਰੇ ਵਰਤੋਂ ਵਜ਼ਨ ਵਧਣ, ਮੋਟਾਪੇ, ਟਾਈਪ-2 ਸ਼ੂਗਰ, ਉੱਚ ਦਿਲ ਦਾ ਦਬਾਅ ਅਤੇ ਦਿਲ ਨਾਲ ਸੰਬੰਧਿਤ ਬਿਮਾਰੀਆਂ ਦੇ ਖ਼ਤਰੇ ਨੂੰ ਵਧਾ ਸਕਦੀ ਹੈ।

ਇਸ ਦਾ ਸਭ ਤੋਂ ਚਿੰਤਾਜਨਕ ਪੱਖ ਬੱਚਿਆਂ ਅਤੇ ਨੌਜਵਾਨਾਂ ਵਿੱਚ ਵੱਧ ਰਿਹਾ ਰੁਝਾਨ ਹੈ। ਰੰਗ-ਬਿਰੰਗੀ ਪੈਕਿੰਗ,ਦਿਲ ਖਿੱਚਵੇਂ ਇਸ਼ਤਿਹਾਰ, ਮਸ਼ਹੂਰ ਹਸਤੀਆਂ ਦੀ ਵਰਤੋਂ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਜੰਕ ਫੂਡ ਨੂੰ ਨੌਜਵਾਨ ਪੀੜ੍ਹੀ ਲਈ ਬਹੁਤ ਦਿਲ ਖਿੱਚਵੇਂ ਬਣਾ ਰਿਹਾ ਹੈ। ਜਦੋਂ ਗਲਤ ਖਾਣ-ਪੀਣ ਦੀਆਂ ਆਦਤਾਂ ਬਚਪਨ ਵਿੱਚ ਹੀ ਵਿਕਸਿਤ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਪ੍ਰਭਾਵ ਵੱਡੀ ਉਮਰ ਤੱਕ ਰਹਿ ਸਕਦਾ ਹੈ। ਬਚਪਨ ਦਾ ਮੋਟਾਪਾ ਕੇਵਲ ਦਿੱਖ ਨਾਲ ਜੁੜਿਆ ਮਸਲਾ ਨਹੀਂ, ਸਗੋਂ ਇਹ ਸਰੀਰਕ ਤੰਦਰੁਸਤੀ, ਆਤਮ-ਵਿਸ਼ਵਾਸ ਅਤੇ ਭਵਿੱਖੀ ਸਿਹਤ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਫਾਸਟ ਫੂਡ ਦਾ ਪ੍ਰਭਾਵ ਸਿਰਫ਼ ਸਰੀਰ ਤੱਕ ਸੀਮਿਤ ਨਹੀਂ ਰਹਿੰਦਾ। ਖ਼ੁਰਾਕ ਅਤੇ ਮਾਨਸਿਕ ਤੇ ਭਾਵਨਾਤਮਕ ਤੰਦਰੁਸਤੀ ਵਿਚਕਾਰ ਵੀ ਡੂੰਘਾ ਸੰਬੰਧ ਹੈ। ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਖਾਣੇ 'ਤੇ ਨਿਰਭਰ ਖ਼ੁਰਾਕ ਪੋਸ਼ਣ ਦੀ ਗੁਣਵੱਤਾ ਨੂੰ ਘਟਾ ਸਕਦੀ ਹੈ ਅਤੇ ਖਾਣ-ਪੀਣ ਦੀਆਂ ਅਸਿਹਤਮੰਦ ਆਦਤਾਂ ਨੂੰ ਜਨਮ ਦੇ ਸਕਦੀ ਹੈ। ਇਸੇ ਤਰ੍ਹਾਂ ਬਹੁਤ ਜ਼ਿਆਦਾ ਮਿੱਠੇ ਪਦਾਰਥਾਂ ਅਤੇ ਕੈਫੀਨ ਵਾਲੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਕੁਝ ਵਿਅਕਤੀਆਂ ਵਿੱਚ ਊਰਜਾ ਦੇ ਪੱਧਰ ਅਤੇ ਨੀਂਦ ਦੇ ਰੁਝਾਨਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਤੰਦਰੁਸਤ ਸਰੀਰ ਅਤੇ ਤੰਦਰੁਸਤ ਮਨ ਲਈ ਸੰਤੁਲਿਤ ਖ਼ੁ?ਰਾਕ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸ ਸੱਭਿਆਚਾਰ ਦਾ ਇੱਕ ਹੋਰ ਅਣਦਿੱਖਾ ਨੁਕਸਾਨ ਸਾਡੀਆਂ ਰਵਾਇਤੀ ਖਾਣ-ਪੀਣ ਦੀਆਂ ਆਦਤਾਂ ਦਾ ਹੌਲੀ-ਹੌਲੀ ਖ਼ਤਮ ਹੋਣਾ ਹੈ। ਤਾਜ਼ੇ ਫਲ, ਸਬਜ਼ੀਆਂ, ਸਾਬਤ ਅਨਾਜ਼, ਦਾਲਾਂ, ਸੁੱਕੇ ਮੇਵੇ ਅਤੇ ਘਰ ਦਾ ਤਾਜ਼ਾ ਪਕਾਇਆ ਭੋਜਨ ਕਈ ਵਾਰ ਪੈਕ ਕੀਤੇ ਅਤੇ ਤੁਰੰਤ ਤਿਆਰ ਹੋਣ ਵਾਲੇ ਖਾਣਿਆਂ ਦੀ ਭੇਟ ਚੜ੍ਹ ਰਿਹਾ ਹੈ। ਭਾਰਤ ਵਰਗੇ ਵਿਭਿੰਨ ਖ਼ੁਰਾਕੀ ਪਰੰਪਰਾਵਾਂ ਵਾਲੇ ਦੇਸ਼ ਵਿੱਚ ਇਹ ਹੋਰ ਵੀ ਚਿੰਤਾਜਨਕ ਹੈ। ਸਾਡੀ ਰਵਾਇਤੀ ਰਸੋਈ ਵਿੱਚ ਅਨੇਕਾਂ ਅਜਿਹੇ ਪੌਸ਼ਟਿਕ ਭੋਜਨ ਮੌਜੂਦ ਹਨ ਜੋ ਸੁਆਦ ਦੇ ਨਾਲ-ਨਾਲ ਸਰੀਰ ਨੂੰ ਲੋੜੀਂਦੇ ਪੋਸ਼ਕ ਤੱਤ ਵੀ ਪ੍ਰਦਾਨ ਕਰਦੇ ਹਨ। ਸਿਰਫ਼ ਸੁਵਿਧਾ ਲਈ ਇਨ੍ਹਾਂ ਨੂੰ ਛੱਡ ਦੇਣਾ ਸਾਡੇ ਖਾਣ-ਪੀਣ ਦੇ ਸੱਭਿਆਚਾਰ ਦਾ ਬੇਲੋੜਾ ਨੁਕਸਾਨ ਹੈ।

ਇਸ ਸਮੱਸਿਆ ਦਾ ਹੱਲ ਫਾਸਟ ਫੂਡ 'ਤੇ ਪੂਰਨ ਪਾਬੰਦੀ ਲਗਾਉਣਾ ਨਹੀਂ ਹੈ। ਲੋੜ ਹੈ ਜਾਗਰੂਕਤਾ, ਸੰਜਮ ਅਤੇ ਸਮਝਦਾਰੀ ਨਾਲ ਕੀਤੀਆਂ ਖ਼ੁਰਾਕੀ ਚੋਣਾਂ ਦੀ। ਪਰਿਵਾਰਾਂ ਅਤੇ ਸਕੂਲਾਂ ਨੂੰ ਬੱਚਿਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਉਹ ਖਾਣ-ਪੀਣ ਦੀਆਂ ਵਸਤਾਂ ਦੇ ਲੇਬਲ ਪੜ੍ਹ ਸਕਣ, ਵਾਧੂ ਸ਼ੱਕਰ, ਨਮਕ ਅਤੇ ਗੈਰ-ਸਿਹਤਮੰਦ ਚਰਬੀਆਂ ਦੀ ਪਛਾਣ ਕਰ ਸਕਣ ਅਤੇ ਤਾਜ਼ੇ ਤੇ ਘੱਟ ਪ੍ਰੋਸੈਸ ਕੀਤੇ ਭੋਜਨ ਦੀ ਮਹੱਤਤਾ ਨੂੰ ਸਮਝ ਸਕਣ। ਜਨਤਕ ਸੰਸਥਾਵਾਂ ਅਤੇ ਸਰਕਾਰ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਖ਼ਾਸ ਕਰਕੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਖ਼ੁਰਾਕੀ ਇਸ਼ਤਿਹਾਰਬਾਜ਼ੀ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕੀਤਾ ਜਾਵੇ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਭੋਜਨ ਸਿਰਫ਼ ਭੁੱਖ ਮਿਟਾਉਣ ਜਾਂ ਸੁਆਦ ਲੈਣ ਦਾ ਸਾਧਨ ਨਹੀਂ, ਸਗੋਂ ਸਾਡੇ ਸਰੀਰ ਅਤੇ ਮਨ ਦੀ ਸਿਹਤ ਦੀ ਨੀਂਹ ਹੈ। ਅੱਜ ਅਸੀਂ ਮੇਜ਼ 'ਤੇ ਜੋ ਚੋਣ ਕਰਦੇ ਹਾਂ, ਉਹੀ ਆਉਣ ਵਾਲੇ ਸਮੇਂ ਵਿੱਚ ਸਾਡੀ ਜੀਵਨ-ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਸਾਨੂੰ ਤੁਰੰਤ ਸੁਆਦ ਅਤੇ ਸੁਵਿਧਾ ਦੇ ਸਭਿਆਚਾਰ ਤੋਂ ਉੱਪਰ ਉੱਠ ਕੇ ਸਮਝਦਾਰ ਅਤੇ ਪੌਸ਼ਟਿਕ ਖੁਰਾਕ ਦੀ ਸੰਸਕ੍ਰਿਤੀ ਵੱਲ ਵੱਧਣਾ ਪਵੇਗਾ।

ਆਧੁਨਿਕ ਸਮਾਜ ਦੀ ਤਰੱਕੀ ਦਾ ਮਾਪਦੰਡ ਇਹ ਨਹੀਂ ਹੋਣਾ ਚਾਹੀਦਾ ਕਿ ਉਹ ਕਿੰਨੀ ਤੇਜ਼ੀ ਨਾਲ ਭੋਜਨ ਤਿਆਰ ਕਰ ਸਕਦਾ ਹੈ ਅਤੇ ਖਾ ਸਕਦਾ ਹੈ; ਅਸਲ ਤਰੱਕੀ ਤਾਂ ਇਸ ਗੱਲ ਵਿੱਚ ਹੈ ਕਿ ਉਹ ਆਪਣੇ ਲੋਕਾਂ ਨੂੰ ਕਿੰਨੀ ਸਮਝਦਾਰੀ ਨਾਲ ਪੋਸ਼ਣ ਅਤੇ ਸਿਹਤ ਪ੍ਰਦਾਨ ਕਰ ਸਕਦਾ ਹੈ।

**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**



## ਤੰਦਰੁਸਤ ਮਨੁੱਖੀ ਸਰੀਰ ਲਈ ਜ਼ਰੂਰੀ ਹੈ ਦੁੱਧ

ਰਾਜਵਿੰਦਰ ਪਾਲ ਸ਼ਰਮਾ

ਮਨੁੱਖ ਨੂੰ ਜਿਊਂਦਾ ਰਹਿਣ ਲਈ ਸਾਹ ਤੋਂ ਬਾਅਦ ਭੋਜਨ ਦੀ ਲੋੜ ਪੈਂਦੀ ਹੈ। ਸੰਤੁਲਿਤ ਭੋਜਨ ਅਜਿਹੀ ਖੁਰਾਕ ਹੈ, ਜਿਸ ਵਿੱਚ ਸਰੀਰ ਦੀ ਲੋੜ ਅਨੁਸਾਰ ਸਾਰੇ ਪੌਸ਼ਟਿਕ ਤੱਤ (ਕਾਰਬੋਹਾਈਡ੍ਰੇਟ, ਪ੍ਰੋਟੀਨ, ਖਣਿਜ ਪਦਾਰਥ, ਚਰਬੀ ਅਤੇ ਵਿਟਾਮਿਨ) ਸ਼ਾਮਿਲ ਹੋਣ। ਅਜੋਕੇ ਮਹਿੰਗਾਈ ਦੇ ਸਮੇਂ ਵਿੱਚ ਜਦੋਂ ਆਮ ਬੰਦਾ ਦੋ ਵਕਤ ਦੀ ਰੋਟੀ ਲਈ ਜੂਝ ਰਿਹਾ ਹੈ, ਉਹ ਪੌਸ਼ਟਿਕ ਤੱਤ ਕਿੱਥੋਂ ਲੈ ਸਕੇਗਾ ? ਦੁੱਧ ਹੀ ਸਿਰਫ਼ ਅਜਿਹਾ ਪਦਾਰਥ ਹੈ, ਜਿਸ ਵਿੱਚ ਸਰੀਰ ਲਈ ਲੋੜੀਂਦੇ ਜ਼ਰੂਰੀ ਤੱਤ ਮੌਜੂਦ ਹੁੰਦੇ ਹਨ। ਇਸ ਵਿੱਚ ਸਿਰਫ਼ ਆਇਰਨ ਨਹੀਂ ਹੁੰਦਾ। ਦੁੱਧ ਵਿੱਚ ਲੈਕਟੋਜ ਜੋ ਇੱਕ ਪ੍ਰਕਾਰ ਦੀ ਸ਼ੂਗਰ ਹੈ, ਦੇ ਨਾਲ-ਨਾਲ ਪ੍ਰੋਟੀਨ, ਵਿਟਾਮਿਨ, ਪਾਣੀ ਅਤੇ ਖਣਿਜ ਪਦਾਰਥਾਂ ਦਾ ਵਡਮੁੱਲਾ ਸਰੋਤ ਮੌਜੂਦ ਹੈ। ਦੁੱਧ ਸਰੀਰ 'ਚ ਲੋੜੀਂਦੇ ਸਾਰੇ ਤੱਤਾਂ ਦੀ ਪੂਰਤੀ ਕਰਦਾ ਹੈ। ਦੁੱਧ ਸਸਤਾ ਅਤੇ ਆਸਾਨੀ ਨਾਲ ਵੀ ਮਿਲ ਜਾਂਦਾ ਹੈ। ਜੇਕਰ ਦੁੱਧ ਆਸਾਨੀ ਨਾਲ ਮਿਲ਼ਦਾ ਹੈ ਤਾਂ ਜ਼ਰੂਰੀ ਨਹੀਂ ਉਹ ਸਹੀ ਹੋਵੇ।

ਅਜੋਕੇ ਸਮੇਂ 'ਚ ਮਿਲਾਵਟੀ ਦੁੱਧ ਦਾ ਕਾਰੋਬਾਰ ਸਿਖ਼ਰ 'ਤੇ ਹੈ। ਸਬੰਧਿਤ ਮਹਿਕਮਾ ਤਿਉਹਾਰਾਂ ਦੇ ਦਿਨਾਂ ਵਿੱਚ ਖਾਨਾਪੂਰਤੀ ਲਈ ਕਾਰਵਾਈ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਜਾਂਦਾ ਹੈ ਪਰ ਲੋਕ ਸਾਰਾ ਸਾਲ ਇਸ ਸਮੱਸਿਆ ਨਾਲ ਜੂਝਦੇ ਰਹਿੰਦੇ ਹਨ। ਇਸ 'ਚ ਮਿਲਾਵਟੀ ਦੁੱਧ ਬਣਾਉਣ ਵਾਲਿਆਂ ਦਾ ਕਸੂਰ ਤਾਂ ਹੈ ਹੀ, ਸਗੋਂ ਅਸੀਂ ਵੀ ਕਸੂਰਵਾਰ ਹਾਂ। ਅਸੀਂ ਮੰਗਲ ਗ੍ਰਹਿ 'ਤੇ ਜਾਣ ਲਈ ਤਾਂ ਨਵੇਂ-ਨਵੇਂ ਤਰੀਕੇ ਈਜਾਦ ਕਰ ਰਹੇ ਹਾਂ ਪਰ ਸਾਨੂੰ ਧਰਤੀ 'ਤੇ ਰਹਿਣਾ ਨਹੀਂ ਆਇਆ। ਅਸੀਂ ਦੇਖਾ-ਦੇਖੀ ਪਸ਼ੂਆਂ ਤੋਂ ਦੂਰ ਹੋ ਕੇ ਮਿਲਾਵਟੀ ਦੁੱਧ ਪੀਣ ਲਈ ਮਜਬੂਰ ਹਾਂ। ਸਾਡੇ ਦੇਸ਼ ਵਿੱਚ ਪਸ਼ੂਆਂ ਤੋਂ ਇੰਨਾ ਦੁੱਧ ਉਤਪਾਦਨ ਨਹੀਂ ਹੁੰਦਾ ਜਿੰਨੀ ਖ਼ਪਤ ਹੋ ਰਹੀ ਹੈ। ਇਸਦਾ ਸਿੱਧਾ ਮਤਲਬ ਕਿ ਜ਼ਿਆਦਾਤਰ ਆਬਾਦੀ ਨੂੰ ਮਿਲਾਵਟੀ ਦੁੱਧ ਮਿਲ ਰਿਹਾ ਹੈ। ਪਸ਼ੂ ਪਾਲਣ ਦਾ ਕਿੱਤਾ ਛੱਡਣ ਵਾਲਿਆਂ ਦਾ ਤਰਕ ਹੈ ਕਿ ਉਨ੍ਹਾਂ ਨੂੰ ਦੁੱਧ ਦਾ ਸਹੀ ਰੇਟ ਨਹੀਂ ਮਿਲਦਾ ਜੋ ਸਹੀ ਹੈ। ਜੇਕਰ ਕਿਸਾਨਾਂ ਨੂੰ ਦੁੱਧ ਦਾ ਵਾਜਬ ਭਾਅ ਮਿਲੇਗਾ ਤਾਂ ਹੋਰ ਲੋਕ ਵੀ ਉਨ੍ਹਾਂ ਨੂੰ ਦੇਖ ਕੇ ਪਸ਼ੂ ਪਾਲਣ ਦੇ ਕਿੱਤੇ ਵੱਲ ਆਕਰਸ਼ਿਤ ਹੋਣਗੇ। ਪਸ਼ੂ ਪਾਲਣ ਨੂੰ ਕਾਮਯਾਬ ਕਰਨ ਲਈ ਜਿੱਥੇ ਦੁੱਧ ਦੀ ਸਹੀ ਕੀਮਤ ਦੇਣ ਦੇ ਨਾਲ-ਨਾਲ ਕਿੱਤੇ ਬਾਰੇ ਮੁੱਢਲੀ ਜਾਣਕਾਰੀ ਪਸ਼ੂ ਪਾਲਕਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ, ਉੱਥੇ ਨਕਲੀ ਦੁੱਧ ਦੇ ਕਾਰੋਬਾਰ ਰੋਕਣਾ ਵੀ ਜ਼ਰੂਰੀ ਹੈ। ਜੇਕਰ ਨਕਲੀ ਦੁੱਧ ਦਾ ਧੰਦਾ ਨਾ ਰੋਕਿਆ ਗਿਆ ਤਾਂ ਇਹ ਸਾਡੇ ਸਰੀਰ 'ਚ ਲੋੜੀਂਦੇ ਤੱਤਾਂ ਦੀ ਬਜਾਏ ਅਜਿਹਾ ਜ਼ਹਿਰ ਭਰੇਗਾ ਜਿਸ ਦਾ ਨਤੀਜਾ ਬਹੁਤ ਭਿਆਨਕ ਹੋਵੇਗਾ।



# ਸਿੱਖਿਆ ਲਈ ਸੰਘਰਸ਼

ਲੇਖਕ : ਬੂਕਰ ਵਾਸ਼ਿੰਗਟਨ

ਅਨੁਵਾਦਕ: ਜਸਬੀਰ ਕੌਰ

ਮੈਂ ਕੋਲਿਆਂ ਦੀ ਖਾਣ ਵਿੱਚ ਕੰਮ ਕਰਦਾ ਸਾਂ, ਪਰ ਮੈਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ। ਨੇੜੇ-ਤੇੜੇ ਸਿਆਹਫ਼ਾਮ ਲੋਕਾਂ ਲਈ ਕੋਈ ਚੰਗਾ ਸਕੂਲ ਨਹੀਂ ਸੀ। ਇੱਕ ਵਾਰ ਮੈਂ ਇੱਕ-ਦੋ ਬੰਦਿਆਂ ਨੂੰ ਗੱਲਾਂ ਕਰਦੇ ਸੁਣਿਆ ਸੀ ਕਿ ਵਰਜੀਨੀਆ ਵਿੱਚ ਸਿਆਹਫ਼ਾਮ ਵਿਦਿਆਰਥੀਆਂ ਲਈ ਬਹੁਤ ਵੱਡਾ ਸਕੂਲ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਕਿਸੇ ਵਧੀਆ ਸਕੂਲ ਬਾਰੇ ਪਹਿਲੀ ਵਾਰ ਸੁਣਿਆ ਸੀ। ਜਿਵੇਂ ਉਹ ਸਕੂਲ ਬਾਰੇ ਵਿਸਥਾਰ ਨਾਲ ਗੱਲ ਕਰ ਰਹੇ ਸਨ, ਮੈਨੂੰ ਅਹਿਸਾਸ ਹੋਇਆ ਕਿ ਉਹ ਧਰਤੀ ਕਿੰਨੀ ਵਧੀਆ ਹੋਵੇਗੀ। ਉਸ ਵਕਤ ਮੇਰੇ ਲਈ ਕੋਈ ਵੀ ਹੋਰ ਸਵਰਗ ਮਾਅਨੇ ਨਹੀਂ ਸੀ ਰੱਖਦਾ, ਜਿੰਨਾ ਕਿ ਵਰਜੀਨੀਆ ਵਿੱਚ ਹੈਂਪਟਨ ਨੌਰਮਲ ਐਂਡ ਐਗਰੀਕਲਚਰਲ ਇੰਸਟੀਚਿਊਟ। ਮੈਂ ਉਸੇ ਵੇਲੇ ਉਸ ਸਕੂਲ ਵਿੱਚ ਪੜ੍ਹਨ ਦਾ ਮਨ ਬਣਾ ਲਿਆ। ਚਾਹੇ ਮੈਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ ਕਿ ਉਹ ਸ਼ਹਿਰ ਕਿੱਥੇ ਹੈ, ਇੱਥੋਂ ਕਿੰਨੀ ਦੂਰ ਹੈ ਤੇ ਕਿਵੇਂ ਜਾਣਾ ਹੈ? ਪਰ ਮੇਰੇ ਦਿਲ ਵਿੱਚ ਖਾਹਿਸ਼ ਸੀ ਉਥੇ ਪੜ੍ਹਨ ਦੀ। ਫਿਰ 1872 ਵਿੱਚ ਪੱਤਝੜ ਰੁੱਤੇ ਮੈਂ ਉੱਥੇ ਪਹੁੰਚਣ ਦਾ ਪੱਕਾ ਮਨ ਬਣਾ ਲਿਆ। ਮੇਰੀ ਮਾਂ ਨੂੰ ਫ਼ਿਕਰ ਲੱਗ ਗਿਆ, ਅਖੇ ਅੰਨ੍ਹੀ ਕੁੱਤੀ ਹਰਨਾਂ ਮਗਰ। ਉਸ ਨੂੰ ਮੇਰਾ ਇਰਾਦਾ ਬਿਲਕੁਲ ਨਾ ਚੰਗਾ ਲੱਗਾ। ਫਿਰ ਵੀ ਮੇਰੀ ਉੱਥੇ ਜਾਣ ਦੀ ਇੱਛਾ ਏਨੀ ਪ੍ਰਬਲ ਸੀ ਕਿ ਇਸ ਅੱਗੇ ਕਿਸੇ ਵੀ ਨਾਂਹ-ਨੁੱਕਰ ਦਾ ਕੋਈ ਅਸਰ ਨਹੀਂ ਸੀ ਤੇ ਮੈਂ ਜਾਣ ਦੀ ਤਿਆਰੀ ਵਿੱਚ ਰੁੱਝ ਗਿਆ। ਮੇਰੇ ਪਾਸ ਕਿਰਾਏ ਜੋਗੇ ਵੀ ਪੈਸੇ ਨਹੀਂ ਸਨ ਤੇ ਨਾ ਹੀ ਕੱਪੜੇ ਖਰੀਦਣ ਜੋਗੇ। ਮੇਰੇ ਭਰਾ ਜੌਹਨ ਨੇ ਜਿੰਨੀ ਹੋ ਸਕੀ ਮਦਦ ਕੀਤੀ, ਪਰ ਇਹ ਵੀ ਕਾਫ਼ੀ ਨਹੀਂ ਸੀ।

ਆਖ਼ਰ ਉਹ ਵੱਡਾ ਦਿਨ ਆ ਗਿਆ ਜਦ ਮੈਂ ਹੈਂਪਟਨ ਲਈ ਘਰੋਂ ਚੱਲ ਪਿਆ। ਮੇਰੇ ਪਾਸ ਇੱਕ ਸਸਤਾ ਜਿਹਾ ਥੈਲਾ ਸੀ, ਜਿਸ ਵਿੱਚ ਮੈਂ ਆਪਣੇ ਕੱਪੜੇ ਤੇ ਹੋਰ ਲੋੜੀਂਦੀਆਂ ਚੀਜ਼ਾਂ ਪਾ ਲਈਆਂ। ਮੇਰੀ ਮਾਂ, ਜੋ ਕਦੇ ਬੜੀ ਦਲੇਰ ਤੇ ਚੁਸਤ ਹੁੰਦੀ ਸੀ, ਮੇਰੇ ਜਾਣ ਤੱਕ ਉਹ ਬੜੀ ਕਮਜ਼ੋਰ ਤੇ ਬਿਮਾਰ ਹੋ ਚੁੱਕੀ ਸੀ। ਇਹ ਸੀ ਤਾਂ ਮੇਰੇ ਲਈ ਦੁੱਖ ਦੀ ਗੱਲ ਕਿ ਪਤਾ ਨਹੀਂ ਮੈਂ ਉਸ ਨੂੰ ਮੁੜ ਦੇਖ ਸਕਾਂਗਾ ਜਾਂ ਨਹੀਂ। ਖ਼ੈਰ, ਮੈਂ ਚੱਲ ਪਿਆ।

ਮੋਲਡਨ ਤੋਂ ਹੈਂਪਟਨ ਤੱਕ ਕੋਈ 500 ਮੀਲ ਦਾ ਸਫ਼ਰ ਸੀ, ਜਿਹੜਾ ਮੈਂ ਕੁਝ ਤੁਰ ਕੇ ਤੇ ਕੁਝ ਮੰਗ-ਤੰਗ ਕੇ ਟਰੱਕਾਂ ਜਾਂ ਬੱਸਾਂ ’ਤੇ ਚੜ੍ਹ ਕੇ ਤੈਅ ਕੀਤਾ। ਮੈਂ ਰਿਚਮੰਡ ਸ਼ਹਿਰ ਪਹੁੰਚਿਆ, ਜੋ ਅਜੇ ਵੀ ਹੈਂਪਟਨ ਤੋਂ 82 ਮੀਲ ਦੂਰ ਸੀ। ਜਦ ਮੈਂ ਇੱਥੇ ਪਹੁੰਚਿਆ ਤਾਂ ਬਹੁਤ ਥੱਕਿਆ ਹੋਇਆ ਸਾਂ। ਕੱਪੜੇ ਫਟੇ ਹੋਏ ਤੇ ਮੈਂ ਭੁੱਖਾ ਸਾਂ। ਇਹ ਏਨਾ ਵੱਡਾ ਸ਼ਹਿਰ ਸੀ, ਜੋ ਮੈਂ ਕਦੇ ਦੇਖਿਆ ਨਹੀਂ ਸੀ। ਰਿਚਮੰਡ ਪਹੁੰਚਦਿਆਂ ਤੱਕ ਮੇਰੇ ਪੈਸੇ ਵੀ ਮੁੱਕ ਚੁੱਕੇ ਸਨ। ਨਾ ਕੋਈ ਇੱਥੇ ਮੇਰਾ ਜਾਣੂ ਸੀ। ਰਾਤ ਪੈ ਚੁੱਕੀ ਸੀ। ਮੈਨੂੰ ਕੁਝ ਪਤਾ ਨਾ ਲੱਗੇ ਕਿ ਕਿੱਧਰ ਜਾਵਾਂ।

ਸਭ ਕੁਝ ਮੇਰੇ ਲਈ ਨਵਾਂ ਸੀ। ਮੈਂ ਕਈ ਥਾਵਾਂ ’ਤੇ ਰਾਤ ਕੱਟਣ ਲਈ ਪੁੱਛਗਿੱਛ ਕੀਤੀ, ਪਰ ਉਹ ਸਭ ਪੈਸੇ ਮੰਗਦੇ ਸਨ ਜੋ ਮੇਰੇ ਪਾਸ ਨਹੀਂ ਸਨ। ਮੈਂ ਗਲੀਆਂ ਵਿੱਚ, ਸੜਕਾਂ ’ਤੇ ਬਿਨਾਂ ਮਕਸਦ ਤੁਰਦਾ ਫਿਰਦਾ ਰਿਹਾ। ਅੱਧੀ ਰਾਤ ਹੋ ਗਈ। ਆਖ਼ਰ ਮੈਂ ਏਨਾ ਥੱਕ ਗਿਆ ਕਿ ਹੋਰ ਤੁਰਨ ਦੀ ਹਿੰਮਤ ਹੀ ਨਾ ਰਹੀ ਤੇ ਉੱਪਰੋਂ ਅੰਤਾਂ ਦੀ ਭੁੱਖ। ਫਿਰ ਵੀ ਮੇਰੇ ਵਿੱਚ ਸਕੂਲ ਪਹੁੰਚਣ ਦਾ ਹੌਸਲਾ ਬਰਕਰਾਰ ਸੀ। ਆਖ਼ਰ ਮੈਂ ਐਸੇ ਥਾਂ ’ਤੇ ਪਹੁੰਚਿਆ ਜਿੱਥੋਂ ਫੁੱਟਪਾਥ ਸੜਕ ਤੋਂ ਉੱਚਾ ਤੇ ਹੇਠੋਂ ਪੋਲਾ ਸੀ। ਉੱਥੇ ਬੈਠ ਕੇ ਮੈਂ ਕੁਝ ਇੰਤਜ਼ਾਰ ਕੀਤਾ ਕਿ ਕੋਈ ਲੰਘਣ ਵਾਲਾ ਰਾਹੀ ਮੈਨੂੰ ਦੇਖ ਤਾਂ ਨਹੀਂ ਰਿਹਾ। ਫਿਰ ਮੈਂ ਘਿਸਰ-ਘਿਸਰ ਫੁੱਟਪਾਥ ਦੇ ਹੇਠਾਂ ਵੜ ਗਿਆ ਤੇ ਉੱਥੇ ਆਪਣੇ ਥੈਲੇ ਦਾ ਸਿਰਹਾਣਾ ਬਣਾ ਕੇ ਭੁੰਜੇ ਹੀ ਲੇਟ ਗਿਆ। ਤਕਰੀਬਨ ਰਾਤ ਭਰ ਲੋਕਾਂ ਦੇ ਉਪਰੋਂ ਲੰਘਣ ਦੀਆਂ ਆਵਾਜ਼ਾਂ ਮੇਰੇ ਕੰਨੀ ਪੈਂਦੀਆਂ ਰਹੀਆਂ, ਪਰ ਮੈਂ ਨਿਢਾਲ ਜਿਹਾ ਪਿਆ ਰਿਹਾ।

ਜਦ ਮੇਰੀ ਜਾਗ ਖੁੱਲ੍ਹੀ ਤਾਂ ਦਿਨ ਚੜ੍ਹਿਆ ਹੋਇਆ ਸੀ। ਮੈਂ ਆਪਣੇ ਆਪ ਨੂੰ ਕੁਝ ਤਾਜ਼ਾ ਮਹਿਸੂਸ ਕੀਤਾ, ਪਰ ਮੈਨੂੰ ਭੁੱਖ ਬਹੁਤ ਲੱਗੀ ਹੋਈ ਸੀ। ਮੈਂ ਆਪਣੇ ਆਲੇ-ਦੁਆਲੇ ਦੇਖਿਆ ਤਾਂ ਮੇਰੀ ਨਜ਼ਰ ਇੱਕ ਜਹਾਜ਼ ’ਤੇ ਪਈ ਕਿਉਂਕਿ ਬੰਦਰਗਾਹ ਮੇਰੇ ਨਜ਼ਦੀਕ ਹੀ ਸੀ। ਦੇਖਿਆ ਕਈ ਕਾਮੇ ਜਹਾਜ਼ ਤੋਂ ਕੱਚਾ ਲੋਹਾ ਲਾਹ ਰਹੇ ਸਨ। ਮੈਂ ਜਲਦੀ ਨਾਲ ਜਹਾਜ਼ ਦੇ ਕਪਤਾਨ ਪਾਸ ਗਿਆ ਕਿ ਉਹ ਮੈਨੂੰ ਵੀ ਇਸ ਕੰਮ ਲਈ ਲਾ ਲਵੇ ਤਾਂ ਜੋ ਕੁਝ ਕੰਮ ਕਰ ਕੇ ਉਜਰਤ ਨਾਲ ਕੁਝ ਖਾ ਸਕਾਂ। ਕੈਪਟਨ ਸੀ ਤਾਂ ਗੋਰਾ, ਪਰ ਉਹ ਨੇਕਦਿਲ ਇਨਸਾਨ ਸੀ। ਮੇਰੀ ਲੋੜ ਨੂੰ ਸਮਝਦੇ ਹੋਏ ਉਸ ਨੇ ਇਜਾਜ਼ਤ ਦੇ ਦਿੱਤੀ। ਮੈਂ ਪੈਸਿਆਂ ਖ਼ਾਤਰ ਕਾਫ਼ੀ ਦੇਰ ਤੱਕ ਕੰਮ ਕਰਦਾ ਰਿਹਾ। ਫਿਰ ਮੈਂ ਆਪਣਾ ਸਵੇਰ ਦਾ ਖਾਣਾ ਪੇਟ ਭਰ ਕੇ ਖਾਧਾ। ਇਹ ਖਾਣਾ ਮੇਰੇ ਲਈ ਏਨਾ ਸਵਾਦੀ ਸੀ ਕਿ ਇਸ ਖਾਣੇ ਨੂੰ ਮੈਂ ਸਾਰੀ ਉਮਰ ਦਾ ਸਭ ਤੋਂ ਵਧੀਆ ਖਾਣਾ ਮੰਨਦਾ ਹਾਂ।

ਜਹਾਜ਼ ਦਾ ਕੈਪਟਨ ਮੇਰੇ ਕੰਮ ਤੋਂ ਖ਼ੁਸ਼ ਸੀ। ਉਸ ਨੇ ਮੈਨੂੰ ਕਿਹਾ ਕਿ ਤੂੰ ਇੱਥੇ ਹੀ ਕੰਮ ਕਰਨਾ ਜਾਰੀ ਰੱਖ। ਮੈਂ ਉੱਥੇ ਕਈ ਦਿਨ ਕੰਮ ਕਰਦਾ ਰਿਹਾ। ਇਸ ਮਕਸਦ ਲਈ ਕਿ ਮੇਰੇ ਕੋਲ ਖਾਣੇ ਤੋਂ ਇਲਾਵਾ ਹੈਂਪਟਨ ਜਾਣ ਲਈ ਕੁਝ ਪੈਸੇ ਜੁੜ ਜਾਣ। ਮੈਂ ਸੌਂਦਾ ਫੁਟਪਾਥ ਦੇ ਹੇਠਾਂ ਹੀ ਰਿਹਾ। ਜਦ ਮੇਰੇ ਕੋਲ ਹੈਂਪਟਨ ਜਾਣ ਜੋਗੇ ਪੈਸੇ ਇਕੱਠੇ ਹੋ ਗਏ ਤਾਂ ਮੈਂ ਮਿਹਰਬਾਨ ਕੈਪਟਨ ਦਾ ਧੰਨਵਾਦ ਕੀਤਾ ਅਤੇ ਆਪਣੀ ਮੰਜ਼ਿਲ ਵੱਲ ਚੱਲ ਪਿਆ।

ਬਿਨਾਂ ਕਿਸੇ ਅੜਚਨ ਦੇ ਮੈਂ ਹੈਂਪਟਨ ਪਹੁੰਚ ਗਿਆ। ਆਪਣੇ ਵਿਦਿਅਕ ਕੈਰੀਅਰ ਲਈ ਮੇਰੇ ਕੋਲ ਹੁਣ ਕੁੱਝ ਪੈਸੇ ਸਨ। ਬੜੇ ਵੱਡੇ ਸਕੂਲ ਦੀ ਤਿੰਨ ਮੰਜ਼ਿਲਾ ਇਮਾਰਤ ਮੈਨੂੰ ਆਕਰਸ਼ਕ ਤੇ ਸੁੰਦਰ ਲੱਗ ਰਹੀ ਸੀ। ਇਸ ਨਜ਼ਾਰੇ ਨੇ ਮੈਨੂੰ ਜਿਵੇਂ ਨਵੀਂ ਜ਼ਿੰਦਗੀ ਦੇ ਦਿੱਤੀ ਹੋਵੇ। ਜਿਉਂ ਹੀ ਮੈਂ ਸਕੂਲ ਅੰਦਰ ਪੈਰ ਰੱਖਿਆ ਤਾਂ ਇੱਕ ਅਜੀਬ ਜਿਹੀ ਉਤਸੁਕਤਾ ਵਿੱਚ ਮੈਂ ਉੱਥੋਂ ਦੀ ਮੁੱਖ ਅਧਿਆਪਕਾ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਇਸ ਸਕੂਲ ਵਿੱਚ ਦਾਖ਼ਲ ਕਰ ਲਵੇ। ਇੰਨੇ ਲੰਮੇ ਸਫ਼ਰ ਤੋਂ ਬਾਅਦ ਮੈਂ ਚੰਗੀ ਤਰ੍ਹਾਂ ਨਹਾਤਾ ਧੋਤਾ ਵੀ ਨਹੀਂ ਸਾਂ ਤੇ ਨਾ ਹੀ ਚੰਗੀ ਤਰ੍ਹਾਂ ਕੱਪੜੇ ਹੀ ਬਦਲੇ ਸਨ। ਉਹ ਕੁਝ ਵੀ ਨਹੀਂ ਬੋਲੀ। ਸ਼ਾਇਦ ਉਸ ਉੱਪਰ ਮੇਰਾ ਚੰਗਾ ਪ੍ਰਭਾਵ ਨਹੀਂ ਪਿਆ। ਉਸ ਨੂੰ ਮੇਰੇ ਵਿਦਿਆਰਥੀ ਬਣਨ ਦੀ ਇੱਛਾ ’ਤੇ ਵੀ ਸ਼ੱਕ ਸੀ। ਉਸ ਨੇ ਨਾ ਕੋਈ ਇਨਕਾਰ ਕੀਤਾ ਤੇ ਨਾ ਮੇਰੇ ਹੱਕ ਵਿੱਚ ਕੁਝ ਬੋਲੀ। ਮੈਂ ਆਪਣੇ ਵੱਲੋਂ ਗੱਲੀਂ-ਬਾਤੀਂ ਉਸ ਦੀਆਂ ਨਜ਼ਰਾਂ ਵਿੱਚ ਚੰਗਾ ਬਣਨ ਦੀ ਪੂਰੀ ਕੋਸ਼ਿਸ਼ ਕਰਦਾ ਰਿਹਾ। ਮੈਂ ਉਸ ਨੂੰ ਹੋਰ ਕਈ ਵਿਦਿਆਰਥੀਆਂ ਨੂੰ ਦਾਖ਼ਲ ਕਰਦਿਆਂ ਵੀ ਦੇਖਦਾ ਰਿਹਾ ਸਾਂ, ਜਿਸ ਦਾ ਮੈਨੂੰ ਅੰਦਰੋਂ ਅੰਦਰ ਅਫ਼ਸੋਸ ਵੀ ਹੋ ਰਿਹਾ ਸੀ ਕਿ ਮੈਂ ਉਨ੍ਹਾਂ ਵਿਦਿਆਰਥੀਆਂ ਵਾਂਗ ਕਿਵੇਂ ਬਣਾ ਤਾਂ ਕਿ ਮੈਨੂੰ ਵੀ ਦਾਖ਼ਲ ਹੋਣ ਦਾ ਮੌਕਾ ਮਿਲੇ।

ਫਿਰ ਕੁਝ ਘੰਟੇ ਬਾਅਦ ਮੁੱਖ ਅਧਿਆਪਕਾ ਨੇ ਮੇਰੇ ਵੱਲ ਦੇਖ ਕੇ ਕਿਹਾ, “ਨਾਲ ਦਾ ਕਮਰਾ ਸਾਫ਼ ਹੋਣ ਵਾਲਾ ਹੈ, ਜਾਹ ਝਾੜੂ ਪੋਚਾ ਲੈ ਕੇ ਉਸ ਦੀ ਸਫ਼ਾਈ ਕਰ ਦੇ।” ਮਨ ਵਿੱਚ ਖ਼ਿਆਲ ਆਇਆ ਕਿ ਇਹੀ ਇੱਕ ਮੌਕਾ ਹੈ, ਉਸ ਨੂੰ ਖ਼ੁਸ਼ ਕਰਨ ਦਾ। ਮੇਰੇ ਲਈ ਇਹ ਬਹੁਤ ਵੱਡੀ ਖ਼ੁਸ਼ੀ ਵਾਲੀ ਗੱਲ ਸੀ। ਮੈਂ ਤਿੰਨ ਵਾਰੀ ਉਸ ਕਮਰੇ ਵਿੱਚ ਝਾੜੂ ਲਾਇਆ। ਫਿਰ ਕੱਪੜੇ ਨਾਲ ਇੱਕ-ਇੱਕ ਬੈਂਚ, ਮੇਜ਼, ਕੁਰਸੀ, ਬਾਰੀਆਂ ਤੇ ਸ਼ੀਸ਼ਿਆਂ ਤੋਂ ਘੱਟਾ ਪੂੰਝਿਆ, ਕੰਧਾਂ ਤੋਂ ਵੀ ਜਾਲੇ ਝਾੜੇ ਤੇ ਮਿੱਟੀ ਘੱਟਾ ਸਾਫ਼ ਕੀਤਾ। ਫਿਰ ਗਿੱਲੇ ਕੱਪੜੇ ਨਾਲ ਤਿੰਨ ਚਾਰ ਵਾਰੀ ਕੱਪੜਾ ਮਾਰਿਆ ਤੇ ਫਰਸ਼ ਧੋਤਾ। ਹੱਥ ਲਾ-ਲਾ ਕੇ ਦੇਖਿਆ ਕਿ ਕਿਤੇ ਕੁਝ ਰਹਿ ਤਾਂ ਨਹੀਂ ਗਿਆ। ਮਹਿਸੂਸ ਕੀਤਾ ਕਿ ਮੇਰੇ ਪੜ੍ਹਨ ਦਾ ਭਵਿੱਖ ਇਸੇ ਕੰਮ ਵਿੱਚ ਛੁਪਿਆ ਹੈ, ਇਸ ਕਮਰੇ ਨੂੰ ਚੰਗੀ ਤਰ੍ਹਾਂ ਲਿਸ਼ਕਾ ਦੇਣ ਵਿੱਚ। ਫਿਰ ਉਹ ਘੜੀ ਵੀ ਆ ਗਈ, ਮੇਰੀ ਕਿਸਮਤ ਦੀ ਘੜੀ।

ਮੁੱਖ ਅਧਿਆਪਕਾ ਇਸ ਕਮਰੇ ਵਿੱਚ ਆਈ। ਉਸ ਚੁਫ਼ੇਰੇ ਨਜ਼ਰ ਮਾਰੀ। ਫਿਰ ਆਪਣਾ ਰੁਮਾਲ ਫਰਨੀਚਰ ’ਤੇ ਘਸਾ ਕੇ ਦੇਖਿਆ। ਕੰਧਾਂ ਬੈਂਚ ਆਦਿ ਇੱਕ-ਇੱਕ ਚੀਜ਼ ’ਤੇ ਨਜ਼ਰ ਘੁਮਾਈ। ਚਮਕਦਾ ਧੋਤਾ ਸਾਫ਼-ਸੁਥਰਾ ਫਰਸ਼ ਦੇਖਿਆ, ਕਿਤੇ ਵੀ ਕਿਸੇ ਦਾਗ਼ ਜਾਂ ਘੱਟੇ ਦਾ ਨਿਸ਼ਾਨ ਗ਼ਲਤੀ ਕੱਢਣ ਲਈ ਵੀ ਨਾ ਦਿਸਿਆ। ਉਸ ਮੇਰੇ ਕੰਮ ਤੋਂ ਖ਼ੁਸ਼ ਹੋ ਕੇ ਕਿਹਾ, “ਮੇਰਾ ਖ਼ਿਆਲ ਹੈ ਕਿ ਤੂੰ ਮੇਰੇ ਇਸ ਸਕੂਲ ਵਿੱਚ ਦਾਖ਼ਲ ਹੋਣ ਦੇ ਲਾਇਕ ਹੈਂ।”

ਮੇਰੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਮੈਨੂੰ ਲੱਗਾ ਜਿਵੇਂ ਇਸ ਧਰਤੀ ’ਤੇ ਸਭ ਤੋਂ ਜ਼ਿਆਦਾ ਖ਼ੁਸ਼ ਇਨਸਾਨ ਅੱਜ ਮੈਂ ਹੀ ਹਾਂ। ਕਮਰਾ ਸਾਫ਼ ਕਰਨਾ ਮੇਰਾ ਸਭ ਤੋਂ ਅਹਿਮ ਇਮਤਿਹਾਨ ਸੀ, ਜਿਸ ਵਿੱਚ ਮੈਂ ਸ਼ਾਨ ਨਾਲ ਪਾਸ ਹੋ ਗਿਆ ਸਾਂ। ਬਾਅਦ ਵਿੱਚ ਮੈਂ ਅਨੇਕਾਂ ਇਮਤਿਹਾਨ ਪਾਸ ਕੀਤੇ, ਪਰ ਇਹ ਇਮਤਿਹਾਨ ਮੇਰੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਸਭ ਤੋਂ ਵਧੀਆ, ਯਾਦਗਾਰੀ ਹੋ ਨਿਬੜਿਆ।

# ਮਿੰਨੀ ਕਹਾਣੀਆਂ

## ਸਾਂਝ

**ਰਵਨਜੋਤ ਕੌਰ ਸਿੱਧੂ**

ਪਿੰਡ ਦੀ ਫ਼ਸੀਲ ਤੋਂ ਬਾਹਰ ਲੱਗਿਆ ਪੁਰਾਣਾ ਬੋਹੜ ਪਿਛਲੇ ਪੰਜ ਦਹਾਕਿਆਂ ਤੋਂ ਅਡੋਲ ਖੜ੍ਹਾ ਸੀ। ਉਸ ਦੀ ਸੰਘਣੀ ਛਾਂ ਹੇਠ ਬੈਠੇ ਸਨ ਦੋ ਦੋਸਤ ਬੇਅੰਤ ਸਿੰਘ ਅਤੇ ਗੁਰਨਾਮ ਸਿੰਘ, ਜਿਨ੍ਹਾਂ ਦੀ ਦੋਸਤੀ ਨਾ ਸਿਰਫ਼ ਇਨ੍ਹਾਂ ਦੇ ਪਰਿਵਾਰਾਂ ਸਗੋਂ ਸਾਰੇ ਪਿੰਡ ਲਈ ਇੱਕ ਮਿਸਾਲ ਸੀ। ਇਸ ਦੋਸਤੀ ਦੀ ਚਮਕ ਨੂੰ ਕਦੇ ਵੀ ਸਮੇਂ ਦੀ ਧੂੜ ਫਿੱਕੀ ਨਹੀਂ ਪਾ ਕਰ ਸਕੀ। ਸਾਰਾ ਪਿੰਡ ਇਨ੍ਹਾਂ ਨੂੰ ਦੋ ਜਿਸਮ ਇੱਕ ਜਾਨ ਮੰਨਦਾ ਸੀ।

ਦੋਵੇਂ ਬਚਪਨ ਵਿੱਚ ਇਕੱਠੇ ਖੇਡੇ ਸਨ ਤੇ ਇਕੱਠਿਆਂ ਹੀ ਦੋਵਾਂ ਦੀਆਂ ਮੁੱਛਾਂ ਵੀ ਫੁੱਟਣੀਆਂ ਸ਼ੁਰੂ ਹੋਈਆਂ। ਇੱਕ ਨੂੰ ਲੜਖੜਾਉਂਦਾ ਵੇਖ ਝੱਟ ਦੂਸਰਾ ਮਦਦ ਲਈ ਬਹੁੜਦਾ ਸੀ ਭਰ ਜਵਾਨੀ ਵਿੱਚ ਦੋਵਾਂ ਨੇ ਦਿਨ-ਰਾਤ ਮਿਹਨਤ ਕੀਤੀ। ਹਰ ਸੁੱਖ-ਦੁੱਖ ਇਕੱਠਿਆਂ ਹੰਢਾਇਆ ਤੇ ਆਪਣੇ ਪਰਿਵਾਰਾਂ ਦੀ ਹਰ ਖ਼ੁਸ਼ੀ ਸਾਂਝੀ ਕੀਤੀ। ਦੋਵਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਬਹੁਤ ਛੇਤੀ ਉੱਠ ਗਿਆ ਸੀ। ਸ਼ਾਇਦ ਇਹੀ ਕਾਰਨ ਸੀ ਕਿ ਦੋਵੇਂ ਆਪਣੀ ਉਮਰ ਤੋਂ ਪਹਿਲਾਂ ਹੀ ਜ਼ਿੰਦਗੀ ਦੀ ਗੰਭੀਰਤਾ ਨੂੰ ਸਮਝਣ ਦੇ ਸਮਰੱਥ ਵੀ ਹੋ ਗਏ ਸਨ। ਜਦੋਂ ਬੇਅੰਤ ਦੀ ਭੈਣ ਜੀਤੋ ਦਾ ਵਿਆਹ ਪੱਕਾ ਕੀਤਾ ਗਿਆ ਤਾਂ ਉਸ ਸਾਲ ਫ਼ਸਲ ਕੁਝ ਖ਼ਾਸ ਨਾ ਹੋ ਸਕੀ। ਸਿਰ ’ਤੇ ਖੜ੍ਹਾ ਖਰਚ ਬੇਅੰਤ ਨੂੰ ਸਤਾ ਰਿਹਾ ਸੀ। ਆਪਣੇ ਦੋਸਤ ਦੀ ਚਿੰਤਾ ਨੂੰ ਸਮਝਦਿਆਂ ਗੁਰਨਾਮ ਨੇ ਬੇਅੰਤ ਨੂੰ ਦੱਸੇ ਬਿਨਾਂ ਹੀ ਆਪਣੀ ਜ਼ਮੀਨ ਗਹਿਣੇ ਧਰ ਦਿੱਤੀ ਤੇ ਰਕਮ ਲਿਆ ਕੇ ਬੇਅੰਤ ਦੇ ਹੱਥ ਵਿੱਚ ਫੜਾਉਂਦਿਆਂ ਉਸ ਸਿਰਫ਼ ਇਹੀ ਆਖਿਆ, “ਜੀਤੋ ਸਿਰਫ਼ ਤੇਰੀ ਹੀ ਨਹੀਂ, ਮੇਰੀ ਵੀ ਭੈਣ ਹੈ।” ਦੋਵਾਂ ਨੇ ਸਕੇ ਭਰਾਵਾਂ ਵਾਂਗ ਜੀਤੋ ਦੇ ਵਿਆਹ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ।

ਸਮਾਂ ਆਪਣੀ ਰਫ਼ਤਾਰ ਤੁਰਦਾ ਗਿਆ। ਬੇਅੰਤ ਤੇ ਗੁਰਨਾਮ ਦਾ ਪਰਿਵਾਰ ਵੀ ਵਧਿਆ। ਬੇਅੰਤ ਦਾ ਮੁੰਡਾ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਬੇਅੰਤ ਖ਼ੁਦ ਖੇਤੀਬਾੜੀ ਦਾ ਥੋੜ੍ਹਾ ਬਹੁਤ ਕੰਮ ਵੇਖ ਛੱਡਦਾ। ਉੱਧਰ ਗੁਰਨਾਮ ਦੇ ਮੁੰਡੇ ਨੇ ਜ਼ਮੀਨ ਵੇਚ ਕੇ ਸ਼ਹਿਰ ਵਿੱਚ ਕਾਰੋਬਾਰ ਖੋਲ੍ਹ ਲਿਆ, ਪਰ ਉਸ ਨੂੰ ਵੱਡਾ ਘਾਟਾ ਝੱਲਣਾ ਪਿਆ ਤੇ ਸਿਰ ਚੜ੍ਹੇ ਕਰਜ਼ੇ ਲਾਹੁਣ ਲਈ ਉਸ ਨੂੰ ਆਪਣਾ ਕਾਰੋਬਾਰ ਬੰਦ ਕਰਨਾ ਪਿਆ। ਹਾਲੇ ਵੀ ਇੱਕ ਵੱਡੀ ਰਕਮ ਉਸ ਦੇ ਸਿਰ ਖੜ੍ਹੀ ਸੀ। ਪੁੱਤਰ ਦਾ ਪਿੱਛਾ ਕਰਦੇ ਹੋਏ ਕਰਜ਼ਦਾਰ ਪਿੰਡ ਉਸ ਦੇ ਘਰ ਤੱਕ ਪੁੱਜ ਗਏ ਤੇ ਉਨ੍ਹਾਂ ਗੁਰਨਾਮ ਨੂੰ ਵੀ ਬੇਇੱਜ਼ਤ ਕੀਤਾ। ਇਸ ਘਟਨਾ ਤੋਂ ਬਾਅਦ ਗੁਰਨਾਮ ਕਾਫ਼ੀ ਚੁੱਪ ਚੁੱਪ ਰਹਿਣ ਲੱਗ ਪਿਆ ਸੀ। ਪੁੱਤਰ ਦੀ ਪ੍ਰੇਸ਼ਾਨੀ ਉਸ ਨੂੰ ਤੰਗ ਕਰ ਹੀ ਰਹੀ ਸੀ, ਪਰ ਉਹ ਕੁਝ ਨਹੀਂ ਸੀ ਕਰ ਪਾ ਰਿਹਾ। ਉਹ ਬੱਸ ਨਿੰਮੋਝੂਣਾ ਹੋਇਆ ਆਪਣੇ ਘਰ ਵਿੱਚ ਉਦਾਸ ਬੈਠਾ ਰਹਿੰਦਾ। ਬੇਅੰਤ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਸ ਗੁਰਨਾਮ ਕੋਲ ਰੋਜ਼ ਗੇੜਾ ਮਾਰਨਾ ਸ਼ੁਰੂ ਕਰ ਦਿੱਤਾ। ਉਹ ਜਾਣਦਾ ਸੀ ਕਿ ਗੁਰਨਾਮ ਨੂੰ ਇਸ ਵੇਲੇ ਉਸ ਦੀ ਲੋੜ ਹੈ।

ਗੁਰਨਾਮ ਦੀ ਪ੍ਰੇਸ਼ਾਨੀ ਬਾਰੇ ਸੋਚਦਿਆਂ ਬੇਅੰਤ ਨੇ ਆਪਣੇ ਪੁੱਤਰ ਨਾਲ ਸਲਾਹ ਕੀਤੀ ਤੇ ਆਪਣੀ ਜ਼ਮੀਨ ਗਹਿਣੇ ਧਰ ਕੇ ਰਕਮ ਗੁਰਨਾਮ ਨੂੰ ਦੇਣ ਤੁਰ ਪਿਆ। ਗੁਰਨਾਮ ਦੀਆਂ ਅੱਖਾਂ ਵਿੱਚ ਹੰਝੂ ਸਨ, ਉਹ ਵਾਰ ਵਾਰ ਬੇਅੰਤ ਨੂੰ ਆਖ ਰਿਹਾ ਸੀ ਕਿ ਉਹ ਇਹ ਰਕਮ ਨਹੀਂ ਲੈ ਸਕਦਾ। ਅਜਿਹਾ ਕਰਕੇ ਉਹ ਆਪਣੇ ਮਿੱਤਰ ’ਤੇ ਮੁਸੀਬਤਾਂ ਦਾ ਪਹਾੜ ਨਹੀਂ ਡੇਗ ਸਕਦਾ, ਪਰ ਬੇਅੰਤ ਆਪਣੇ ਇਰਾਦੇ ਦਾ ਪੱਕਾ ਸੀ। ਉਸ ਅਖੀਰ ਗੁਰਨਾਮ ਨੂੰ ਮਨਾ ਲਿਆ ਤੇ ਉਸ ਦੇ ਹੱਥੋਂ ਕਰਜ਼ਦਾਰਾਂ ਦਾ ਸਾਰਾ ਭਾਰ ਲੁਹਾ ਦਿੱਤਾ। ਗੁਰਨਾਮ ਜਾਣਦਾ ਸੀ ਕਿ ਸ਼ਾਇਦ ਉਹ ਇਹ ਕਰਜ਼ਾ ਜ਼ਿੰਦਗੀ ਭਰ ਨਾ ਲਾਹ ਸਕੇਗਾ, ਪਰ ਬੇਅੰਤ ਨੂੰ ਇਸ ਦੀ ਉੱਕਾ ਹੀ ਕੋਈ ਫ਼ਿਕਰ ਨਹੀਂ ਸੀ ਕਿਉਂਕਿ ਉਸ ਨੇ ਇਹ ਰਕਮ ਉਧਾਰ ਨਹੀਂ, ਸਗੋਂ ਆਪਣੇ ਭਰਾ ਦੀ ਲੋੜ ਪੂਰੀ ਕਰਨ ਲਈ ਸਦਾ ਲਈ ਦਿੱਤੀ ਸੀ।

ਲੋੜ ਵੇਲੇ ਸਾਥ ਨਿਭਾਅ ਕੇ ਦੋਵਾਂ ਨੇ ਹੀ ਆਪਣੀ ਆਪਣੀ ਥਾਂ ਮਿੱਤਰਤਾ ਦੇ ਇਸ ਪਵਿੱਤਰ ਰਿਸ਼ਤੇ ਦੀ ਨੀਂਹ ਹੋਰ ਮਜ਼ਬੂਤ ਕੀਤੀ ਸੀ। ਅੱਜ ਇਸ ਗੱਲ ਨੂੰ ਵੀਹ ਸਾਲ ਬੀਤ ਗਏ ਹਨ। ਸਮੇਂ ਦੇ ਗੇੜ ਨਾਲ ਕੀਤੀ ਨਿਰੰਤਰ ਮਿਹਨਤ ਸਦਕਾ ਦੋਵਾਂ ਦੇ ਪਰਿਵਾਰ ਮੁੜ ਖ਼ੁਸ਼ਹਾਲੀ ਵਿੱਚ ਜੀਅ ਰਹੇ ਹਨ ਅਤੇ ਆਪਣੇ ਹੱਥੀਂ ਲਾਏ ਬੋਹੜ ਦੀ ਛਾਵੇਂ ਗੁਰਨਾਮ ਤੇ ਬੇਅੰਤ ਆਪਣੀ ਜ਼ਿੰਦਗੀ ਦੇ ਇਸ ਸਭ ਤੋਂ ਮਜ਼ਬੂਤ ਰਿਸ਼ਤੇ ਦਾ ਨਿੱਘ ਮਾਣਦੇ ਹੋਏ ਬੁਢਾਪੇ ਦਾ ਆਨੰਦ ਮਾਣ ਰਹੇ ਹਨ। ਦੋਵਾਂ ਦੀਆਂ ਅੱਖਾਂ ਵਿੱਚ ਇੱਕ ਚਮਕ ਹੈ, ਜੋ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਆਪਣਾ ਮਤਲਬ ਕੱਢਣ ਵਾਲੀ ਇਸ ਦੁਨੀਆ ਵਿੱਚ ਬਿਨਾਂ ਸਵਾਰਥ ਇੱਕ ਦੂਜੇ ਦਾ ਭਲਾ ਕਰਨ ਵਾਲੇ ਵੀ ਵਸਦੇ ਹਨ।

***

## ਦਫ਼ਤਰ ਦੀ ਘੜੀ

**ਰਾਜੇਸ਼ ਰਿਖੀ ਪੰਜਗਰਾਈਆਂ**

ਬਾਬਾ ਹਰਨਾਮ ਸਿੰਘ ਪਿਛਲੇ ਕਈ ਮਹੀਨਿਆਂ ਤੋਂ ਆਪਣੀ ਰੁਕੀ ਹੋਈ ਪੈਨਸ਼ਨ ਬਹਾਲ ਕਰਵਾਉਣ ਲਈ ਸਰਕਾਰੀ ਦਫ਼ਤਰ ਦੇ ਗੇੜੇ ਮਾਰ ਰਿਹਾ ਸੀ। ਪਹਿਲਾਂ ਕਈ ਗੇੜਿਆਂ ’ਚ ਉਸ ਨੂੰ ਕੋਈ ਨਾ ਕੋਈ ਦਸਤਾਵੇਜ਼ ਪੂਰਾ ਕਰਨ ਲਈ ਆਖ ਕੇ ਭੇਜ ਦਿੱਤਾ ਜਾਂਦਾ ਸੀ। ਹੁਣ ਬਾਬੇ ਨੇ ਸਾਰੇ ਦੱਸੇ ਹੋਏ ਕਾਗਜ਼ ਪੂਰੇ ਕਰ ਲਏ ਸਨ ਤੇ ਕਈ ਹਫ਼ਤਿਆਂ ਤੋਂ ਲਗਪਗ ਰੋਜ਼ ਹੀ ਦਫ਼ਤਰ ਦੇ ਗੇੜੇ ਲਾ ਰਿਹਾ ਸੀ। ਗ਼ਰਮੀ ਜ਼ਿਆਦਾ ਹੋਣ ਕਰਕੇ ਸਰਕਾਰੀ ਦਫ਼ਤਰਾਂ ਦਾ ਸਮਾਂ ਸਵੇਰੇ 7.30 ਤੋਂ ਦੁਪਹਿਰ 1.30 ਵਜੇ ਤੱਕ ਕਰ ਦਿੱਤਾ ਗਿਆ ਸੀ, ਜਿਸ ਕਰਕੇ ਹਰਨਾਮ ਸਿੰਘ ਨੂੰ ਸੁਵਖ਼ਤੇ ਹੀ ਪਿੰਡੋਂ ਸ਼ਹਿਰ ਵਾਲੀ ਬੱਸ ’ਤੇ ਬੈਠਣਾ ਪੈਂਦਾ ਸੀ। ਬਾਬਾ ਹਰਨਾਮ ਅਧਿਕਾਰੀ ਦੇ ਆਉਣ ਤੋਂ ਪਹਿਲਾਂ ਹੀ ਦਫ਼ਤਰ ਪਹੁੰਚ ਜਾਂਦਾ, ਪਰ 7.30 ਤੋਂ 8.30 ਤੇ ਫਿਰ 9.30 ਵੀ ਵੱਜ ਜਾਂਦੇ, ਪਰ ਅਧਿਕਾਰੀ ਦੇ ਦਰਸ਼ਨ ਨਾ ਹੁੰਦੇ। ਉਸ ਦਾ ਸਾਰਾ ਦਿਨ ਸਿਰਫ਼ ਅਧਿਕਾਰੀ ਦੀ ਉਡੀਕ ਵਿੱਚ ਹੀ ਲੰਘ ਜਾਂਦਾ।

ਇੱਕ ਦਿਨ ਲੰਚ ਬਰੇਕ ਤੋਂ ਬਾਅਦ ਜਦੋਂ ਬਾਬਾ ਅਧਿਕਾਰੀ ਦੇ ਕਮਰੇ ਬਾਹਰ ਉਡੀਕ ਕਰ ਰਿਹਾ ਸੀ ਤਾਂ ਅਧਿਕਾਰੀ ਲਗਪਗ ਇੱਕ ਵਜੇ ਖਾਣਾ ਖਾ ਕੇ ਪਰਤਿਆ। ਹਰਨਾਮ ਸਿੰਘ ਨੇ ਕਾਹਲ ਨਾਲ ਅਧਿਕਾਰੀ ਸਾਹਮਣੇ ਪੇਸ਼ ਹੋ ਕੇ ਆਪਣੀ ਫਾਈਲ ਉਸ ਦੇ ਮੇਜ਼ ’ਤੇ ਰੱਖਦਿਆਂ ਹਲੀਮੀ ਨਾਲ ਕਿਹਾ, “ਬਾਬੂ ਜੀ ਮੇਰੀ ਪੈਨਸ਼ਨ ਕਈ ਮਹੀਨਿਆਂ ਦੀ ਰੁਕੀ ਹੋਈ ਹੈ, ਮੈਂ ਤੁਹਾਡੇ ਦੱਸਣ ਅਨੁਸਾਰ ਸਾਰੇ ਕਾਗਜ਼ ਪੂਰੇ ਕਰ ਲਏ, ਮੇਰਾ ਕੰਮ ਕਰ ਦਿਓ।” ਅੱਗੋਂ ਬਾਬੂ ਤਿਰਛੀ ਨਜ਼ਰ ਨਾਲ ਦੇਖਦਿਆਂ ਬੋਲਿਆ, “ਬਾਬਾ ਜੀ ਫਾਈਲ ਤਾਂ ਬਾਅਦ ਵਿੱਚ ਦੇਖੂੰ ਪਹਿਲਾਂ ਤੁਸੀਂ ਉਹ ਕੰਧ ’ਤੇ ਲੱਗੀ ਘੜੀ ਵੱਲ ਦੇਖੋ, ਹੁਣ ਦਫ਼ਤਰ ਦਾ ਸਮਾਂ 1.30 ਵਜੇ ਤੱਕ ਹੈ ਤੇ ਸਾਡੇ ਜਾਣ ਦਾ ਸਮਾਂ ਹੋ ਗਿਆ ਹੈ। ਤੁਸੀਂ ਹੁਣ ਕੱਲ ਆਇਓ।” ਇਹ ਕਹਿੰਦਾ ਹੋਇਆ ਬਾਬੂ ਆਪਣਾ ਬੈਗ ਚੁੱਕ ਕੇ ਜਾਣ ਦੀ ਤਿਆਰੀ ਕਰਨ ਲੱਗਿਆ।

ਹਰਨਾਮ ਸਿੰਘ ਨੇ ਘੜੀ ਵੱਲ ਦੇਖਿਆ ਤਾਂ 1 ਵੱਜ ਕੇ 22 ਮਿੰਟ ਹੋ ਚੁੱਕੇ ਸਨ। ਉਸ ਨੇ ਮਾਯੂਸੀ ਨਾਲ ਆਪਣੀ ਫਾਈਲ ਮੇਜ਼ ਤੋਂ ਚੁੱਕੀ ਤੇ ਕਮਰੇ ਤੋਂ ਬਾਹਰ ਆ ਗਿਆ। ਦਫ਼ਤਰ ਦੀਆਂ ਪੌੜੀਆਂ ਉਤਰਦੇ ਹੋਏ ਹਰਨਾਮ ਸਿੰਘ ਦੇ ਮਨ ਵਿੱਚ ਵਾਰ ਵਾਰ ਇੱਕ ਹੀ ਸਵਾਲ ਉੱਠ ਰਿਹਾ ਸੀ ‘ਕੀ ਇਹ ਘੜੀ ਕਦੇ ਸਵੇਰ ਦੇ 7.30 ਵਜੇ ਦਾ ਸਮਾਂ ਨਹੀਂ ਦਿਖਾਉਂਦੀ? ਕੀ ਇਹ ਘੜੀ 9.30 ਤੋਂ ਪਹਿਲਾਂ ਚੱਲਦੀ ਹੀ ਨਹੀਂ?’

# ਕਾਵਿ ਸੰਸਾਰ

## ਕਣੀਆਂ
ਓਮਕਾਰ ਸੂਦ ਬਹੋਨਾ



ਕਿਣਮਿਣ, ਕਿਣਮਿਣ ਆ ਗਈਆਂ ਕਣੀਆਂ,
ਠੰਢਕ ਜਿਹੀ ਵਰਤਾ ਗਈਆਂ ਕਣੀਆਂ।
ਗਰਮੀ ਨੇ ਸੀ ਅੱਗ ਵਰ੍ਹਾਈ ,
ਸਭ 'ਤੇ ਰਹਿਮ ਕਮਾ ਗਈਆਂ ਕਣੀਆਂ।
ਧਰਤੀ ਦੀ ਹਿੱਕ ਠਾਰੀ ਇਨ੍ਹਾਂ,
ਧਰਤ ਦੀ ਪਿਆਸ ਬੁਝਾ ਗਈਆਂ ਕਣੀਆਂ।
ਮੁਰਝਾਏ ਬੂਟੇ ਫਿਰ ਤੋਂ ਮੌਲੇ,
ਖੇੜਾ ਨਵਾਂ ਲਿਆ ਗਈਆਂ ਕਣੀਆਂ।
ਮਹਿਕ ਉੱਠੀ ਹੈ ਮਿੱਟੀ ਸੌਂਧੀ,
ਕਣ-ਕਣ ਨੂੰ ਖਿੜਾ ਗਈਆਂ ਕਣੀਆਂ।
ਪੰਛੀ ਵੀ ਹੁਣ ਚਹਿਕਣ ਲੱਗੇ,
ਰੌਣਕ ਨਵੀਂ ਲਗਾ ਗਈਆਂ ਕਣੀਆਂ।
ਬਾਲ ਮਨਾਂ ਨੂੰ ਚਾਅ ਹੈ ਚੜ੍ਹਿਆ,
ਆਹਰੇ ਸਭ ਨੂੰ ਲਾ ਗਈਆਂ ਕਣੀਆਂ।
ਨਹਾਤੀਆਂ ਧੋਤੀਆਂ ਫੁੱਲ ਪੱਤੀਆਂ ਨੇ ,
ਕੁਦਰਤ ਰੂਪ ਸਜਾ ਗਈਆਂ ਕਣੀਆਂ।

## ਸਾਡਾ ਵਾਤਾਵਰਣ

ਧਰਤੀ ਨੂੰ ਮਾਤਾ ਪਾਵਨ ਗੁਰਬਾਣੀ ਫ਼ੁਰਮਾਇਆ
ਪਵਣੁ ਨੂੰ ਆਖ ਗੁਰੂ ਹੈ ਸਤਿਕਾਰ ਵਧਾਇਆ।
ਪਾਣੀ ਨੂੰ ਪਿਤਾ ਦਾ ਬਖ਼ਸ਼ਿਆ ਦਰਜ਼ਾ ਮਹਾਨ
ਅਕਾਲ ਦੀ ਮਹਿਮਾ ਦਾ ਪੰਜ ਤੱਤ ਕਰਦੇ ਗੁਣਗਾਨ॥
ਹਵਾ ਵਿੱਚ ਆਕਸੀਜ਼ਨ ਦਾ ਮਹੱਤਵ ਜ਼ਰੂਰੀ
ਕਾਰਬਨ ਡਾਈਆਕਸਾਈਡ ਪੌਦਿਆਂ ਲਈ ਸਰੂਰੀ।
ਪ੍ਰਕਾਸ਼ ਸੰਸ਼ਲੇਸ਼ਣ ਨਾਲ ਪੌਦੇ
ਭੋਜਨ ਬਣਾਉਂਦੇ
ਸੂਰਜੀ ਰੌਸ਼ਨੀ,ਹਵਾ,ਪਾਣੀ, ਕਲੋਰੋਫਿਲ ਸਾਥ ਨਿਭਾਉਂਦੇ॥
ਭੋਜਨ-ਲੜੀ ਕੁਦਰਤ ਦੀਆਂ ਰਚੀਆਂ ਬਾਤਾਂ
ਉਤਪਾਦਕ ਤੋਂ ਖਪਤਕਾਰ ਤੱਕ ਚੱਲੇ ਬਹੀ ਖਾਤਾ।
ਊਰਜਾ ਇੱਕ ਪੱਧਰ ਮਾਰ ਛਾਲਾਂ ਦੂਜੇ ਤੱਕ ਜਾਵੇਂ
ਵਿਘਟਕਾਂ ਦਾ ਗੁਣ ਮਰੇ ਜੀਵਾਂ ਨੂੰ ਮਿੱਟੀ ਬਣਾਵੇ?॥
ਮਨੁੱਖੀ ਕਾਰਜਾਂ ਨੇ ਵਧਾਇਆ ਪ੍ਰਦੂਸ਼ਣ
ਧੂੰਏਂ, ਪਲਾਸਟਿਕ ਨਾਲ ਵੱਧ ਗਈ ਦੂਸ਼ਣ।
ਗ੍ਰੀਨਹਾਊਸ ਗੈਸਾਂ ਤਾਪ ਨੂੰ ਹਨ ਵਧਾਉਂਦੀਆਂ
ਧਰਤੀ ਨੂੰ ਹੌਲੀ-ਹੌਲੀ ਗਰਮ ਬਣਾਉਂਦੀਆਂ॥
ਓਜ਼ੋਨ ਪਰਤ ਪਰਾਂ ਬੈਂਗਣੀ ਕਿਰਨਾਂ ਨੂੰ ਰੋਕੇ
ਇਸਦੀ ਰੱਖਿਆ ਸਾਡਾ ਫਰਜ਼ ਨਾ ਕੋਈ ਟੋਕੇ।
ਰੁੱਖ ਲਗਾਈਏ ਅਤੇ ਜੰਗਲਾਂ ਨੂੰ ਬਚਾਈਏ
ਆਲੇ ਦੁਆਲੇ ਹਰਿਆਵਲ ਰੱਖਣਾ ਪ੍ਰਣ ਦੁਹਰਾਈਏ॥

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਨਾ ਪਾ ਕਹਾਣੀਆਂ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਛੱਡ ਦੇ ਪਾਣੀਆਂ, ਕਹਾਣੀਆਂ ਮੇਰੇ ਹਾਣੀਆਂ,
ਗੱਲੀਂ ਬਾਤੀਂ ਹਕੀਕਤਾਂ, ਲੁਕ ਨਹੀਂ ਜਾਣੀਆਂ।
ਤੂੰ ਜੋ ਵਾਰ ਵਾਰ ਮੈਨੂੰ, ਜਤਾ ਰਿਹਾ ਹੈਂ ਅਹਿਸਾਨ,
ਬੰਦ ਕਰ ਮੇਮੋਠਗਣੀਆਂ, ਹੁਣ ਤੂੰ ਮੇਰੇ ਜਾਨੀਆ।
ਤੈਨੂੰ ਵਹਿਮ ਹੈ ਕਿ ਤੇਰੇ ਸਦਕੇ, ਦੁਨੀਆ ਹੈ ਵਸਦੀ,
ਇਹ ਦੁਨੀਆ ਹੈ 'ਤੇ ਤਾਂ ਤੂੰ ਹੈਂ, ਐ ਫੋਕੇ ਦਾਨੀਆ!
ਮੇਰੇ ਵਰਗੇ ਜੋ ਉਠ ਖੜੇ, ਪੜਦਾ ਤੇਰਾ ਪਾੜਨ ਲਈ,
ਤਾਰ ਤਾਰ ਹੋ ਜਾਣਗੀਆਂ, ਤੇਰੀਆਂ ਪਰਦਾ ਦਾਨੀਆਂ।
ਨੈਤਿਕਤਾ ਸਿਖਾਵੇਂ ਫਿਰਦਾ, ਨਿੱਤ ਸਾਰੇ ਲੋਕਾਂ ਨੂੰ,
ਖੋਖਲੇਪਨ ਨਾਲ ਨਹੀਂ, ਰਹਿਣੀਆਂ ਪਰਧਾਨੀਆਂ।
ਤੈਨੂੰ ਸਦਾ ਆਪਣੇ ਘਰ ਦੀ, ਬਣੀ ਰਹਿੰਦੀ ਹੈ ਚਿੰਤਾ,
ਸਵਾਦ ਆਵੇ ਜੇ ਕਿਸੇ ਦੇ ਘਰ, ਲਾਵੇਂ ਰੌਸ਼ਨਦਾਨੀਆਂ।
ਤੂੰ ਜੇ ਜਾਗ ਸਕਦਾ ਹੈਂ, ਤਾਂ ਜਾਗ ਗੂੜ੍ਹੀ ਨੀਂਦ ਚੋਂ,
ਪਛਾਣ ਲੈ ਸਮੇਂ ਦੀਆਂ, ਹੁਣ ਚਾਲਾਂ ਨਿਰਾਲੀਆਂ।
ਤਾਰੀਖ਼ਾਂ ਲਿਖਣਗੇ ਜਦੋਂ, ਸੱਚੇ ਅਤੇ ਸੁੱਚੇ ਲੋਕ,
ਉਕਰਨਗੀਆਂ ਖ਼ੂਬ ਤੇਰੀਆਂ, ਕਰਤੂਤਾਂ ਬਹੁ ਕਾਲ਼ੀਆਂ।

## ਗ਼ਜ਼ਲ
ਪ੍ਰਤਾਪ 'ਪਾਰਸ' ਗੁਰਦਾਸਪੁਰੀ

ਅੱਜ ਗਵਾ ਕੇ ਕੱਲ੍ਹ ਵਾਸਤੇ ਭਟਕ ਰਿਹਾ ਹੈ ਬੰਦਾ,
ਸੂਲੀ ਉੱਤੇ ਜ਼ਿੰਦਾ ਵੇਖੋ ਲਟਕ ਰਿਹਾ ਹੈ ਬੰਦਾ।
ਖ਼ਾਹਸ਼ਾਂ ਅਤੇ ਤ੍ਰਿਸ਼ਨਾਵਾਂ ਨੇ ਪਾ ਕੇ ਰੱਖਿਆ ਘੇਰਾ,
ਗਰਜ਼ਾਂ ਦੇ ਇਹ ਪਿੰਜਰੇ ਪੈ ਕੇ ਖਟਕ ਰਿਹਾ ਹੈ ਬੰਦਾ।
ਖ਼ੁਸ਼ੀਆਂ ਵੰਡੇ ਜੀਵਨ ਦੇਵੇ ਰੋਂਦਿਆਂ ਤਾਈਂ ਹਸਾਵੇ,
ਕੈਸੀ ਗੱਲ ਹੈ ਪਰ ਇਸ ਰਾਹ ਤੋਂ ਭਟਕ ਰਿਹਾ ਹੈ ਬੰਦਾ।
ਪਰਬਤ ਤੋੜੇ, ਦਰਿਆਵਾਂ 'ਤੇ ਇਸ ਨੇ ਬੰਨ੍ਹ ਲਗਾਏ,
ਇਸੇ ਕਰਕੇ ਕੁਦਰਤ ਨੂੰ ਵੀ ਖਟਕ ਰਿਹਾ ਹੈ ਬੰਦਾ।
ਜ਼ਹਿਰਾਂ ਬੀਜੇ ਜ਼ਹਿਰਾਂ ਵੰਡੇ ਜ਼ਹਿਰਾਂ ਦੇ ਵਿੱਚ ਰਮਿਆ,
ਫਿਰ ਆਪੇ ਹੀ ਜ਼ਹਿਰ ਰੋਜ਼ਾਨਾ ਗਟਕ ਰਿਹਾ ਹੈ ਬੰਦਾ।
ਇਹ ਵੀ ਸੱਚ ਹੈ ਇਥੋਂ ਤੇਰੇ ਨਾਲ ਨਾ ਕੁਝ ਵੀ ਜਾਣਾ,
ਪਰ 'ਪਾਰਸ' ਇਹ ਸੱਚ ਨੂੰ ਵੇਖੋ ਝਟਕ ਰਿਹਾ ਹੈ ਬੰਦਾ।
ਚੋਰੀ, ਯਾਰੀ, ਠੱਗੀ-ਠੋਰੀ ਕਰਦਾ ਮੂਲ ਨਾ ਡਰਦਾ,
ਸੱਚ ਲੁਕਾ ਕੇ ਕਿੰਨਾ ਬਣ ਇਹ ਚਟਕ ਰਿਹਾ ਹੈ ਬੰਦਾ।

## ਡੌਂਕੀ
ਪਰਮਜੀਤ ਸਿੰਘ ਰਾਜਗੜ੍ਹ



ਜ਼ਿੰਦਗੀ ਜੀਣ ਦਾ ਸਿੱਖ ਤਰੀਕਾ,
ਕੀ ਕਰਨਾ ਏ ਵਿੱਚ ਅਮਰੀਕਾ।
ਸਰ ਕਰਨਾ ਪਊ ਜੰਗਲ ਪਨਾਮਾ,
ਜਿਥੇ ਪਹਿਲਾਂ ਹੀ ਵਿਲਕਣ ਜਾਨਾਂ।
ਕਈ ਤਾਂ ਪਿੰਜਰ ਹੋ ਕੇ ਰਹਿ ਗਏ,
ਉਥੇ ਪੀ ਲਿਆ ਖ਼ੂਨ ਸ਼ੈਤਾਨਾਂ।
ਲੋਥਾਂ ਵਿੱਚੋਂ ਲੰਘਣਾ ਪੈਦਾ,
ਤਲੀ 'ਤੇ ਰੱਖ ਕੇ ਆਪਣੀਆਂ ਜਾਨਾਂ।
ਕਈ ਮੁੱਕਦੇ ਨੇ ਭੁੱਖੇ ਪਿਆਸੇ,
ਉਥੇ ਹਰ ਰਾਹ ਹੈ ਅਨਜਾਨਾ।
ਜਦੋਂ ਦਿਲ 'ਤੇ ਪੱਥਰ ਧਰ ਕੇ,
ਛੱਡ ਜਾਂਦੀਆਂ ਸਾਥ ਕਮਾਨਾਂ।
ਕਈ ਤੜਫ਼ ਤੜਫ਼ ਮਰ ਜਾਂਦੇ,
ਰੁਲ਼ ਖੁਲ ਕੇ ਫਿਰ ਨਿਕਲਣ ਜਾਨਾਂ।
ਆਪ ਡੁੱਬੇ ਜੱਗ ਪਰਲੋਂ ਆਵੇ,
ਸੱਚੀਆਂ ਹੋਣ ਅਖਾਣਾਂ।
ਡੌਂਕਰ ਨਹੀਂ ਦੈਂਤਾਂ ਦਾ ਤਾਂਡਵ,
ਜਿਵੇਂ ਕਰਦੀ ਮੌਤ ਮਸਾਣਾਂ।
'ਪਰਮਜੀਤ' ਡਾਲਰ ਦੇ ਸੁਫ਼ਨੇ,
ਆਪਣਾ ਆਪ ਹਰਾਨਾਂ।
ਥੋੜ੍ਹੀ ਖਾ ਇੱਜ਼ਤ ਦੀ ਖਾ ਲੈ,
ਕਿਉਂ ਜਿੰਦੜੀ ਨੂੰ ਕੁਰਲਾਉਂਦਾਂ।

## ਬਰਾਬਰ
ਦਵਿੰਦਰ ਕੌਰ ਬਿੰਦ

ਖ਼ੁਸ਼ੀ ਗਮੀ ਜਿਵੇਂ ਇੱਕ ਬਰਾਬਰ
ਤੂੰ ਤੇ ਮੈਂ ਹਾਂ ਇੱਕ ਬਰਾਬਰ
ਧੁੱਪ ਤੇ ਛਾਂ ਵੀ ਇੱਕ ਬਰਾਬਰ
ਜਾਤਾਂ-ਪਾਤਾਂ ਇੱਕ ਬਰਾਬਰ
ਨੇੜੇ-ਦੂਰ ਸਭ ਇੱਕ ਬਰਾਬਰ
ਵੈਰ-ਵਿਰੋਧ ਵੀ ਇੱਕ ਬਰਾਬਰ
ਐ ਇਨਸਾਨ ਨਾ ਬਹੁਤਾ ਸੋਚ
ਭੇਤ-ਅਭੇਤ ਸਭ ਇੱਕ ਬਰਾਬਰ।

## ਸਾਨੂੰ ਦੇ ਰੁਜ਼ਗਾਰ...
ਨਿਰਮਲ ਸਿੰਘ ਰੱਤਾ

ਕੰਨ ਪੱਕ ਗਏ ਨੇ ਸੁਣ ਸੁਣ ਲਾਰੇ
ਸਾਨੂੰ ਦੇ ਰੁਜ਼ਗਾਰ ਸਰਕਾਰੇ।
ਬੜੇ ਔਖੇ ਹੋ ਕੇ ਸਾਡੇ ਬਾਪੂ ਨੇ ਕਮਾਈ ਕੀਤੀ
ਕੱਟ ਜਗਰਾਤੇ ਸਾਡੀ ਬੇਬੇ ਨੇ ਸਿਲਾਈ ਕੀਤੀ
ਪੈਸਾ ਪੈਸਾ ਜੋੜ ਦਾਖਲੇ ਸੀ ਤਾਰੇ
ਅਸੀਂ ਵੀ ਜਾਏ ਪੰਜ ਆਬ ਦੇ
ਸਾਨੂੰ ਦੇ ਰੁਜ਼ਗਾਰ ਸਰਕਾਰੇ।
ਦਿਲ ਦੀ ਤਮੰਨਾ ਕੁਝ ਕਰ ਦਿਖਾਈਏ
ਮਿਹਨਤਾਂ ਦੇ ਦਮ 'ਤੇ ਨਾਂ ਚਮਕਾਈਏ
ਮਰ ਮੁੱਕ ਚੱਲੇ ਸੁਪਨੇ ਵੀ ਸਾਰੇ
ਅਸੀਂ ਵੀ ਜਾਏ ਪੰਜ ਆਬ ਦੇ
ਸਾਨੂੰ ਦੇ ਰੁਜ਼ਗਾਰ ਸਰਕਾਰੇ।
ਸਿਰ 'ਤੇ ਡਿਗਰੀਆਂ ਦੀ ਪੰਡ ਚੁੱਕੀ ਫਿਰਦੇ ਹਾਂ
ਲੱਭਦੇ ਨੌਕਰੀ ਤੇ ਕੰਮ ਕਿੰਨੇ ਚਿਰ ਦੇ ਹਾਂ
ਹਰ ਥਾਂ ਜਾਈਏ ਪਰ ਜਾਈਏ ਦੁਤਕਾਰੇ
ਅਸੀਂ ਵੀ ਜਾਏ ਪੰਜ ਆਬ ਦੇ
ਸਾਨੂੰ ਦੇ ਰੁਜ਼ਗਾਰ ਸਰਕਾਰੇ।
ਆਖਦੀ ਹੈ ਨਿੱਤ ਬੇਬੇ ਪੁੱਤ ਘਬਰਾਈਂ ਨਾ
ਵੇਖੀਂ ਵੇ ਨਿਰਾਸ਼ ਹੋ ਕੇ ਪੁੱਠੇ ਪਾਸੇ ਜਾਈਂ ਨਾ
ਸੁੱਖਾਂ ਸੁੱਖਦੀ ਹੈ ਜਾ ਕੇ ਗੁਰਦੁਆਰੇ
ਅਸੀਂ ਵੀ ਜਾਏ ਪੰਜ ਆਬ ਦੇ
ਸਾਨੂੰ ਦੇ ਰੁਜ਼ਗਾਰ ਸਰਕਾਰੇ।

## ਉੱਠ ਕਿਰਤੀਆ...
ਯਾਦਵਿੰਦਰ ਸਿੰਘ ਕਲੌਲੀ

ਤੂੰ ਉੱਠ ਕਿਰਤੀਆ ਅੱਗੇ ਵਧ,
ਤੇਰਾ ਬੇਲੀ ਨਾ ਕੋਈ ਸੰਗੀ ਏ।
ਹੌਸਲਾ ਹੀ ਤੈਨੂੰ ਬਚਾਏਗਾ,
ਕਿਉਂ ਹਿੰਮਤ ਸੂਲੀ ਟੰਗੀ ਏ।
ਤੈਨੂੰ ਮਾਰ ਸਮਿਆਂ ਦੀ ਪਈ ਐਸੀ,
ਹਰ ਗੱਲ ਹੋ ਰਹੀ ਬੇਢੰਗੀ ਏ।
ਲੋਕਾਂ ਦਾ ਢਿੱਡ ਪਿਆ ਭਰਦਾ ਏਂ,
ਤੈਨੂੰ ਫਿਰ ਵੀ ਤੋਟ ਤੇ ਤੰਗੀ ਏ।
ਤਰਲੇ ਮਿੰਨਤਾਂ ਬਹੁਤ ਕਰ ਲਏ,
ਤੂੰ ਇੱਕੋ ਮੰਗ ਤੇ ਮੰਗੀ ਏ।
ਗੱਲ ਇਕੱਲੇ ਰਹਿ ਕੇ ਨ੍ਹੀਂ ਬਣਨੀ,
ਇਕੱਠਿਆਂ ਦੀ ਗੱਲ ਚੰਗੀ ਏ।

## ਦਿਲ ਦੇ ਜ਼ਖ਼ਮ
ਨਿਰਮਲ ਸਿੰਘ ਰੱਤਾ

ਦਿਲ ਦੇ ਜ਼ਖ਼ਮ ਦਿਖਾਵਾਂ ਕਿੱਦਾਂ
ਸਭ ਨੂੰ ਹੱਸਣ ਲਾਵਾਂ ਕਿੱਦਾਂ।
ਮੇਰੀ ਮੇਰੀ ਕੂਕ ਰਿਹਾ ਹਾਂ
ਤੇਰਾ ਤੇਰਾ ਗਾਵਾਂ ਕਿੱਦਾਂ।
ਅੱਗਾਂ ਲਾ ਲਾ ਬਿਰਖ ਸਾੜਤੇ
ਹੁਣ ਮੈਂ ਲੱਭਾਂ ਛਾਵਾਂ ਕਿੱਦਾਂ।
ਬਾਵ੍ਹਾਂ ਤੋਂ ਬਿਨ ਜੀ ਸਕਦਾ ਹਾਂ
ਐਪਰ ਬਾਝ ਭਰਾਵਾਂ ਕਿੱਦਾਂ।
ਤਨ ਦੀ ਕੂਚਾ ਕਾਚੀ ਕਰਕੇ
ਮਨ ਦੀ ਮੈਲ ਮਿਟਾਵਾਂ ਕਿੱਦਾਂ।
ਚੇਤੇ ਆਵੇ ਬਚਪਨ ਯਾਰੋ
ਵੇਲਾ ਮੋੜ ਲਿਆਵਾਂ ਕਿੱਦਾਂ।
ਸੁਫ਼ਨੇ ਦੇ ਵਿੱਚ ਬੇਬੇ ਆਵੇ
ਬਿਰਧ ਆਸ਼ਰਮ ਜਾਵਾਂ ਕਿੱਦਾਂ।
ਧਰਮਾਂ ਉੱਤੇ ਖ਼ਤਰਾ ਸੁਣਿਆ
ਆਦਮ ਜਾਤ ਬਚਾਵਾਂ ਕਿੱਦਾਂ।
ਮੈਥੋਂ ਮੇਰਾ ਰੱਬ ਨਾ ਮੰਨੇ
ਰੁੱਸਿਆ ਯਾਰ ਮਨਾਵਾਂ ਕਿੱਦਾਂ।
ਨੇਤਾ ਵੀ ਬਣ ਸਕਦਾ ਹਾਂ ਪਰ
ਝੂਠੇ ਲਾਰੇ ਲਾਵਾਂ ਕਿੱਦਾਂ।
ਸਾਧਾਂ ਵਾਲੇ ਜਾਲ 'ਚ ਫਸ ਕੇ
ਭਵਸਾਗਰ ਤਰ ਜਾਵਾਂ ਕਿੱਦਾਂ।
ਸਭ ਕੁਝ ਭੁੱਲੀ ਬੈਠਾ ਹਾਂ ਪਰ
ਤੇਰਾ ਨਾਮ ਭੁਲਾਵਾਂ ਕਿੱਦਾਂ।

# 2036 ਉਲੰਪਿਕ ਦੀ ਮੇਜ਼ਬਾਨੀ ਲਈ ਭਾਰਤ ਤੇ ਜਰਮਨੀ ਸਣੇ 7 ਦੇਸ਼ ਦੌੜ 'ਚ ਸ਼ਾਮਲ

ਬਰਲਿਨ/ਏ.ਟੀ.ਨਿਊਜ਼: ਅੰਤਰਰਾਸ਼ਟਰੀ ਉਲੰਪਿਕ ਕਮੇਟੀ (ਆਈ.ਓ.ਸੀ.) ਨੇ ਕਿਹਾ ਕਿ ਭਾਰਤ, ਜਰਮਨੀ ਤੇ ਕਤਰ ਸਮੇਤ ਸੱਤ ਦੇਸ਼ 2036 ਦੇ ਸਮਰ ਉਲੰਪਿਕ ਦੀ ਮੇਜ਼ਬਾਨੀ ਕਰਨ ਦੀ ਦੌੜ 'ਚ ਹਨ। ਹੰਗਰੀ, ਤੁਰਕੀ, ਦੱਖਣੀ ਅਫਰੀਕਾ ਤੇ ਦੱਖਣੀ ਕੋਰੀਆ ਇਸ ਸੂਚੀ ਨੂੰ ਪੂਰਾ ਕਰਦੇ ਹਨ। ਇਹ ਸਾਰੇ ਦਿਲਚਸਪੀ ਵਾਲੇ ਦੇਸ਼ ਇਸ ਸਮੇਂ ਆਈ.ਓ.ਸੀ. ਨਾਲ ਸ਼ੁਰੂਆਤੀ ਗੱਲਬਾਤ ਕਰ ਰਹੇ ਹਨ। ਉਮੀਦਵਾਰਾਂ ਦੀ ਇੱਕ ਸ਼ਾਰਟਲਿਸਟ ਅਗਲੇ ਸਾਲ ਮਾਰਚ 'ਚ ਤਿਆਰ ਕੀਤੀ ਜਾਵੇਗੀ ਤੇ ਕੁਝ ਦੇਸ਼ ਰਣਨੀਤਕ ਗੱਲਬਾਤ ਦੇ ਪੜਾਅ 'ਤੇ ਅੱਗੇ ਵਧਣਗੇ। ਆਈ.ਓ.ਸੀ. ਦੇ ਪ੍ਰਧਾਨ ਕਿਰਸਟੀ ਕੋਵੈਂਟਰੀ ਨੇ ਕਿਹਾ ਕਿ ਜਿੱਥੇ ਵੀ ਖੇਡਾਂ ਹੁੰਦੀਆਂ ਹਨ, ਇੱਕ ਚੀਜ਼ ਕਦੇ ਨਹੀਂ ਬਦਲਣੀ ਚਾਹੀਦੀ। ਐਥਲੀਟ ਸਾਡੇ ਹਰ ਕੰਮ ਦੇ ਕੇਂਦਰ 'ਚ ਹੋਣੇ ਚਾਹੀਦੇ ਹਨ। ਇਸ ਲਈ ਖਿਡਾਰੀਆਂ ਨੂੰ ਸਭ ਤੋਂ ਵਧੀਆ ਸੰਭਵ ਅਨੁਭਵ ਦੇਣਾ ਹਰ ਭਵਿੱਖ ਦੇ ਮੇਜ਼ਬਾਨ ਲਈ ਹਮੇਸ਼ਾ ਸ਼ੁਰੂਆਤੀ ਬਿੰਦੂ ਹੋਣਾ ਚਾਹੀਦਾ ਹੈ। ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਭਾਰਤ ਪਹਿਲੀ ਵਾਰ ਉਲੰਪਿਕ ਦੀ ਮੇਜ਼ਬਾਨੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਨਾਲ ਹੀ ਕਤਰ ਨੇ ਪਹਿਲਾਂ 'ਦੋਹਾ' ਰਾਹੀਂ ਬੋਲੀ ਲਾਈ ਹੈ ਤੇ ਦੁਨੀਆ ਦੇ ਸਭ ਤੋਂ ਵੱਡੇ ਬਹੁ-ਖੇਡ ਸਮਾਗਮ ਦੀ ਮੇਜ਼ਬਾਨੀ ਕਰਨ ਵਾਲਾ ਪਹਿਲਾ ਮੁਸਲਿਮ ਬਹੁ-ਗਿਣਤੀ ਵਾਲਾ ਦੇਸ਼ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਕਤਰ ਨੇ 2022 ਫੁੱਟਬਾਲ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ। ਹੰਗਰੀ ਨੇ ਹਾਲ ਹੀ 'ਚ 2024 ਉਲੰਪਿਕ ਦੀ ਮੇਜ਼ਬਾਨੀ ਕਰਨ ਲਈ ਬੋਲੀ ਲਾਈ ਸੀ ਪਰ ਕਦੇ ਵੀ ਖੇਡਾਂ ਦੀ ਮੇਜ਼ਬਾਨੀ ਨਹੀਂ ਕੀਤੀ। ਮਿਊਨਿਖ ਜਰਮਨੀ ਤੋਂ ਉਮੀਦਵਾਰ ਹੈ, ਜਿਸ ਨੇ 1972 ਉਲੰਪਿਕ ਦੀ ਮੇਜ਼ਬਾਨੀ ਕੀਤੀ ਸੀ। ਤੁਰਕੀ ਦਾ ਇਸਤਾਂਬੁਲ ਇਸ ਤੋਂ ਪਹਿਲਾਂ ਪੰਜ ਵਾਰ ਉਲੰਪਿਕ ਦੀ ਮੇਜ਼ਬਾਨੀ ਦੀ ਦੌੜ 'ਚ ਅਸਫਲ ਰਿਹਾ ਹੈ। ਇਸ ਦੇ ਨਾਲ ਹੀ ਦੱਖਣੀ ਅਫਰੀਕਾ ਨੂੰ ਉਲੰਪਿਕ ਦੀ ਮੇਜ਼ਬਾਨੀ ਕਰਨ ਵਾਲਾ ਪਹਿਲਾ ਅਫਰੀਕੀ ਦੇਸ਼ ਬਣਨ ਦੀ ਉਮੀਦ ਹੈ। ਦੱਖਣੀ ਅਫ਼ਰੀਕਾ ਕੋਲ ਵੱਡੇ ਖੇਡ ਮੁਕਾਬਲਿਆਂ ਦੀ ਮੇਜ਼ਬਾਨੀ ਕਰਨ ਦਾ ਤਜਰਬਾ ਹੈ ਤੇ 2010 ਫੁੱਟਬਾਲ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਹੈ। ਦੱਖਣੀ ਕੋਰੀਆ ਨੇ ਸਿਓਲ 'ਚ 1988 ਦੇ ਸਮਰ ਉਲੰਪਿਕ ਤੇ ਪਯੋਂਗਚਾਂਗ 'ਚ 2018 ਵਿੰਟਰ ਉਲੰਪਿਕ ਦੀ ਮੇਜ਼ਬਾਨੀ ਕੀਤੀ।




ਮੇਜ਼ਬਾਨਾਂ ਦੇ ਨਾਵਾਂ ਦਾ ਐਲਾਨ ਰਣਨੀਤਕ ਸੰਵਾਦ ਪੜਾਅ ਦੇ ਪੂਰਾ ਹੋਣ ਤੋਂ ਬਾਅਦ 2028 'ਚ ਕੀਤਾ ਜਾਵੇਗਾ। ਅੰਤਮ ਫੈਸਲਾ 2029 ਦੇ ਅੱਧ 'ਚ ਹੋਣ ਦੀ ਉਮੀਦ ਹੈ। ਹੋਰ ਦਿਲਚਸਪੀ ਰੱਖਣ ਵਾਲੇ ਦੇਸ਼ਾਂ ਕੋਲ ਆਪਣੇ ਦਾਅਵੇ ਪੇਸ਼ ਕਰਨ ਲਈ 31 ਅਕਤੂਬਰ ਤੱਕ ਦਾ ਸਮਾਂ ਹੈ। ਹਾਲਾਂਕਿ, ਡੈੱਡਲਾਈਨ 'ਚ ਚਾਰ ਹਫ਼ਤਿਆਂ ਤੋਂ ਵੀ ਘੱਟ ਸਮੇਂ ਦੇ ਨਾਲ, ਇੱਕ ਨਵੇਂ ਉਮੀਦਵਾਰ ਦੇ ਉਭਰਨ ਦੀ ਸੰਭਾਵਨਾ ਬਹੁਤ ਪਤਲੀ ਹੈ। ਇਸ ਸਾਲ ਕੋਵੈਂਟਰੀ ਦੀ ਅਗਵਾਈ 'ਚ ਬੋਲੀ ਪ੍ਰਕਿਰਿਆ ਦੇ ਨਿਯਮਾਂ 'ਚ ਬਦਲਾਅ ਕੀਤਾ ਗਿਆ ਹੈ। ਇਸ ਨੇ ਰਣਨੀਤਕ ਵਾਰਤਾਲਾਪ ਦਾ ਇੱਕ ਪੜਾਅ ਜੋੜਿਆ ਹੈ ਤੇ ਸਾਰੀ ਪ੍ਰਕਿਰਿਆ ਦੌਰਾਨ ਆਈ.ਓ.ਸੀ. ਮੈਂਬਰਾਂ ਦੀ ਭਾਗੀਦਾਰੀ ਨੂੰ ਵਧਾਇਆ ਹੈ। ਇਹ ਵੀ ਕਾਫ਼ੀ ਸੰਭਵ ਹੈ ਕਿ ਪਿਛਲੀਆਂ ਚੋਣਾਂ ਦੇ ਉਲਟ ਇੱਕ ਤੋਂ ਵੱਧ ਦੇਸ਼ ਪਸੰਦੀਦਾ ਮੇਜ਼ਬਾਨ ਵਜੋਂ ਚੁਣੇ ਜਾ ਸਕਦੇ ਹਨ। ਪਹਿਲਾਂ, ਆਈ.ਓ.ਸੀ. ਕਾਰਜਕਾਰੀ ਬੋਰਡ ਵੱਲੋਂ ਸਿਰਫ ਇੱਕ ਬੋਲੀਕਾਰ ਨੂੰ ਅੱਗੇ ਰੱਖਿਆ ਗਿਆ ਸੀ। ਲਾਸ ਏਂਜਲਸ 2028 ਸਮਰ ਉਲੰਪਿਕ ਦੀ ਮੇਜ਼ਬਾਨੀ ਕਰੇਗਾ, ਜਦੋਂ ਕਿ ਬ੍ਰਿਸਬੇਨ, ਆਸਟ੍ਰੇਲੀਆ ਚਾਰ ਸਾਲ ਬਾਅਦ 2032 ਖੇਡਾਂ ਦੀ ਮੇਜ਼ਬਾਨੀ ਕਰੇਗਾ।

## ਸਮ੍ਰਿਤੀ ਮੰਧਾਨਾ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਨਿਯੁਕਤ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਸਮ੍ਰਿਤੀ ਮੰਧਾਨਾ ਨੂੰ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਨਵੀਂ ਕਪਤਾਨ ਨਿਯੁਕਤ ਕੀਤਾ ਹੈ। ਉਹ ਹਰਮਨਪ੍ਰੀਤ ਕੌਰ ਦੀ ਥਾਂ ਲਵੇਗੀ, ਜਿਨ੍ਹਾਂ ਨੇ ਤਿੰਨੋਂ ਫਾਰਮੈਟਾਂ ਵਿੱਚ ਭਾਰਤੀ ਟੀਮ ਦੀ ਕਪਤਾਨੀ ਛੱਡਣ ਦਾ ਐਲਾਨ ਕੀਤਾ ਸੀ। ਬੀ.ਸੀ.ਸੀ.ਆਈ. ਨੇ ਕਿਹਾ ਕਿ ਮੰਧਾਨਾ ਹੁਣ ਭਾਰਤੀ ਮਹਿਲਾ ਟੀਮ ਦੀ ਵਨਡੇਅ ਅਤੇ ਟੀ-20 ਵਿੱਚ ਕਪਤਾਨ ਹੋਵੇਗੀ।

ਸਮ੍ਰਿਤੀ ਮੰਧਾਨਾ 2013 ਤੋਂ ਭਾਰਤੀ ਟੀਮ ਦਾ ਹਿੱਸਾ ਹੈ। ਉਸ ਕੋਲ ਕੌਮਾਂਤਰੀ ਕ੍ਰਿਕਟ ਦੇ ਨਾਲ-ਨਾਲ ਘਰੇਲੂ ਅਤੇ ਫਰੈਂਚਾਈਜ਼ੀ ਕ੍ਰਿਕਟ ਵਿੱਚ ਕਪਤਾਨੀ ਦਾ ਤਜਰਬਾ ਵੀ ਹੈ। ਬੀ.ਸੀ.ਸੀ.ਆਈ. ਮੁਤਾਬਕ ਉਹ ਪਹਿਲਾਂ ਹੀ ਭਾਰਤ ਲਈ 18 ਟੀ-20 ਕੌਮਾਂਤਰੀ ਅਤੇ ਚਾਰ ਵਨਡੇਅ ਮੈਚਾਂ ਵਿੱਚ ਕਪਤਾਨੀ ਕਰ ਚੁੱਕੀ ਹੈ।




ਮੰਧਾਨਾ ਨੇ ਮਹਿਲਾ ਪ੍ਰੀਮੀਅਰ ਲੀਗ ਵਿੱਚ ਰੌਇਲ ਚੈਲੰਜਰਜ਼ ਬੰਗਲੁਰੂ ਦੀ ਕਪਤਾਨੀ ਕਰਦਿਆਂ 2024 ਅਤੇ 2026 ਵਿੱਚ ਟੀਮ ਨੂੰ ਖ਼ਿਤਾਬ ਦਿਵਾਏ ਹਨ।

ਇਸ ਤੋਂ ਪਹਿਲਾਂ 37 ਸਾਲਾ ਹਰਮਨਪ੍ਰੀਤ ਕੌਰ ਨੇ ਭਾਰਤੀ ਮਹਿਲਾ ਟੀਮ ਦੀ ਤਿੰਨੋਂ ਫਾਰਮੈਟਾਂ ਵਿੱਚ ਕਪਤਾਨੀ ਛੱਡਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਆਸਾਨ ਨਹੀਂ ਸੀ, ਪਰ ਹੁਣ ਉਹ ਖਿਡਾਰੀ ਵਜੋਂ ਭਾਰਤ ਲਈ ਖੇਡਣਾ ਜਾਰੀ ਰੱਖਣਗੇ।

ਹਰਮਨਪ੍ਰੀਤ ਦੀ ਕਪਤਾਨੀ ਵਿੱਚ ਭਾਰਤ ਨੇ 2025 ਵਿੱਚ ਪਹਿਲੀ ਵਾਰ ਮਹਿਲਾ ਵਨਡੇਅ ਵਿਸ਼ਵ ਕੱਪ ਜਿੱਤਿਆ ਸੀ। ਉਨ੍ਹਾਂ ਦੀ ਅਗਵਾਈ ਵਿੱਚ ਭਾਰਤੀ ਟੀਮ ਨੇ 2026 ਏਸ਼ਿਆਈ ਖੇਡਾਂ ਵਿੱਚ ਵੀ ਸੋਨ ਤਗ਼ਮਾ ਜਿੱਤਿਆ। ਉਹ 2016 ਤੋਂ ਟੀ-20 ਅਤੇ 2022 ਤੋਂ ਵਨਡੇਅ ਤੇ ਟੈਸਟ ਟੀਮ ਦੀ ਕਪਤਾਨ ਰਹੀ ਮੰਧਾਨਾ ਨੇ ਆਪਣੀ ਨਿਯੁਕਤੀ 'ਤੇ ਕਿਹਾ ਕਿ ਭਾਰਤ ਦੀ ਅਗਵਾਈ ਕਰਨਾ ਉਨ੍ਹਾਂ ਲਈ ਬਹੁਤ ਵੱਡਾ ਸਨਮਾਨ ਹੈ। ਉਨ੍ਹਾਂ ਹਰਮਨਪ੍ਰੀਤ ਦੀ ਕਪਤਾਨ ਵਜੋਂ ਭਾਰਤੀ ਕ੍ਰਿਕਟ ਲਈ ਦਿੱਤੇ ਯੋਗਦਾਨ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਟੀਮ ਨੂੰ ਅੱਗੇ ਲਿਜਾਣ ਲਈ ਆਪਣਾ ਪੂਰਾ ਯੋਗਦਾਨ ਦੇਣਗੇ।

## ਮਹਿਲਾ ਹਾਕੀ ਇੰਡੀਆ ਲੀਗ ਨੂੰ ਬੰਦ ਹੋਣ ਤੋਂ ਬਚਾਉਣ ਲਈ ਕੀਤੇ ਯਤਨਾਂ ਨੂੰ ਪਿਆ ਬੂਰ

### ਖੇਡ ਮੰਤਰਾਲੇ ਨੇ ਮਹਿਲਾ ਹਾਕੀ ਇੰਡੀਆ ਲੀਗ ਦੀ ਸੁਰਜੀਤੀ ਲਈ ਬਣਾਈ ਸੱਤ ਮੈਂਬਰੀ ਕਮੇਟੀ

ਨਵੀਂ ਦਿੱਲੀ/ਏ.ਟੀ.ਨਿਊਜ਼: ਖੇਡ ਮੰਤਰਾਲੇ ਨੇ ਸੰਕਟ ਵਿੱਚ ਘਿਰੀ ਹਾਕੀ ਇੰਡੀਆ ਲੀਗ ਦੀ ਸੁਰਜੀਤੀ 'ਤੇ ਕੰਮ ਕਰਨ ਲਈ ਰਸਮੀ ਤੌਰ 'ਤੇ ਹਾਕੀ ਇੰਡੀਆ, ਐੱਚ ਆਈ ਐੱਲ ਫਰੈਂਚਾਇਜ਼ੀਜ਼ ਅਤੇ ਮੰਤਰਾਲੇ ਦੇ ਪ੍ਰਤੀਨਿਧਾਂ ਨੂੰ ਸ਼ਾਮਲ ਕਰ ਕੇ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਹ ਕਦਮ ਖੇਡ ਮੰਤਰੀ ਮਨਸੁਖ ਮਾਂਡਵੀਆ ਵੱਲੋਂ ਪਿਛਲੇ ਦਿਨੀਂ ਹਾਕੀ ਇੰਡੀਆ ਦੇ ਅਧਿਕਾਰੀਆਂ ਅਤੇ ਐੱਚ ਆਈ ਐੱਲ ਫਰੈਂਚਾਇਜ਼ੀਜ਼ ਦੇ ਪ੍ਰਤੀਨਿਧਾਂ ਨਾਲ ਕੀਤੀ ਗਈ ਲੰਬੀ ਮੀਟਿੰਗ ਤੋਂ ਬਾਅਦ ਚੁੱਕਿਆ ਗਿਆ ਹੈ। ਇਸ ਮੀਟਿੰਗ ਵਿੱਚ ਉਨ੍ਹਾਂ ਨੂੰ ਮੁਕਾਬਲੇ ਨਾਲ ਜੁੜੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ ਗਿਆ ਸੀ।



ਮੰਤਰਾਲੇ ਦੇ ਇੱਕ ਸੂਤਰ ਨੇ ਦੱਸਿਆ, "ਇਸ ਕਮੇਟੀ ਵਿੱਚ ਖੇਡ ਮੰਤਰਾਲੇ ਦੇ ਸੰਯੁਕਤ ਸਕੱਤਰ (ਖੇਲੋ ਇੰਡੀਆ) ਵਿਨੀਲ ਕ੍ਰਿਸ਼ਨਾ, ਹਾਕੀ ਇੰਡੀਆ ਦੇ ਪ੍ਰਧਾਨ ਦਲੀਪ ਟਿਰਕੀ, ਸਕੱਤਰ ਜਨਰਲ ਭੋਲਾ ਨਾਥ ਸਿੰਘ ਅਤੇ ਖ਼ਜ਼ਾਨਚੀ ਸੇਕਰ ਜੇ ਮਨੋਹਰਨ ਸ਼ਾਮਲ ਹਨ।" ਉਨ੍ਹਾਂ ਹੋਰ ਕਿਹਾ, "ਪੈਨਲ ਵਿੱਚ ਤਿੰਨ ਫਰੈਂਚਾਇਜ਼ੀਜ਼ ਪ੍ਰਤੀਨਿਧੀ ਆਲੋਕ ਸੰਘੀ, ਮਹੇਸ਼ ਭੂਪਤੀ ਅਤੇ ਦਿਵਿਆਂਸ਼ੂ ਸਿੰਘ ਹਨ।" ਪਿਛਲੇ ਮਹੀਨੇ ਦੀ ਮੀਟਿੰਗ ਤੋਂ ਬਾਅਦ, ਹਾਕੀ ਇੰਡੀਆ ਅਤੇ ਫਰੈਂਚਾਇਜ਼ੀਜ਼ ਦੇ ਪ੍ਰਤੀਨਿਧਾਂ ਅਤੇ ਖੇਡ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਨੂੰ ਸ਼ਾਮਲ ਕਰ ਕੇ ਪੈਨਲ ਬਣਾਉਣ ਦੀ ਤਜਵੀਜ਼ ਵੀ ਰੱਖੀ ਗਈ ਸੀ। ਮੰਤਰੀ ਨੇ ਭਾਈਵਾਲਾਂ ਨੂੰ ਪਹਿਲ ਦੇ ਆਧਾਰ 'ਤੇ ਲੀਗ ਦੇ ਸ਼ਾਸਨ ਮਾਡਲ, ਵਿੱਤੀ ਮਾਡਲ ਅਤੇ

**(ਬਾਕੀ ਸਫ਼ਾ 27 'ਤੇ)**

# ਖੇਡਾਂ ਨੂੰ ਲੱਗਿਆ ਡੋਪਿੰਗ ਦਾ ਡੰਗ



ਨਵੀਂ ਦਿੱਲੀ/ਏ.ਟੀ.ਨਿਊਜ਼ : ਖੇਡਾਂ ਦੁਨੀਆ ਭਰ ਵਿਚ ਬਹੁਤ ਮਾਣ-ਸਨਮਾਨ ਵਾਲਾ ਖੇਤਰ ਮੰਨੀਆਂ ਜਾਂਦੀਆਂ ਹਨ। ਜਿੱਥੇ ਖਿਡਾਰੀ ਜਿੱਤਣ ਲਈ ਜੀ-ਤੋੜ ਮਿਹਨਤ ਕਰਦੇ ਹਨ, ਉੱਥੇ ਹੀ ਲੱਖਾਂ ਲੋਕ ਉਨ੍ਹਾਂ ਨੂੰ ਰੱਬ ਵਾਂਗ ਪੂਜਦੇ ਹਨ। ਪਰ ਅੱਜਕੱਲ੍ਹ ਕਈ ਖਿਡਾਰੀ ਜਿੱਤਣ ਦੀ ਹਵਸ ਵਿਚ ਗ਼ਲਤ ਰਾਹ ਪੈ ਰਹੇ ਹਨ। ਦੇਸ਼ ਤੇ ਵਿਸ਼ਵ ਪੱਧਰ 'ਤੇ ਜਿੱਤ ਹਾਸਲ ਕਰਨ ਲਈ ਮਿਹਨਤ ਦੀ ਥਾਂ ਗ਼ਲਤ ਤਰੀਕਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਇਸੇ ਲਾਲਚ ਵਿਚੋਂ ਡੋਪਿੰਗ ਪੈਦਾ ਹੁੰਦੀ ਹੈ। ਇਹ ਅਜਿਹੀਆਂ ਦਵਾਈਆਂ ਹੁੰਦੀਆਂ ਹਨ ਜੋ ਸਰੀਰ ਦੀ ਕੁਦਰਤੀ ਤਾਕਤ ਨੂੰ ਬਣਾਉਟੀ ਤਰੀਕੇ ਨਾਲ ਕਈ ਗੁਣਾ ਵਧਾ ਦਿੰਦੀਆਂ ਹਨ। ਹਾਲਾਂਕਿ ਖੇਡਾਂ ਵਿਚ ਇਹ ਗ਼ੈਰ-ਕਾਨੂੰਨੀ ਹਨ, ਫਿਰ ਵੀ ਕਈ ਖਿਡਾਰੀ ਇਨ੍ਹਾਂ ਦੀ ਵਰਤੋਂ ਕਰਦੇ ਹਨ।

**ਖ਼ੂਨ 'ਚ ਪਾਣੀ ਦਾ ਪੱਧਰ ਵਧਾਉਣ ਵਾਲੀਆਂ ਦਵਾਈਆਂ**

ਜਦੋਂ ਸਰੀਰ ਲਗਾਤਾਰ ਮਿਹਨਤ ਕਰਦਾ ਹੈ ਤਾਂ ਥਕਾਵਟ ਹੋਣਾ ਸੁਭਾਵਿਕ ਹੈ। ਇਸ ਥਕਾਵਟ ਦਾ ਵੱਡਾ ਕਾਰਨ ਖ਼ੂਨ ਵਿਚ ਤਰਲ ਪਦਾਰਥ (ਪਲਾਜ਼ਮਾ) ਦਾ ਘੱਟ ਜਾਣਾ ਹੁੰਦਾ ਹੈ। ਆਮ ਆਦਮੀ ਤਾਂ ਆਰਾਮ ਕਰਕੇ ਜਾਂ ਕੁਝ ਖਾ-ਪੀ ਕੇ ਇਹ ਕਮੀ ਪੂਰੀ ਕਰ ਲੈਂਦਾ ਹੈ, ਪਰ ਖਿਡਾਰੀਆਂ ਕੋਲ ਮੈਦਾਨ 'ਚ ਆਰਾਮ ਕਰਨ ਦਾ ਸਮਾਂ ਨਹੀਂ ਹੁੰਦਾ। ਇਸ ਲਈ ਉਹ ਖ਼ੂਨ ਵਿਚ ਤਰਲ ਵਧਾਉਣ ਵਾਲੀਆਂ ਖ਼ਾਸ ਦਵਾਈਆਂ ਦੀ ਵਰਤੋਂ ਕਰਦੇ ਹਨ। ਇਹ ਦਵਾਈਆਂ ਅਸਲ ਵਿਚ ਹਸਪਤਾਲਾਂ ਵਿਚ ਮਰੀਜ਼ਾਂ ਦੇ ਅਪਰੇਸ਼ਨ ਜਾਂ ਸੱਟ ਲੱਗਣ ਵੇਲੇ ਖ਼ੂਨ ਦੀ ਕਮੀ ਪੂਰੀ ਕਰਨ ਲਈ ਬਣਾਈਆਂ ਗਈਆਂ ਹਨ, ਪਰ ਖਿਡਾਰੀ ਇਨ੍ਹਾਂ ਨੂੰ ਬਣਾਉਟੀ ਊਰਜਾ ਲਈ ਵਰਤਦੇ ਹਨ।

ਇਨ੍ਹਾਂ ਰਸਾਇਣਕ ਦਵਾਈਆਂ ਨਾਲ ਖਿਡਾਰੀ ਦਾ ਦਮ (ਸਟੈਮਿਨਾ) ਤਾਂ ਕੁਝ ਸਮੇਂ ਲਈ ਵਧ ਜਾਂਦਾ ਹੈ, ਪਰ ਇਸਦੇ ਮਾੜੇ ਅਸਰ ਬਹੁਤ ਗੰਭੀਰ ਹੁੰਦੇ ਹਨ। ਇਸ ਨਾਲ ਅਜਿਹੀ ਖ਼ਤਰਨਾਕ ਐਲਰਜੀ ਹੋ ਸਕਦੀ ਹੈ ਜਿਵੇਂ ਸਰੀਰ ਵਿਚ ਕੋਈ ਜ਼ਹਿਰੀਲਾ ਡੰਗ ਲੱਗ ਗਿਆ ਹੋਵੇ, ਜਿਸ ਨਾਲ ਜਾਨ ਵੀ ਜਾ ਸਕਦੀ ਹੈ। ਬਾਹਰੋਂ ਤੰਦਰੁਸਤ ਦਿਸਣ ਵਾਲੇ ਖਿਡਾਰੀ ਦੀ ਜਾਂਚ ਸਿਰਫ਼ ਦੇਖ ਕੇ ਨਹੀਂ ਹੋ ਸਕਦੀ, ਇਸ ਲਈ ਖ਼ਾਸ ਲੈਬ ਟੈਸਟਾਂ ਰਾਹੀਂ ਪਿਸ਼ਾਬ ਦੀ ਜਾਂਚ ਕੀਤੀ ਜਾਂਦੀ ਹੈ।

ਸਰੀਰ ਨੂੰ ਜ਼ਿਆਦਾ ਤਾਕਤ ਲਈ ਜ਼ਿਆਦਾ ਆਕਸੀਜਨ ਦੀ ਲੋੜ ਹੁੰਦੀ ਹੈ। ਵੱਧ ਜ਼ੋਰ ਵਾਲੀਆਂ ਖੇਡਾਂ ਵਿਚ ਖਿਡਾਰੀ ਜ਼ਿਆਦਾ ਦੇਰ ਟਿਕੇ ਰਹਿਣ ਲਈ ਖ਼ੂਨ ਵਿਚ ਬਣਾਉਟੀ ਆਕਸੀਜਨ ਪਹੁੰਚਾਉਣ ਵਾਲੇ ਰਸਾਇਣਾਂ ਦਾ ਸਹਾਰਾ ਲੈਂਦੇ ਹਨ। ਹਾਲਾਂਕਿ ਇਹ ਰਸਾਇਣ ਖ਼ੂਨ ਦੀ ਘਾਟ ਵਾਲੇ ਮਰੀਜ਼ਾਂ ਦੀ ਜਾਨ ਬਚਾਉਣ ਲਈ ਵਰਦਾਨ ਹਨ, ਪਰ ਖੇਡਾਂ ਵਿੱਚ ਇਨ੍ਹਾਂ ਦੀ ਗ਼ਲਤ ਵਰਤੋਂ ਖ਼ੂਨ ਵਿੱਚ ਇਨਫੈਕਸ਼ਨ ਫੈਲਾ ਸਕਦੀ ਹੈ। ਖ਼ੂਨ ਦੇ ਕੁਦਰਤੀ ਲਾਲ ਕਣਾਂ (ਹੀਮੋਗਲੋਬਿਨ) ਨਾਲ ਛੇੜਛਾੜ ਕਰਕੇ ਆਕਸੀਜਨ ਵਧਾਈ ਜਾਂਦੀ ਹੈ। ਇਸ ਨਾਲ ਖ਼ੂਨ ਦੇ ਵਹਿਣ ਦਾ ਕੁਦਰਤੀ ਤਰੀਕਾ ਬਦਲ ਜਾਂਦਾ ਹੈ। ਨਤੀਜੇ ਵਜੋਂ ਸਰੀਰ ਵਿੱਚ ਆਕਸੀਜਨ ਵਧਣ ਦੀ ਥਾਂ ਅਚਾਨਕ ਇਸਦਾ ਵਹਾਅ ਬੰਦ ਹੋਣ ਦਾ ਖ਼ਤਰਾ ਵੀ ਬਣ ਜਾਂਦਾ ਹੈ। ਕਿਉਂਕਿ ਇਹ ਬਣਾਉਟੀ ਤੱਤ ਵੱਖਰੇ ਰੰਗ ਤੇ ਬਣਾਵਟ ਦੇ ਹੁੰਦੇ ਹਨ, ਇਸ ਲਈ ਲੈਬਾਰਟਰੀ ਜਾਂਚ ਰਾਹੀਂ ਡੋਪ ਟੈਸਟ ਵਿੱਚ ਇਹ ਆਸਾਨੀ ਨਾਲ ਫੜੇ ਜਾਂਦੇ ਹਨ।

**ਦਵਾਈਆਂ ਦੇ ਨੁਕਸਾਨ**

-ਇਹ ਦਵਾਈਆਂ ਖਿਡਾਰੀ ਦੇ ਸਰੀਰ ਨੂੰ ਅੰਦਰੋਂ ਖੋਖਲਾ ਕਰ ਦਿੰਦੀਆਂ ਹਨ। ਵਾਰ-ਵਾਰ ਬੁਖ਼ਾਰ ਚੜ੍ਹਨ ਦੀ ਸ਼ਿਕਾਇਤ ਹੁੰਦੀ ਹੈ।

-ਖ਼ੂਨ ਦੀਆਂ ਨਾੜਾਂ ਸੁੰਗੜਨ ਨਾਲ ਬਲੱਡ ਪ੍ਰੈਸ਼ਰ ਬਹੁਤ ਵਧ ਜਾਂਦਾ ਹੈ, ਜਿਸ ਨਾਲ ਗੁਰਦੇ ਫ਼ੇਲ੍ਹ ਹੋ ਸਕਦੇ ਹਨ।

-ਸਰੀਰ 'ਚ ਲੋਹੇ (ਆਇਰਨ) ਦੀ ਮਾਤਰਾ ਲੋੜ ਤੋਂ ਵੱਧ ਹੋਣ ਕਾਰਨ ਭਾਰ ਘਟਣ ਲੱਗਦਾ ਹੈ, ਲੀਵਰ 'ਤੇ ਸੋਜ਼ਿਸ਼ ਆ ਜਾਂਦੀ ਹੈ, ਤੇ ਦਿਲ ਕੰਮ ਕਰਨਾ ਬੰਦ ਕਰ ਸਕਦਾ ਹੈ।]

-ਬੇਵਜ੍ਹਾ ਗੁੱਸਾ, ਚਿੜਚਿੜਾਪਣ, ਨੀਂਦ ਨਾ ਆਉਣਾ, ਤਣਾਅ ਤੇ ਡਿਪ੍ਰੈਸ਼ਨ ਵਰਗੀਆਂ ਮਨੋਵਿਗਿਆਨਕ ਬਿਮਾਰੀਆਂ ਘੇਰ ਲੈਂਦੀਆਂ ਹਨ।

-ਮਰਦਾਨਾ ਕਮਜ਼ੋਰੀ, ਔਰਤਾਂ 'ਚ ਬਾਂਝਪਨ ਵਰਗੀਆਂ ਸਥਾਈ ਸਮੱਸਿਆਵਾਂ। ਕਈ ਮਾਮਲਿਆਂ ਵਿਚ ਮੈਦਾਨ ਦੇ ਅੰਦਰ ਹੀ ਖਿਡਾਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਜਾਂਦੀ ਹੈ।

**ਖਿਡਾਰੀ ਦਾ ਪੂਰਾ ਕੈਰੀਅਰ ਹੋ ਜਾਂਦਾ ਹੈ ਤਬਾਹ**

ਡੋਪਿੰਗ ਦਾ ਨੁਕਸਾਨ ਸਿਰਫ਼ ਸਰੀਰਕ ਤੇ ਮਾਨਸਿਕ ਸਿਹਤ ਤੱਕ ਹੀ ਸੀਮਤ ਨਹੀਂ ਰਹਿੰਦਾ, ਸਗੋਂ ਇਹ ਖਿਡਾਰੀ ਦੇ ਪੂਰੇ ਕੈਰੀਅਰ ਅਤੇ ਸਮਾਜਿਕ ਰੁਤਬੇ ਨੂੰ ਵੀ ਤਬਾਹ ਕਰ ਦਿੰਦਾ ਹੈ। ਜਦੋਂ ਕੋਈ ਖਿਡਾਰੀ ਡੋਪ ਟੈਸਟ ਵਿੱਚ ਫੜਿਆ ਜਾਂਦਾ ਹੈ ਤਾਂ ਉਸ 'ਤੇ ਕਈ ਸਾਲਾਂ ਜਾਂ ਉਮਰ ਭਰ ਲਈ ਪਾਬੰਦੀ ਲੱਗ ਜਾਂਦੀ ਹੈ। ਉਸ ਵੱਲੋਂ ਜਿੱਤੇ ਗਏ ਮੈਡਲ, ਨਕਦ ਇਨਾਮ ਤੇ ਰਿਕਾਰਡ ਖੋਹ ਲਏ ਜਾਂਦੇ ਹਨ। ਜਿਸ ਖਿਡਾਰੀ ਨੂੰ ਲੋਕ ਆਦਰਸ਼ ਮੰਨਦੇ ਸਨ, ਉਹ ਰਾਤੋ-ਰਾਤ ਸਮਾਜ ਵਿੱਚ ਧੋਖੇਬਾਜ਼ ਵਜੋਂ ਦੇਖਿਆ ਜਾਣ ਲੱਗਦਾ ਹੈ। ਸਾਲਾਂ ਦੀ ਕੀਤੀ ਕਮਾਈ ਤੇ ਇੱਜ਼ਤ ਮਿੰਟਾਂ ਵਿੱਚ ਮਿੱਟੀ ਹੋ ਜਾਂਦੀ ਹੈ। ਜਿੱਤ ਦਾ ਸੁਆਦ ਚਾਹੇ ਕਿੰਨਾ ਵੀ ਮਿੱਠਾ ਕਿਉਂ ਨਾ ਹੋਵੇ, ਪਰ ਬਣਾਉਟੀ ਤਰੀਕਿਆਂ ਨਾਲ ਹਾਸਲ ਕੀਤੀ ਜਿੱਤ ਖਿਡਾਰੀ ਦੀ ਜ਼ਿੰਦਗੀ, ਸਿਹਤ ਤੇ ਭਵਿੱਖ ਦਾ ਸੌਦਾ ਹੁੰਦੀ ਹੈ। ਖੇਡਾਂ ਦੀ ਅਸਲ ਖ਼ੂਬਸੂਰਤੀ ਸੱਚੀ ਮਿਹਨਤ, ਸਮਰਪਣ ਤੇ ਨਿਯਮਾਂ ਦੀ ਪਾਲਣਾ ਵਿੱਚ ਹੀ ਹੈ।

# ਨਾਨਾ ਪਾਟੇਕਰ

## ਸੰਘਰਸ਼ ਤੋਂ ਸ਼ੋਹਰਤ ਤੱਕ ਦਾ ਬੇਹੱਦ ਸ਼ਾਨਦਾਰ ਸਫ਼ਰ






ਅਦਾਕਾਰ ਵਿਸ਼ਵਨਾਥ ਪਾਟੇਕਰ, ਜਿਨ੍ਹਾਂ ਨੂੰ ਨਾਨਾ ਪਾਟੇਕਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦਾ 75 ਸਾਲ ਦੀ ਉਮਰ ਵਿੱਚ ਅਚਾਨਕ ਦੇਹਾਂਤ ਹੋ ਗਿਆ ਹੈ। ਬੀਤੀ 8 ਅਕਤੂਬਰ ਦੀ ਤੜਕੇ ਸਵੇਰੇ ਕਾਰਡਿਐਕ ਅਰੇਸਟ ਕਾਰਨ ਨਾਨਾ ਨੇ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਸਿਨੇਮਾ ਜਗਤ ਦੇ ਮਹਾਨ ਅਦਾਕਾਰ ਅਤੇ ਦਿਲ ਦੇ ਚੰਗੇ ਇਨਸਾਨ ਵਜੋਂ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਪਰ ਨਾਨਾ ਪਾਟੇਕਰ ਦੀ ਕਹਾਣੀ ਸਿਰਫ਼ ਇੱਕ ਸੁਪਰਸਟਾਰ ਤੱਕ ਸੀਮਤ ਨਹੀਂ ਸੀ। ਸਿਲਵਰ ਸਕ੍ਰੀਨ ’ਤੇ ਰਾਜ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਬਹੁਤ ਛੋਟੀ ਉਮਰ ਵਿੱਚ ਜ਼ਿੰਦਗੀ ਦੀਆਂ ਹਕੀਕਤਾਂ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੱਤਾ ਸੀ।

### ਸੰਘਰਸ਼ ਭਰਿਆ ਰਿਹਾ ਬਚਪਨ

1 ਜਨਵਰੀ 1951 ਨੂੰ ਮਹਾਰਾਸ਼ਟਰ ਦੇ ਰਾਇਗੜ੍ਹ ਜ਼ਿਲ੍ਹੇ ਦੇ ਮੁਰੁਡ-ਜੰਜੀਰਾ ਵਿੱਚ ਇੱਕ ਮੱਧਵਰਗੀ ਮਰਾਠੀ ਪਰਿਵਾਰ ਵਿੱਚ ਨਾਨਾ ਪਾਟੇਕਰ ਦਾ ਜਨਮ ਹੋਇਆ ਸੀ। ਉਨ੍ਹਾਂ ਦਾ ਬਚਪਨ ਕਾਫ਼ੀ ਸੰਘਰਸ਼ ਵਿੱਚ ਬੀਤਿਆ। ਸਾਲ 2024 ਵਿੱਚ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਨਾਨਾ ਸਾਹਿਬ ਨੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਸੀ, ਜਦੋਂ ਉਨ੍ਹਾਂ ਨੇ ਸਿਰਫ਼ 13 ਸਾਲ ਦੀ ਉਮਰ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਸੀ।

ਨਾਨਾ ਨੇ ਦੱਸਿਆ ਸੀ, ‘ਸੰਘਰਸ਼ ਨਾਲ ਮੇਰਾ ਨਾਤਾ ਬਚਪਨ ਵਿੱਚ ਹੀ ਜੁੜ ਗਿਆ ਸੀ। ਮੇਰੇ ਘਰ ਦੀ ਆਰਥਿਕ ਹਾਲਤ ਉਸ ਸਮੇਂ ਬਹੁਤ ਚੰਗੀ ਨਹੀਂ ਸੀ ਅਤੇ ਮੈਥੋਂ ਆਪਣੀ ਮਾਂ ਦਾ ਦੁੱਖ ਦੇਖਿਆ ਨਹੀਂ ਜਾਂਦਾ ਸੀ। ਇਸ ਲਈ ਮੈਂ ਫੈਸਲਾ ਕਰ ਲਿਆ ਸੀ ਕਿ ਹੁਣ ਮੈਨੂੰ ਆਪਣੀ ਮਾਂ ਅਤੇ ਪਰਿਵਾਰ ਦਾ ਸਾਥ ਦੇਣਾ ਹੈ। 13 ਸਾਲ ਦੀ ਉਮਰ ਵਿੱਚ ਮੈਂ ਪਹਿਲੀ ਨੌਕਰੀ ਕੀਤੀ ਸੀ। ਇਸ ਕੰਮ ਲਈ ਮੈਨੂੰ ਘਰ ਤੋਂ 8 ਕਿਲੋਮੀਟਰ ਦੂਰ ਜਾਣਾ ਅਤੇ ਵਾਪਸ ਆਉਣਾ ਪੈਂਦਾ ਸੀ। ਇਸ ਤਰ੍ਹਾਂ ਮੈਂ ਹਰ ਰੋਜ਼ 16 ਕਿਲੋਮੀਟਰ ਪੈਦਲ ਚੱਲਦਾ ਸੀ। ਇਸ ਦੇ ਬਦਲੇ ਮੈਨੂੰ ਸਿਰਫ਼ 35 ਰੁਪਏ ਮਿਲਦੇ ਸਨ। ਮੇਰੇ ਕੰਮ ਬਾਰੇ ਜਾਣ ਕੇ ਤੁਹਾਨੂੰ ਹੈਰਾਨੀ ਹੋਵੇਗੀ। ਮੈਂ ਫ਼ਿਲਮਾਂ ਦੇ ਪੋਸਟਰ ਪੇਂਟ ਕਰਦਾ ਸੀ।’

ਇਸ ਤਰ੍ਹਾਂ ਨਾਨਾ ਪਾਟੇਕਰ ਨੇ ਆਪਣੇ ਬਚਪਨ ਦੇ ਸੰਘਰਸ਼ ਬਾਰੇ ਖੁੱਲ੍ਹ ਕੇ ਗੱਲ ਕੀਤੀ ਸੀ। ਅੱਜ ਉਹ ਸਾਡੇ ਵਿਚਕਾਰ ਨਹੀਂ ਹਨ, ਪਰ ਉਨ੍ਹਾਂ ਦੀ ਸਾਦਗੀ ਦੇ ਚਰਚੇ ਸਿਨੇਮਾ ਜਗਤ ਵਿੱਚ ਹਮੇਸ਼ਾ ਯਾਦ ਕੀਤੇ ਜਾਂਦੇ ਰਹਿਣਗੇ।

### 80 ਕਰੋੜ ਰੁਪਏ ਤੋਂ ਵੱਧ ਦੀ ਨੈੱਟਵਰਥ

ਭਾਵੇਂ ਨਾਨਾ ਪਾਟੇਕਰ ਦੇ ਸ਼ੁਰੂਆਤੀ ਦਿਨ ਬਹੁਤ ਚੰਗੇ ਨਹੀਂ ਰਹੇ, ਪਰ ਕਈ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਆਪਣੇ ਪਿੱਛੇ ਕਰੀਬ 80 ਕਰੋੜ ਰੁਪਏ ਤੋਂ ਵੱਧ ਦੀ ਨੈੱਟਵਰਥ ਛੱਡ ਗਏ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਨਾਨਾ ਨੇ ਸੰਘਰਸ਼ ਤੋਂ ਸ਼ੋਹਰਤ ਤੱਕ ਦਾ ਸਫ਼ਰ ਬੇਹੱਦ ਸ਼ਾਨਦਾਰ ਢੰਗ ਨਾਲ ਤੈਅ ਕੀਤਾ।

### ਸੋਨੇ ਨਾਲ ਸੀ ਖ਼ਾਸ ਲਗਾਅ

ਇੰਟਰਵਿਊ ਵਿੱਚ ਨਾਨਾ ਪਾਟੇਕਰ ਨੇ ਇਹ ਵੀ ਦੱਸਿਆ ਸੀ ਕਿ ਉਨ੍ਹਾਂ ਦੀ ਮਾਂ ਨੂੰ ਸੋਨਾ ਬਹੁਤ ਪਸੰਦ ਸੀ। ਇਸੇ ਕਾਰਨ ਉਨ੍ਹਾਂ ਦਾ ਵੀ ਸੋਨੇ ਨਾਲ ਲਗਾਅ ਹੋ ਗਿਆ ਸੀ। ਉਹ ਆਪਣੀ ਹਰ ਫ਼ਿਲਮ ਦੀ ਕਮਾਈ ਵਿੱਚੋਂ ਆਪਣੀ ਮਾਂ ਲਈ ਸੋਨਾ ਖਰੀਦ ਕੇ ਲੈ ਕੇ ਜਾਂਦੇ ਸਨ।

### ਸਿਆਸਤ ਦੇ ਪ੍ਰਸਤਾਵ ਆਏ, ਪਰ ਨਹੀਂ ਬਦਲਿਆ ਫ਼ੈਸਲਾ

ਸਾਲ 2015 ਵਿਚ ਫਿਲਮ ‘ਅਬ ਤਕ ਛੱਪਨ 2’ ਦੇ ਪ੍ਰਚਾਰ ਦੇ ਸਿਲਸਿਲੇ ਵਿਚ ਦਿੱਲੀ ਆਏ ਨਾਨਾ ਪਾਟੇਕਰ ਨੇ ਗੱਲਬਾਤ ਦੌਰਾਨ ਦੱਸਿਆ ਸੀ ਕਿ ਕਈ ਸਿਆਸੀ ਪਾਰਟੀਆਂ ਨੇ ਉਨ੍ਹਾਂ ਨੂੰ ਸਿਆਸਤ ਵਿਚ ਆਉਣ ਦਾ ਪ੍ਰਸਤਾਵ ਦਿੱਤਾ ਸੀ। ਉਹ ਚਾਹੁੰਦੇ ਤਾਂ ਕਿਸੇ ਪਾਰਟੀ ਦਾ ਚਿਹਰਾ ਬਣ ਸਕਦੇ ਸਨ। ਲੋਕਪ੍ਰਿਯਤਾ ਉਨ੍ਹਾਂ ਦੇ ਕੋਲ ਸੀ, ਪਛਾਣ ਸੀ ਅਤੇ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦੀ ਸਮਰੱਥਾ ਵੀ ਪਰ ਉਨ੍ਹਾਂ ਨੇ ਸਿਆਸਤ ਦੀ ਰਾਹ ਨਹੀਂ ਚੁਣੀ। ਇਸ ਦਾ ਕਾਰਨ ਦੱਸਦੇ ਹੋਏ ਉਨ੍ਹਾਂ ਕਿਹਾ ਸੀ ਕਿ ਉਹ ਗਲਤ ਨੂੰ ਗਲਤ ਕਹਿਣ ਤੋਂ ਖ਼ੁਦ ਨੂੰ ਰੋਕ ਨਹੀਂ ਸਕਦੇ। ਜੇ ਉਨ੍ਹਾਂ ਦੀ ਆਪਣੀ ਪਾਰਟੀ ਦਾ ਕੋਈ ਵਿਅਕਤੀ ਗਲਤ ਕੰਮ ਕਰਦਾ ਤਾਂ ਉਹ ਉਸ ਦਾ ਬਚਾਅ ਕਰਨ ਦੀ ਬਜਾਏ ਉਸ ਦੇ ਖ਼ਿਲਾਫ਼ ਬੋਲਦੇ। ਪਾਰਟੀ ਉਨ੍ਹਾਂ ਤੋਂ ਆਪਣੇ ਵਿਅਕਤੀ ਦੇ ਪੱਖ ਵਿਚ ਖੜ੍ਹੇ ਹੋਣ ਦੀ ਉਮੀਦ ਕਰਦੀ, ਪਰ ਉਹ ਅਜਿਹਾ ਨਹੀਂ ਕਰ ਪਾਉਂਦੇ। ਆਖ਼ਰਕਾਰ ਟਕਰਾਅ ਹੁੰਦਾ ਅਤੇ ਸ਼ਾਇਦ ਉਨ੍ਹਾਂ ਨੂੰ ਪਾਰਟੀ ਛੱਡਣੀ ਪੈਂਦੀ।

### ਕੁਰਸੀ ਮਿਲ ਸਕਦੀ ਸੀ ਪਰ ਚੁੱਪੀ ਮਨਜ਼ੂਰ ਨਹੀਂ ਸੀ

ਨਾਨਾ ਦੇ ਇਸ ਜਵਾਬ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦੀ ਇਕ ਅਜਿਹੀ ਪਰਤ ਦਿਖਾਈ ਦਿੰਦੀ ਹੈ, ਜਿਸ ਨੂੰ ਸਿਰਫ ਇਕ ਅਦਾਕਾਰ ਦੀ ਬੇਬਾਕੀ ਕਹਿ ਕੇ ਨਹੀਂ ਟਾਲਿਆ ਜਾ ਸਕਦਾ। ਸਿਆਸਤ ਵਿਚ ਜਾਣਾ ਜਾਂ ਨਾ ਜਾਣਾ ਹਰ ਵਿਅਕਤੀ ਦਾ ਆਪਣਾ ਫ਼ੈਸਲਾ ਹੈ ਪਰ ਨਾਨਾ ਨੇ ਆਪਣੇ ਫ਼ੈਸਲੇ ਪਿੱਛੇ ਜੋ ਕਾਰਨ ਦੱਸਿਆ, ਉਹ ਉਨ੍ਹਾਂ ਦੇ ਸੁਭਾਅ ਨੂੰ ਸਮਝਣ ਦੀ ਇਕ ਖਿੜਕੀ ਖੋਲ੍ਹਦਾ ਹੈ। ਉਹ ਉਸ ਸਥਿਤੀ ਦੀ ਕਲਪਨਾ ਨਹੀਂ ਕਰਨਾ ਚਾਹੁੰਦੇ ਸਨ, ਜਿਸ ਵਿਚ ਕਿਸੇ ਗਲਤ ਕੰਮ ਨੂੰ ਸਿਰਫ਼ ਇਸ ਲਈ ਸਹੀ ਠਹਿਰਾਉਣਾ ਪਵੇ ਕਿਉਂਕਿ ਉਸ ਨੂੰ ਕਰਨ ਵਾਲਾ ਆਪਣਾ ਹੈ।

ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ ਜਨਤਕ ਜੀਵਨ ਵਿਚ ਸਭ ਤੋਂ ਔਖਾ ਪਲ ਉਹ ਨਹੀਂ ਹੁੰਦਾ, ਜਦੋਂ ਕੋਈ ਵਿਰੋਧੀ ਤੁਹਾਡੀ ਆਲੋਚਨਾ ਕਰੇ। ਸਭ ਤੋਂ ਔਖਾ ਪਲ ਉਹ ਹੁੰਦਾ ਹੈ, ਜਦੋਂ ਸੱਚ ਤੁਹਾਡੇ ਸਾਹਮਣੇ ਹੋਵੇ ਅਤੇ ਤੁਹਾਡੇ ਆਪਣੇ ਤੁਹਾਡੇ ਤੋਂ ਖ਼ਾਮੋਸ਼ ਰਹਿਣ ਦੀ ਉਮੀਦ ਕਰਨ।

### ਚਿਹਰੇ ਪੜ੍ਹਨ ਵਾਲਾ ਕਲਾਕਾਰ

ਨਾਨਾ ਨੇ ਇਕ ਵਾਰ ਕਿਹਾ ਸੀ ਕਿ ਉਹ ਫ਼ੋਨ ’ਤੇ ਚੀਜ਼ਾਂ ਡਾਊਨਲੋਡ ਕਰਨ ਦੀ ਬਜਾਏ ਲੋਕਾਂ ਦੇ ਚਿਹਰਿਆਂ ਨੂੰ ਡਾਊਨਲੋਡ ਕਰਨਾ ਪਸੰਦ ਕਰਦੇ ਹਨ। ਕਿਸੇ ਚਿਹਰੇ ’ਤੇ ਉਦਾਸੀ, ਅੱਖਾਂ ਵਿਚ ਲੁਕਿਆ ਦਰਦ ਅਤੇ ਬੁੱਲ੍ਹਾਂ ’ਤੇ ਅਧੂਰੀ ਰਹਿ ਗਈ ਮੁਸਕਰਾਹਟ ਉਨ੍ਹਾਂ ਲਈ ਅਦਾਕਾਰੀ ਦੀ ਪਾਠਸ਼ਾਲਾ ਸਨ। ਸ਼ਾਇਦ ਇਸੇ ਮਨੁੱਖੀ ਤਜ਼ਰਬੇ ਨੇ ਉਨ੍ਹਾਂ ਦੇ ਕਿਰਦਾਰਾਂ ਨੂੰ ਉਹ ਡੂੰਘਾਈ ਦਿੱਤੀ, ਜੋ ਸਿਰਫ ਸੰਵਾਦ ਯਾਦ ਕਰ ਲੈਣ ਨਾਲ ਪੈਦਾ ਨਹੀਂ ਹੁੰਦੀ।

ਨਾਨਾ ਪਾਟੇਕਰ ਦਾ ਜਾਣਾ ਹਿੰਦੀ ਅਤੇ ਮਰਾਠੀ ਸਿਨੇਮਾ ਲਈ ਇਕ ਵੱਡਾ ਘਾਟਾ ਹੈ। ਉਨ੍ਹਾਂ ਦੀਆਂ ਫਿਲਮਾਂ ਦੇ ਡਾਇਲਾਗ ਫਿਰ ਸੁਣੇ ਜਾਣਗੇ, ਉਨ੍ਹਾਂ ਦੇ ਕਿਰਦਾਰ ਫਿਰ ਦੇਖੇ ਜਾਣਗੇ ਅਤੇ ਉਨ੍ਹਾਂ ਦੀ ਬੇਬਾਕੀ ਦੇ ਕਿੱਸੇ ਫਿਰ ਸੁਣਾਏ ਜਾਣਗੇ ਪਰ ਉਨ੍ਹਾਂ ਦੇ ਸਿਆਸੀ ਫ਼ੈਸਲੇ ਨਾਲ ਜੁੜੀ ਉਹ ਗੱਲ ਵੀ ਯਾਦ ਰਹੇਗੀ ਕਿ ਹਰ ਮੌਕਾ ਸਵੀਕਾਰ ਕਰਨਾ ਜ਼ਰੂਰੀ ਨਹੀਂ ਹੁੰਦਾ। ਕਦੇ-ਕਦੇ ਕਿਸੇ ਰਾਹ ’ਤੇ ਨਾ ਚੱਲਣ ਦਾ ਫ਼ੈਸਲਾ ਹੀ ਇਨਸਾਨ ਦੇ ਚਰਿੱਤਰ ਦੀ ਸਭ ਤੋਂ ਸਪੱਸ਼ਟ ਪਛਾਣ ਬਣ ਜਾਂਦਾ ਹੈ। ਨਾਨਾ ਨੇ ਸਿਆਸਤ ਤੋਂ ਦੂਰੀ ਚੁਣੀ ਸੀ ਪਰ ਆਪਣੀ ਗੱਲ ਕਹਿਣ ਤੋਂ ਦੂਰੀ ਕਦੇ ਨਹੀਂ ਚੁਣੀ।

### ਯੁਵਾ ਪੰਜ ਸਾਲ ਤੱਕ ਇੰਤਜ਼ਾਰ ਕਰਨ ਲਈ ਤਿਆਰ ਨਹੀਂ

ਉਸੇ ਗੱਲਬਾਤ ਵਿਚ ਨਾਨਾ ਨੇ ਕਿਹਾ ਸੀ ਕਿ ਅੱਜ ਦਾ ਯੁਵਾ ਪੰਜ ਸਾਲ ਤੱਕ ਇੰਤਜ਼ਾਰ ਕਰਨ ਲਈ ਤਿਆਰ ਨਹੀਂ ਹੈ। ਉਹ ਸਵਾਲ ਕਰਦਾ ਹੈ ਅਤੇ ਨਤੀਜੇ ਚਾਹੁੰਦਾ ਹੈ। ਨੇਤਾਵਾਂ ਲਈ ਉਨ੍ਹਾਂ ਦਾ ਸੰਦੇਸ਼ ਸੀ ਕਿ ਸਿਰਫ ਵਾਅਦਿਆਂ ਦੇ ਸਹਾਰੇ ਲੋਕਾਂ ਨੂੰ ਲੰਬੇ ਸਮੇਂ ਤੱਕ ਸੰਤੁਸ਼ਟ ਨਹੀਂ ਰੱਖਿਆ ਜਾ ਸਕਦਾ।

ਬਦਲਾਅ ਵਿਚ ਸਮਾਂ ਲੱਗਦਾ ਹੈ ਪਰ ਜਨਤਾ ਦੀਆਂ ਉਮੀਦਾਂ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਅੱਜ ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਉਸ ਗੱਲਬਾਤ ਨੂੰ ਯਾਦ ਕਰਨਾ ਉਨ੍ਹਾਂ ਦੀ ਸ਼ਖ਼ਸੀਅਤ ਦੇ ਇਕ ਵੱਖਰੇ ਪਹਿਲੂ ਤੋਂ ਜਾਣੂ ਕਰਵਾਉਂਦਾ ਹੈ। ਇਕ ਅਜਿਹਾ ਕਲਾਕਾਰ, ਜੋ ਸਿਆਸਤ ਦੀ ਤਾਕਤ ਨੂੰ ਸਮਝਦਾ ਸੀ ਪਰ ਆਪਣੀ ਆਜ਼ਾਦ ਆਵਾਜ਼ ਦੀ ਕੀਮਤ ’ਤੇ ਉਸ ਤਾਕਤ ਨੂੰ ਹਾਸਲ ਨਹੀਂ ਕਰਨਾ ਚਾਹੁੰਦਾ ਸੀ।

### ਸਮਾਜ ਤੱਕ ਪਹੁੰਚਣ ਲਈ ਸਿਆਸਤ ਜ਼ਰੂਰੀ ਨਹੀਂ

ਨਾਨਾ ਦਾ ਮੰਨਣਾ ਸੀ ਕਿ ਸਮਾਜ ਤੱਕ ਆਪਣੀ ਗੱਲ ਪਹੁੰਚਾਉਣ ਲਈ ਕਿਸੇ ਸਿਆਸੀ ਪਾਰਟੀ ਦਾ ਹਿੱਸਾ ਬਣਨਾ ਜ਼ਰੂਰੀ ਨਹੀਂ ਹੈ। ਸਿਨੇਮਾ ਵੀ ਇਕ ਮਾਧਿਅਮ ਹੈ, ਜਿਸ ਦੇ ਜ਼ਰੀਏ ਲੋਕਾਂ ਨੂੰ ਸੋਚਣ ’ਤੇ ਮਜਬੂਰ ਕੀਤਾ ਜਾ ਸਕਦਾ ਹੈ।ਉਨ੍ਹਾਂ ਨੇ ਅਦਾਕਾਰੀ ਦੇ ਜ਼ਰੀਏ ਅਜਿਹੇ ਅਨੇਕਾਂ ਕਿਰਦਾਰ ਨਿਭਾਏ, ਜਿਨ੍ਹਾਂ ਦੀ ਆਵਾਜ਼, ਗੁੱਸਾ, ਬੇਬਸੀ ਅਤੇ ਸੰਘਰਸ਼ ਦਰਸ਼ਕਾਂ ਦੀ ਯਾਦ ਵਿਚ ਵੱਸ ਗਏ। ਉਨ੍ਹਾਂ ਦੀ ਲੋਕਪ੍ਰਿਯਤਾ ਦਾ ਆਧਾਰ ਸਿਰਫ ਉਨ੍ਹਾਂ ਦੀ ਅਦਾਕਾਰੀ ਨਹੀਂ ਸੀ। ਉਨ੍ਹਾਂ ਦੀ ਗੱਲਬਾਤ ਵਿਚ ਵੀ ਉਹੀ ਸਪੱਸ਼ਟਤਾ ਦਿਖਾਈ ਦਿੰਦੀ ਸੀ, ਜੋ ਉਨ੍ਹਾਂ ਦੇ ਕਿਰਦਾਰਾਂ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਸੀ। ਉਹ ਆਪਣੀ ਰਾਇ ਰੱਖਦੇ ਹੋਏ ਇਸ ਚਿੰਤਾ ਵਿਚ ਨਹੀਂ ਪੈਂਦੇ ਸਨ ਕਿ ਸਾਹਮਣੇ ਬੈਠਾ ਵਿਅਕਤੀ ਉਸ ਨਾਲ ਸਹਿਮਤ ਹੋਵੇਗਾ ਜਾਂ ਨਹੀਂ।

# ਦਿਲਜੀਤ ਪੱਗ ਬੰਨ੍ਹਣ ਵਾਲੇ ਇੱਕ ਮਾਣਮੱਤੇ ਗਲੋਬਲ ਆਈਕਨ : ਸਾਹਨੀ





ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਦਾ ਆਪਣੇ ਦਿੱਲੀ ਕੰਸਰਟ ਦੀ ਤਰੀਕ ਬਦਲਣ ਲਈ ਸਹਿਮਤ ਹੋਣ ’ਤੇ ਧੰਨਵਾਦ ਕੀਤਾ ਹੈ। ਇਹ ਕੰਸਰਟ ਪਹਿਲਾਂ 1 ਨਵੰਬਰ ਨੂੰ ਹੋਣਾ ਸੀ, ਜੋ ਕਿ 1984 ਦੇ ਸਿੱਖ-ਵਿਰੋਧੀ ਦੰਗਿਆਂ ਦੀ ਬਰਸੀ ਦਾ ਦਿਨ ਸੀ; ਹੁਣ ਇਸਨੂੰ ਬਦਲ ਕੇ 30 ਅਕਤੂਬਰ ਕਰ ਦਿੱਤਾ ਗਿਆ ਹੈ।

ਆਪਣੇ ਸੋਸ਼ਲ ਮੀਡੀਆ ਹੈਂਡਲ ‘ਐਕਸ’ ’ਤੇ ਵਿਕਰਮਜੀਤ ਸਿੰਘ ਸਾਹਨੀ ਨੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਦਿਲਜੀਤ ਦਾ ਧੰਨਵਾਦ ਕੀਤਾ। ਉਨ੍ਹਾਂ ਲਿਖਿਆ, ‘ਦਿਲਜੀਤ ਦੋਸਾਂਝ ਦਾ ਦਿਲ ਤੋਂ ਧੰਨਵਾਦ ਕਿ ਉਨ੍ਹਾਂ ਨੇ ਸਾਡੀ ਗੁਜਾਰਿਸ਼ ਮੰਨ ਲਈ ਅਤੇ 1 ਨਵੰਬਰ ਨੂੰ ਦਿੱਲੀ ਵਿੱਚ ਪਰਫਾਰਮ ਨਾ ਕਰਨ ਦਾ ਫੈਸਲਾ ਕੀਤਾ, ਕਿਉਂਕਿ ਉਸ ਦਿਨ 1984 ਦੇ ਦੁਖਦਾਈ ਸਿੱਖ-ਵਿਰੋਧੀ ਦੰਗਿਆਂ ਦੀ ਬਰਸੀ ਹੁੰਦੀ ਹੈ। ਕੰਸਰਟ ਹੁਣ 30 ਅਕਤੂਬਰ ਨੂੰ ਹੋਵੇਗਾ।’

ਉਨ੍ਹਾਂ ਅੱਗੇ ਕਿਹਾ, ‘ਦਿਲਜੀਤ ਪੰਜਾਬ ਦਾ ਸੱਚਾ ਪੁੱਤ ਹੈ, ਪੱਗ ਬੰਨ੍ਹਣ ਵਾਲੇ ਇੱਕ ਮਾਣਮੱਤੇ ਗਲੋਬਲ ਆਈਕਨ ਹਨ ਅਤੇ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਹੈ ਜੋ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਪ੍ਰਤੀ ਉਨ੍ਹਾਂ ਦੀ ਸੰਵੇਦਨਸ਼ੀਲਤਾ ਉਸ ਜ਼ਿੰਮੇਵਾਰੀ ਅਤੇ ਹਮਦਰਦੀ ਨੂੰ ਦਰਸਾਉਂਦੀ ਹੈ ਜੋ ਅਜਿਹੇ ਉੱਚੇ ਰੁਤਬੇ ਵਾਲੇ ਵਿਅਕਤੀ ਵਿੱਚ ਹੋਣੀ ਚਾਹੀਦੀ ਹੈ। ਰੱਬ ਕਰੇ ਉਹ ਪੰਜਾਬ ਅਤੇ ਭਾਰਤ ਦਾ ਨਾਂ ਰੌਸ਼ਨ ਕਰਦੇ ਰਹਿਣ।’

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵਿਕਰਮਜੀਤ ਸਿੰਘ ਸਾਹਨੀ ਨੇ ਦਿਲਜੀਤ ਅਤੇ ਉਨ੍ਹਾਂ ਦੀ ਟੀਮ ਨੂੰ ਆਪਣੇ ‘ਔਰਾ ਟੂਰ’ ਦੇ ਦਿੱਲੀ ਵਾਲੇ ਪੜਾਅ ਦੀ ਤਰੀਕ ਬਦਲਣ ਦੀ ਅਪੀਲ ਕੀਤੀ ਸੀ, ਜੋ 1 ਨਵੰਬਰ ਨੂੰ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਸ਼ੁਰੂ ਹੋਣਾ ਸੀ। ਸੰਸਦ ਮੈਂਬਰ ਨੇ ਗਾਇਕ ਨੂੰ 1984 ਦੀ ਹਿੰਸਾ ਦੇ ਪੀੜਤਾਂ ਦੀ ਯਾਦ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ ਸੀ ਅਤੇ ਇਸ ਗੱਲ ’ਤੇ ਜ਼ੋਰ ਦਿੱਤਾ ਸੀ ਕਿ ਇਹ ਤਾਰੀਕ ਹਜ਼ਾਰਾਂ ਪ੍ਰਭਾਵਿਤ ਪਰਿਵਾਰਾਂ ਲਈ ਬਹੁਤ ਦੁਖਦਾਈ ਹੁੰਦੀ ਹੈ।

ਦਿਲਜੀਤ ਦੇ ‘ਔਰਾ ਟੂਰ’ ਤਹਿਤ ਸ਼ੋਅ ਦਿੱਲੀ ਤੋਂ ਬਾਅਦ ਇੰਦੌਰ, ਅਹਿਮਦਾਬਾਦ, ਮੁੰਬਈ, ਬੈਂਗਲੁਰੂ, ਲਖਨਊ ਅਤੇ ਚੰਡੀਗੜ੍ਹ ਵਿੱਚ ਹੋਣੇ ਹਨ।

## ਮੈਨੂੰ ਹਰ ਸ਼ਹਿਰ ’ਚ ਮਿਲਦੈ ਪਿਆਰ : ਦਿਲਜੀਤ ਦੋਸਾਂਝ

ਸੁਪਰਸਟਾਰ ਦਿਲਜੀਤ ਦੋਸਾਂਝ ਨੇ ਆਪਣੇ ‘ਔਰਾ ਵਰਲਡ ਟੂਰ’ ਤੋਂ ਪੁਰਾਣੀਆਂ ਯਾਦਾਂ ਨੂੰ ਯਾਦ ਕਰ ਕੇ ਇਕ ਪੋਸਟ ਸਾਂਝੀ ਕੀਤੀ ਹੈ। ਇਸ ਪੋਸਟ ਰਾਹੀਂ ਉਨ੍ਹਾਂ ਦੱਸਿਆ ਕਿ ਜਿੱਥੇ ਵੀ ਉਹ ਜਾਂਦੇ ਹਨ ਉਹ ਸ਼ਹਿਰ ਉਨ੍ਹਾਂ ਦਾ ਆਪਣਾ ਬਣ ਗਿਆ ਅਤੇ ਹਰ ਗਲੀ ’ਚ ਉਨ੍ਹਾਂ ਦੀ ਆਪਣੀ ਇੱਕ ਕਹਾਣੀ ਸੀ ਤੇ ਹਰ ਕੋਨੇ ’ਚ ਥੋੜ੍ਹਾ ਜਿਹਾ ਪਿਆਰ ਉਨਾਂ ਦੀ ਉਡੀਕ ਕਰ ਰਿਹਾ ਹੈ। ਦੱਸ ਦਈਏ ਕਿ ਇੰਸਟਾਗ੍ਰਾਮ ’ਚ ਭਾਰਤ ਦੇ ਉਨ੍ਹਾਂ ਸ਼ਹਿਰਾਂ ਦੀਆਂ ਕਈ ਤਸਵੀਰਾਂ ਨੂੰ ਸਾਂਝਾ ਕਰਦਿਆ ਕਿਹਾ ਕਿ ਉਹ ਜਿੱਥੇ ਵੀ ਪਰਫੋਰਮ ਕਰਨ ਜਾਂਦੇ ਹਨ ਉਹ ਉਨ੍ਹਾਂ ਦਾ ਆਪਣਾ ਘਰ ਬਣ ਜਾਂਦਾ ਹੈ।

ਇਸ ਦੌਰਾਨ ਦਿਲਜੀਤ ਨੇ ਪੋਸਟ ਦੇ ਕੈਪਸ਼ਨ ’ਚ ਲਿਖਿਆ, ‘ਪਿਆਰੇ ਘਰ, ਯਾਦ ਰੱਖੋ ਕਿਵੇਂ ਹਰ ਸ਼ਹਿਰ ਸਾਡਾ ਆਪਣਾ ਬਣ ਗਿਆ, ਹਰ ਗਲੀ ਦੀ ਇੱਕ ਕਹਾਣੀ ਸੀ ਅਤੇ ਹਰ ਕੋਨੇ ’ਚ ਇੱਕ ਛੋਟਾ ਜਿਹਾ ਪਿਆਰ ਉਡੀਕ ਰਿਹਾ ਸੀ ? ਕੀ ਤੁਸੀਂ ਇਹ ਸਭ ਦੁਬਾਰਾ ਅਨੁਭਵ ਕਰਨ ਲਈ ਤਿਆਰ ਹੋ ?

ਦੱਸ ਦਈਏ ਕਿ ‘ਔਰਾ ਟੂਰ’ 30 ਅਕਤੂਬਰ ਨੂੰ ਨਹਿਰੂ ਸਟੇਡੀਅਮ ’ਚ ਸ਼ੁਰੂ ਹੋਣ ਵਾਲਾ ਹੈ। ਇਸ ਦੌਰਾਨ ਇਸ ਟੂਰ ’ਚ ਸੰਗੀਤ, ਊਰਜਾ ਅਤੇ ਸ਼ਾਨਦਾਰ ਨਜ਼ਾਰੇ ਦੇਖਣ ਨੂੰ ਮਿਲਣਗੇ ਜੋ ਦਿਲਜੀਤ ਦੀ ਲਾਈਵ ਪਰਫਾਰਮੈਂਸ ਦੀ ਪਛਾਣ ਹਨ। ਇਹ ਟੂਰ ਉਨ੍ਹਾਂ ਦੇ ਇੰਟਰਨੈਸ਼ਨਲ ਸ਼ੋਅ ਦੇ ਵੱਡੇ ਪੱਧਰ ਨੂੰ ਭਾਰਤੀ ਦਰਸ਼ਕਾਂ ਲਈ ਸਟੇਡੀਅਮ ਦੇ ਤਜਰਬਿਆਂ ਨੂੰ ਬਦਲ ਦੇਵੇਗਾ।

## ਨਸ਼ਾ ਮਾਫ਼ੀਆ ਦੀਆਂ ਗੋਲੀਆਂ ਨੇ ਛੱਲਣੀ ਕੀਤਾ

ਅਜਿਹੇ ਹਾਲਾਤ ਵਿੱਚ ਝੋਟੇ ਦੇ ਪਰਿਵਾਰ ਵੱਲੋਂ ਸੀ.ਬੀ.ਆਈ. ਜਾਂਚ ਦੀ ਮੰਗ ਪੂਰੀ ਤਰ੍ਹਾਂ ਜਾਇਜ਼ ਹੈ। ਮ੍ਰਿਤਕ ਦੇ ਸਾਬਕਾ ਫ਼ੌਜੀ ਪਿਤਾ ਭੀਮ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਨਸਾਫ਼ ਦੀ ਗੁਹਾਰ ਲਗਾਈ ਹੈ ਅਤੇ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀ ਸੀ.ਬੀ.ਆਈ. ਜਾਂਚ ਲਈ ਰਾਜਪਾਲ ਨੂੰ ਪੱਤਰ ਲਿਖਿਆ ਹੈ। ਜਦੋਂ ਪੀੜਤ ਪਰਿਵਾਰ ਸਿੱਧੇ ਤੌਰ ’ਤੇ ਸੱਤਾਧਾਰੀ ਧਿਰ ਦੇ ਆਗੂਆਂ ਅਤੇ ਸਥਾਨਕ ਪੁਲਿਸ ਦੀ ਭੂਮਿਕਾ ’ਤੇ ਸਵਾਲ ਚੁੱਕ ਰਿਹਾ ਹੋਵੇ, ਤਾਂ ਪੰਜਾਬ ਪੁਲਿਸ ਦੀ ਜਾਂਚ ’ਤੇ ਭਰੋਸਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਪੁਲਿਸ ਨੇ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਨੂੰ ‘ਨਿੱਜੀ ਰੰਜਿਸ਼’ ਕਹਿ ਕੇ ਆਪਣਾ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਸਿਆਸੀ ਦਬਾਅ ਤੋਂ ਮੁਕਤ ਕਿਸੇ ਕੇਂਦਰੀ ਏਜੰਸੀ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਜਾਂਚ ਹੋਣੀ ਬਹੁਤ ਜ਼ਰੂਰੀ ਹੈ, ਤਾਂ ਜੋ ਕਾਤਲ ਦੇ ਪਿੱਛੇ ਬੈਠੇ ਅਸਲ ਆਕਾਵਾਂ ਦੇ ਚਿਹਰੇ ਬੇਨਕਾਬ ਹੋ ਸਕਣ।

***

## ਕੀ ਹੈ ਭਾਰਤ ’ਚ ਨੌਜਵਾਨਾਂ ਦੇ ਅੰਦੋਲਨ ਦਾ ਭਵਿੱਖ ?

ਪਰ ਕਾਨੂੰਨੀ ਹਲਕਿਆਂ ਵਿੱਚੋਂ ਉੱਠ ਰਹੀਆਂ ਇਹ ਆਵਾਜ਼ਾਂ ਕਿ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਨਿਆਂਇਕ ਦਖ਼ਲ ਕਮਜ਼ੋਰ ਪੈ ਰਿਹਾ ਹੈ, ਹੋਰ ਵੀ ਚਿੰਤਾਜਨਕ ਹਨ। ਜੇਕਰ ਦੇਸ਼ ਦੀਆਂ ਅਹਿਮ ਲੋਕਤੰਤਰੀ ਸੰਸਥਾਵਾਂ ਲੋਕਾਂ ਦਾ ਵਿਸ਼ਵਾਸ ਗੁਆ ਦੇਣਗੀਆਂ, ਤਾਂ ਪੂਰੀ ਸੰਵਿਧਾਨਕ ਵਿਵਸਥਾ ਡਾਵਾਂਡੋਲ ਹੋ ਸਕਦੀ ਹੈ।

ਪ੍ਰਸਿੱਧ ਪੱਤਰਕਾਰ ਆਸੂਤੋਸ਼ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਨੂੰ ਇਹ ਸਮਝਣ ਦੀ ਲੋੜ ਹੈ ਕਿ ਸੰਸਦੀ ਬਹੁਮਤ ਜਾਂ ਚੋਣ ਜਿੱਤਾਂ ਦਾ ਮਤਲਬ ਤਾਨਾਸ਼ਾਹੀ ਨਹੀਂ ਹੁੰਦਾ।

ਲੋਕਤੰਤਰ ਵਿੱਚ ਸਿਰਫ਼ ਸਿਆਸੀ ਪਾਰਟੀਆਂ ਹੀ ਨਹੀਂ, ਸਗੋਂ ਆਮ ਨਾਗਰਿਕ, ਸਮਾਜਿਕ ਸੰਗਠਨ ਅਤੇ ਅਸਹਿਮਤ ਆਵਾਜ਼ਾਂ ਵੀ ਬਰਾਬਰ ਦੇ ਭਾਈਵਾਲ ਹੁੰਦੇ ਹਨ।

ਦੁਨੀਆ ਭਰ ਵਿੱਚ ਜਦੋਂ ਵੀ ਸਰਕਾਰਾਂ ਨੇ ਜਨਤਕ ਆਵਾਜ਼ਾਂ ਨੂੰ ਨਜ਼ਰਅੰਦਾਜ਼ ਕੀਤਾ ਹੈ, ਉੱਥੇ ਲੰਮੇ ਸਮੇਂ ਦੀ ਅਸਥਿਰਤਾ ਪੈਦਾ ਹੋਈ ਹੈ।

ਸੱਤਾ ਵਿੱਚ ਬੈਠੀ ਧਿਰ ਦਾ ਇਹ ਮੁੱਖ ਫ਼ਰਜ਼ ਬਣਦਾ ਹੈ ਕਿ ਉਹ ਹੰਕਾਰ ਛੱਡ ਕੇ ਸਾਰੇ ਹਿੱਸੇਦਾਰਾਂ ਨਾਲ ਖੁੱਲ੍ਹਾ ਸੰਵਾਦ ਰਚਾਏ ਅਤੇ ਆਮ ਸਹਿਮਤੀ ਕਾਇਮ ਕਰੇ, ਤਾਂ ਜੋ ਲੋਕਤੰਤਰ ਸੜਕਾਂ ’ਤੇ ਸ਼ਕਤੀ-ਪ੍ਰਦਰਸ਼ਨ ਦਾ ਰਣ-ਖੇਤਰ ਬਣਨ ਦੀ ਬਜਾਏ ਵਿਚਾਰਾਂ ਅਤੇ ਨਿਆਂ ਦਾ ਮੰਚ ਬਣਿਆ ਰਹੇ।

***

## ਪ੍ਰਦਰਸ਼ਨ ਕਵਰ ਕਰ ਰਹੇ ਕਈ ਪੱਤਰਕਾਰਾਂ ਨਾਲ ਵੱਲੋਂ

ਇੱਕ ਪੱਤਰਕਾਰ ਨੇ ਦੱਸਿਆ ਕਿ ਪੁਲਿਸ ਨੇ ਉਸ ਦਾ ਕਾਲਰ ਫੜਿਆ ਅਤੇ ਸਿਰ ’ਤੇ ਵਾਰ ਕੀਤੇ। ਬੱਸ ਵਿੱਚ ਬਿਠਾ ਕੇ ਉਸ ਦੇ ਢਿੱਡ ’ਤੇ ਬੰਦੂਕ ਦੀ ਨਾਲੀ ਅਤੇ ਡੰਡਾ ਰੱਖਿਆ। ਫ਼ੋਨ ਵਿੱਚੋਂ ਵੀਡੀਓ ਡਿਲੀਟ ਕਰਨ ਦਾ ਦਬਾਅ ਬਣਾਇਆ ਗਿਆ।

ਕਨਾਟ ਪਲੇਸ ਵਿੱਚ ਰਿਪੋਰਟਿੰਗ ਦੌਰਾਨ 8-10 ਪੁਲਿਸ ਵਾਲਿਆਂ ਨੇ ਵੀਡੀਓ ਜਰਨਲਿਸਟ ਸਾਰਾ ਖ਼ਾਨ ਨੂੰ ਘਸੀਟ ਕੇ ਬੱਸ ਵਿੱਚ ਪਾਇਆ। ਬਾਅਦ ਵਿੱਚ ਉੱਚ ਅਧਿਕਾਰੀਆਂ ਦੇ ਦਖ਼ਲ ਤੋਂ ਬਾਅਦ ਉਨ੍ਹਾਂ ਨੂੰ ਛੱਡਿਆ ਗਿਆ।

ਨਿਊਜ਼ਲੌਂਡਰੀ ਦੇ ਪੱਤਰਕਾਰ ਅਨਮੋਲ ਪ੍ਰੀਤਮ ਅਤੇ ਕੈਮਰਾਮੈਨ ਅੰਸ਼ੂ ਆਨੰਦ ਨੂੰ ਹਿਰਾਸਤ ਵਿੱਚ ਲਿਆ ਗਿਆ। ਹਿੰਦੁਸਤਾਨ ਟਾਈਮਜ਼ ਦੇ ਪੱਤਰਕਾਰ ਅਸ਼ੀਸ਼ ਸਿੰਘ ਨੂੰ ਪੁਲਿਸ ਨੇ ਧੱਕਾ ਦਿੱਤਾ ਅਤੇ ਬੱਸ ਵਿੱਚ ਬੰਦ ਕਰ ਦਿੱਤਾ।

ਜੰਤਰ-ਮੰਤਰ ਨੇੜੇ ਇੰਟਰਵਿਊ ਦੇ ਰਹੇ ਇੱਕ ਬਜ਼ੁਰਗ ਪੱਤਰਕਾਰ ਨੂੰ ਪੁਲਿਸ ਮੁਲਾਜ਼ਮਾਂ ਨੇ ਜ਼ਬਰਦਸਤੀ ਚੁੱਕ ਕੇ ਗੱਡੀ ਵਿੱਚ ਸੁੱਟ ਦਿੱਤਾ। ਹੁਣ ਉਹ ਪੁਲਿਸ ਖ਼ਿਲਾਫ਼ ਅਦਾਲਤ ਜਾਣ ਦੀ ਤਿਆਰੀ ਕਰ ਰਹੇ ਹਨ।

ਕਈ ਪੱਤਰਕਾਰਾਂ ਦੇ ਕੈਮਰੇ ਅਤੇ ਮੋਬਾਈਲ ਫ਼ੋਨ ਤੋੜ ਦਿੱਤੇ ਗਏ। ਇੱਕ ਰਿਪੋਰਟਰ ਦੇ ਕੈਮਰੇ ਦਾ ਲੈਂਜ਼ ਤੋੜ ਦਿੱਤਾ ਗਿਆ ਅਤੇ ਮੈਮਰੀ ਕਾਰਡ ਗਾਇਬ ਕਰ ਦਿੱਤਾ ਗਿਆ। ਇੱਕ ਹੋਰ ਪੱਤਰਕਾਰ ਦਾ 1 ਲੱਖ ਰੁਪਏ ਦਾ ਕੈਮਰਾ ਪੁਲਿਸ ਨੇ ਜ਼ਬਤ ਕਰ ਲਿਆ, ਜੋ ਵਾਪਸ ਨਹੀਂ ਕੀਤਾ ਗਿਆ।

ਪੁਲਿਸ ਨੇ ਦਾਅਵਾ ਕੀਤਾ ਕਿ ਸਿਰਫ਼ ਪੀ.ਆਈ.ਬੀ. ਕਾਰਡ ਵਾਲਿਆਂ ਨੂੰ ਹੀ ਜਾਣ ਦਿੱਤਾ ਜਾਵੇਗਾ, ਜਦਕਿ ਨਿਯਮਾਂ ਮੁਤਾਬਕ ਮੀਡੀਆ ਅਦਾਰੇ ਦਾ ਕਾਰਡ ਵੀ ਮੰਨਣਯੋਗ ਹੁੰਦਾ ਹੈ। ਕਈ ਪੱਤਰਕਾਰਾਂ ਨੂੰ ਥਾਣਿਆਂ ਵਿੱਚ ਘੰਟਿਆਂ ਬੱਧੀ ਬਿਠਾ ਕੇ ਪੁੱਛਗਿੱਛ ਕੀਤੀ ਗਈ ਅਤੇ ਉਨ੍ਹਾਂ ਦੇ ਨਿੱਜੀ ਵੇਰਵੇ ਦਰਜ ਕੀਤੇ ਗਏ।

## ਅਦਾਲਤਾਂ ਨੂੰ ਬਦਨਾਮ ਕਰਨ ਦੇ ਦੋਸ਼ ਹੇਠ ਹਾਈ ਕੋਰਟ

2015 ਵਿੱਚ ਅਕਾਲ ਤਖ਼ਤ ਸਾਹਿਬ ਤੋਂ ਸੌਦਾ ਸਾਧ ਨੂੰ ਦਿੱਤੀ ਗਈ ਮੁਆਫ਼ੀ (ਜੋ ਬਾਅਦ ਵਿੱਚ ਰੱਦ ਕਰਨੀ ਪਈ) ਅਤੇ ਬੇਅਦਬੀ ਮਾਮਲਿਆਂ ਵਿੱਚ ਠੋਸ ਕਾਨੂੰਨੀ ਪੈਰਵੀ ਨਾ ਕਰ ਸਕਣ ਕਾਰਨ ਐੱਸ.ਜੀ.ਪੀ.ਸੀ. ਸੰਗਤ ਦੇ ਨਿਸ਼ਾਨੇ ’ਤੇ ਰਹੀ ਹੈ।

ਆਲੋਚਕਾਂ ਅਨੁਸਾਰ 2015 ਵਿੱਚ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ-ਕੋਟਕਪੂਰਾ ਗੋਲੀ ਕਾਂਡ ਦੌਰਾਨ ਬਾਦਲ ਸਰਕਾਰ ਨੇ ਵੋਟ ਬੈਂਕ ਦੀ ਖ਼ਾਤਰ ਡੇਰੇ ਵਿਰੁੱਧ ਸਖ਼ਤ ਕਾਰਵਾਈ ਕਰਨ ਵਿੱਚ ਢਿੱਲ ਵਰਤੀ। ਕੇਸਾਂ ਦੀ ਜਾਂਚ ਨੂੰ ਲਮਕਾਇਆ ਗਿਆ ਅਤੇ ਸੀ.ਬੀ.ਆਈ. ਹਵਾਲੇ ਕਰਕੇ ਮਾਮਲੇ ਨੂੰ ਹੋਰ ਉਲਝਾ ਦਿੱਤਾ ਗਿਆ, ਜਿਸ ਕਾਰਨ ਮੁਲਜ਼ਮਾਂ ਨੂੰ ਕਾਨੂੰਨੀ ਰਾਹਤਾਂ ਮਿਲੀਆਂ।

ਭਗਵੰਤ ਮਾਨ (ਆਪ) ਸਰਕਾਰ ਦੀ ਪੈਰਵੀ ’ਤੇ ਸਵਾਲ:

ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਜਲਦ ਜੇਲ੍ਹ ਭੇਜਣ ਦੇ ਵਾਅਦੇ ਕੀਤੇ ਸਨ। ਪਰ ਸਰਕਾਰ ਬਣਨ ਤੋਂ ਬਾਅਦ ਵੀ ਡੇਰਾ ਮੁਖੀ ਖ਼ਿਲਾਫ਼ ਮਾਮਲਿਆਂ ਵਿੱਚ ਜ਼ਰੂਰੀ ਕਾਨੂੰਨੀ ਮਨਜ਼ੂਰੀਆਂ ਦੇਣ ਵਿੱਚ ਹੋਈ ਦੇਰੀ ਅਤੇ ਸੁਪਰੀਮ ਕੋਰਟ/ਹਾਈ ਕੋਰਟ ਵਿੱਚ ਸਰਕਾਰੀ ਵਕੀਲਾਂ ਵੱਲੋਂ ਢੁਕਵੀਂ ਤਿਆਰੀ ਦੀ ਘਾਟ ਕਾਰਨ ਸਰਕਾਰ ਦੀ ਨੀਅਤ ’ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਮਾਨ ਸਰਕਾਰ ’ਤੇ ਵਿਰੋਧੀ ਧਿਰਾਂ ਵੱਲੋਂ ਦੋਸ਼ ਲੱਗਦੇ ਰਹੇ ਕਿ ਉਨ੍ਹਾਂ ਨੇ ਇਸ ਫ਼ਾਈਲ ਨੂੰ ਲੰਮਾ ਸਮਾਂ ਲਟਕਾਈ ਰੱਖਿਆ। ਹਾਲਾਂਕਿ, ਅਕਤੂਬਰ 2024 ਵਿੱਚ ਜਦੋਂ ਸੁਪਰੀਮ ਕੋਰਟ ਨੇ ਹਾਈ ਕੋਰਟ ਦੀ ਸਟੇਅ ਹਟਾਈ, ਤਾਂ ਉਸ ਤੋਂ ਬਾਅਦ ਹੀ ਮਾਨ ਸਰਕਾਰ ਨੇ ਰਾਮ ਰਹੀਮ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਪੰਜਾਬ ਦੇ ਮਾਲਵਾ ਖੇਤਰ ਵਿੱਚ ਡੇਰਾ ਸੱਚਾ ਸੌਦਾ ਦਾ ਵੱਡਾ ਵੋਟ ਬੈਂਕ ਹੈ। ਵਿਰੋਧੀ ਪਾਰਟੀਆਂ (ਕਾਂਗਰਸ ਅਤੇ ਅਕਾਲੀ ਦਲ) ਦੋਸ਼ ਲਾਉਂਦੀਆਂ ਰਹੀਆਂ ਹਨ ਕਿ ‘ਆਪ’ ਸਰਕਾਰ ਨੇ ਵੋਟਾਂ ਦੇ ਨੁਕਸਾਨ ਦੇ ਡਰੋਂ ਰਾਮ ਰਹੀਮ ਖ਼ਿਲਾਫ਼ ਸਖ਼ਤ ਕਦਮ ਚੁੱਕਣ ਵਿੱਚ ਢਿੱਲ ਵਰਤੀ ਅਤੇ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਰਹੀ।

ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 25 ਨਵੰਬਰ ਤੈਅ ਕੀਤੀ ਹੈ, ਜਿੱਥੇ ਡੇਰਾ ਪ੍ਰਬੰਧਨ ਅਤੇ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਅਦਾਲਤ ਸਾਹਮਣੇ ਆਪਣਾ ਪੱਖ ਰੱਖਣਾ ਪਵੇਗਾ।

***

## ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਦੀ 112ਵੀਂ ਸ਼ਹੀਦੀ ਵਰ੍ਹੇ-ਗੰਢ

ਇਨੀਂ ਦਿਨੀਂ ਬ੍ਰਿਟਿਸ਼ ਕਲੰਬੀਆ ਦੀਆਂ ਸੂਬਾਈ ਅਤੇ ਸ਼ਹਿਰੀ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਸੰਬੋਧਨ ਕਰਦਿਆਂ, ਬੁਲਾਰਿਆਂ ਨੇ ਸਪੱਸ਼ਟ ਰੂਪ ਵਿੱਚ ਮੰਗ ਕੀਤੀ ਕਿ ਕੈਨੇਡਾ ਦੇ ਸ਼ਹਿਰੀ, ਸੂਬਾਈ ਅਤੇ ਕੌਮੀ ਇਤਿਹਾਸਕ ਰਿਕਾਰਡ ਵਿੱਚ ਗੁਰੂ ਨਾਨਕ ਜਹਾਜ਼ ਨਾਂਅ ਅਤੇ ਇਸਦੇ ਪੂਰਨ ਇਤਿਹਾਸਕ ਸੰਦਰਭ ਨੂੰ ਮਾਨਤਾ ਪਾਉਣ ਲਈ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਬਚਨਬੱਧ ਹੋਣ। ‘ਸਹੀ ਪਛਾਣ ਅਤੇ ਇਤਿਹਾਸਿਕ ਸੁਧਾਰ’ ਹੀ ਸੁਲਹ-ਸਫਾਈ ਦਾ ਸਹੀ ਅਤੇ ਸੁਚੱਜਾ ਤਰੀਕਾ ਹਨ। ਉਹਨਾਂ ਭਾਵਪੂਰਤ ਸ਼ਬਦਾਂ ਵਿੱਚ ਕਿਹਾ ਕਿ ਗੁਰੂ ਨਾਨਕ ਜਹਾਜ ਦੇ ਸਹੀ ਨਾਂਅ ਦੀ ਬਹਾਲੀ ਨੂੰ ਦਸਤਾਵੇਜ਼ੀ ਰੂਪ ਦੇਣ ਅਤੇ ਸਾਂਝਾ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਲੋਕਾਂ ਦੇ ਤਹਿ ਦਿਲ ਤੋਂ ਧੰਨਵਾਦੀ ਹਨ, ਜੋ ਇਸ ਦੀ ਭਾਵਨਾ ਨੂੰ ‘ਚੜ੍ਹਦੀ ਕਲਾ’ ਵਿੱਚ ਅੱਗੇ ਵਧਾ ਰਹੇ ਹਨ। ਕਰੀਬ ਦੋ ਘੰਟੇ ਚੱਲੇ ਸਮਾਗਮ ਵਿੱਚ ਸੰਗਤਾਂ ਨੇ ਉਤਸ਼ਾਹ ਦਿਖਾਇਆ।

ਗੁਰੂ ਨਾਨਕ ਜਹਾਜ ਮੈਮੋਰੀਅਲ ਵੈਨਕੂਵਰ ਵਿਖੇ ਨਗਾਰਿਆਂ ਤੇ ਜੈਕਾਰਿਆਂ ਦੀ ਗੂੰਜ ਵਿੱਚ ਪਾਠ, ਸ਼ਬਦ ਕੀਰਤਨ ਅਤੇ ਢਾਡੀ ਵਾਰਾਂ ਹੋਈਆਂ। ਅਖ਼ੀਰ ਵਿੱਚ ਭਾਈ ਭੁਪਿੰਦਰ ਸਿੰਘ ਫੁੱਲ ਦੁਆਰਾ ਸ਼ਹੀਦਾਂ ਦੀ ਅਰਦਾਸ ਹੋਈ। ਸਮਾਗਮ ’ਚ ਹਾਜ਼ਰ ਸੰਗਤਾਂ ਲਈ ਭਾਈ ਜੋਗਰਾਜ ਸਿੰਘ ਕਾਹਲੋਂ, ਸਿੰਘ ਪੀਜ਼ਾ ਵੱਲੋਂ ਸੇਵਾ ਕੀਤੀ ਗਈ। ਗਦਰ ਮਮੋਰੀਅਲ ਸੁਸਾਇਟੀ ਬੀ.ਸੀ. ਕੈਨੇਡਾ ਵੱਲੋਂ ਡਾ. ਸੁਰਿੰਦਰਜੀਤ ਸਿੰਘ ਭੇਲਾ ਨੇ ਪ੍ਰਭਾਵਸ਼ਾਲੀ ਵਿਚਾਰ ਦਿੱਤੇ ਅਤੇ ਸਮਾਗਮ ਵਿੱਚ ਸ਼ਾਮਿਲ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

***

## ਕੈਨੇਡੀਅਨ ਕਵਿੱਤਰੀ ਤੇ ਨਿਬੰਧਕਾਰ ‘ਐਨੀ ਕਾਰਸਨ’ ਨੂੰ

ਅਤੇ ਪੀੜਾ ਦੀ ਪੜਚੋਲ ਕਰਦੀ ਹੈ), ਨਾਵਲ ‘ਆਟੋਬਾਇਓਗ੍ਰਾਫੀ ਆਫ ਰੈੱਡ’, ਕਵਿਤਾ ਤੇ ਵਾਰਤਕ ਦਾ ਸੰਗ੍ਰਹਿ ‘ਮੈੱਨ ਇਨ ਦਿ ਔਫ ਆਰਜ਼’ (ਜਿਸ ਨੇ 2001 ਵਿੱਚ ਕਵਿਤਾ ਲਈ ਕੈਨੇਡਾ ਦਾ ‘ਗ੍ਰਿਫਿਨ ਪ੍ਰਾਈਜ਼’ ਜਿੱਤਿਆ ਸੀ), ਅਤੇ ‘ਨੌਰਮਾ ਜੀਨ ਬੇਕਅਰ ਆਫ ਟਰੌਏ’ (ਜੋ ਮਾਰਲਿਨ ਮੁਨਰੋ ਅਤੇ ਹੈਲਨ ਆਫ ਟਰੌਏ ਦੀ ਤੁਲਨਾ ਕਰਦੀ ਹੈ) ਸ਼ਾਮਲ ਹਨ।

ਕਾਰਸਨ ਨੇ ਕਲਾਸੀਕਲ ਯੂਨਾਨੀ ਸਾਹਿਤ ਦੀਆਂ ਅਜਿਹੀਆਂ ਰਚਨਾਵਾਂ ਦਾ ਅਨੁਵਾਦ ਵੀ ਕੀਤਾ ਹੈ ਜਿਨ੍ਹਾਂ ਬਾਰੇ ਸਵੀਡਿਸ਼ ਅਕੈਡਮੀ ਦਾ ਕਹਿਣਾ ਹੈ ਕਿ ‘ਉਨ੍ਹਾਂ ਨੂੰ ਆਪਣੇ ਆਪ ਵਿੱਚ ਸੁਤੰਤਰ ਰਚਨਾਵਾਂ ਵਜੋਂ ਮੰਨਿਆ ਜਾ ਸਕਦਾ ਹੈ।’ ਇਨ੍ਹਾਂ ਵਿੱਚ ਸੈਫੋ ਦੀਆਂ ਕਵਿਤਾਵਾਂ ਦੇ ਅੰਸ਼ਾਂ ’ਤੇ ਆਧਾਰਿਤ ‘ਇਫ ਨੌਟ, ਵਿੰਟਰ’, ਸੋਫੋਕਲੀਜ਼ ਦੇ ਦੁਖਾਂਤਕ ਨਾਟਕ ‘ਇਲੈਕਟਰਾ’ ਅਤੇ ‘ਐਂਟੀਗੋਨ’ ਅਤੇ ਯੂਰੀਪੀਡੀਜ਼ ਦਾ ‘ਬਾਕਾਈ’ ਸ਼ਾਮਲ ਹਨ।

***

## ਐਡਮਿੰਟਨ ਵਿੱਚ ਰੈਫ਼ਰੈਂਡਮ ਤੋਂ ਪਹਿਲਾਂ ਅਵਤਾਰ ਸਿੰਘ ਪੰਨ

ਰਸਮੀ ‘ਡਿਊਟੀ-ਟੂ-ਵਾਰਨ’ (ਜਾਨੀ ਖ਼ਤਰੇ ਦੀ ਚਿਤਾਵਨੀ) ਨੋਟਿਸ ਸੌਂਪਿਆ। ਪੁਲਿਸ ਨੇ ਖ਼ਤਰੇ ਬਾਰੇ ਹੋਰ ਵੇਰਵੇ ਸਾਂਝੇ ਨਹੀਂ ਕੀਤੇ, ਪਰ ਪੰਨੂ ਨੇ ਇਸ ਖ਼ਤਰੇ ਦੀ ਪੁਸ਼ਟੀ ਕਰਦਿਆਂ ਸੁਰੱਖਿਆ ਸਹਾਇਤਾ ਦੀ ਮੰਗ ਕੀਤੀ ਹੈ।

ਧਮਕੀਆਂ ਦੇ ਬਾਵਜੂਦ ਪ੍ਰਬੰਧਕਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਪਿੱਛੇ ਨਹੀਂ ਹਟਣਗੇ। ਉਨ੍ਹਾਂ ਆਖਿਆ, ‘ਅਸੀਂ ਗੋਲੀ ਜਾਂ ਆਪਣੀ ਜਾਨ ਦੇ ਡਰ ਤੋਂ ਬਿਨਾਂ ਅੱਗੇ ਵਧਾਂਗੇ।’

ਸਿੱਖ ਫਾਰ ਜਸਟਿਸ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂੰ ਨੇ ਦੱਸਿਆ ਕਿ ਪੁਲਿਸ ਦੀ ਇਹ ਤਾਜ਼ਾ ਚਿਤਾਵਨੀ ਮੁੜ ਇਹ ਚਿੰਤਾਵਾਂ ਪੈਦਾ ਕਰਦੀ ਹੈ ਕਿ ਕੈਨੇਡਾ ਵਿੱਚ ਖ਼ਾਲਿਸਤਾਨ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਵਿਦੇਸ਼ੀ ਸਾਜ਼ਿਸ਼ਾਂ ਅਜੇ ਵੀ ਜਾਰੀ ਹਨ। ਜ਼ਿਕਰਯੋਗ ਹੈ ਕਿ ਅਮਰੀਕੀ ਅਤੇ ਕੈਨੇਡੀਅਨ ਨਾਗਰਿਕਤਾ ਰੱਖਣ ਵਾਲੇ ਗੁਰਪਤਵੰਤ ਸਿੰਘ ਪੰਨੂੰ ਨੂੰ ਵੀ ਇਸੇ ਸਾਲ ਅਗਸਤ ਮਹੀਨੇ ਐਫ.ਬੀ.ਆਈ. ਅਤੇ ਆਰ.ਸੀ.ਐਮ.ਪੀ. ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਸੀ।

ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ 2023 ਵਿੱਚ ਕੈਨੇਡਾ ਦੇ ਸਰੀ ਸ਼ਹਿਰ ਵਿਖੇ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਨੂੰ ਲੈ ਕੇ ਕੈਨੇਡੀਅਨ ਅਤੇ ਅਮਰੀਕੀ ਜਾਂਚ ਏਜੰਸੀਆਂ ਨੇ ਭਾਰਤੀ ਅਧਿਕਾਰੀਆਂ ’ਤੇ ਸ਼ੱਕ ਜ਼ਾਹਰ ਕੀਤਾ ਸੀ।

ਅਲਬਰਟਾ ਸੂਬੇ ਦੇ ਭਵਿੱਖ ਸਬੰਧੀ 19 ਅਕਤੂਬਰ ਨੂੰ ਹੋਣ ਵਾਲੀ ਸਥਾਨਕ ਵੋਟਿੰਗ ਤੋਂ ਠੀਕ ਇੱਕ ਦਿਨ ਪਹਿਲਾਂ 18 ਅਕਤੂਬਰ ਨੂੰ ਐਡਮਿੰਟਨ ਵਿੱਚ ਇਹ ਰੈਫ਼ਰੈਂਡਮ ਕਰਵਾਇਆ ਜਾ ਰਿਹਾ ਹੈ, ਜਿਸ ਕਾਰਨ ਸਥਾਨਕ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹਨ।

****

## ਕੈਨੇਡਾ ਦੀ ਏ.ਆਈ. ਕੰਪਨੀ ਵੱਲੋਂ

ਇਸ ਘਟਨਾਕ੍ਰਮ ਨੇ ਕੈਨੇਡਾ ਦੇ ਏ.ਆਈ. ਖੇਤਰ ਦੀ ਅਮਰੀਕੀ ਇਨਫ਼ਰਾਸਟਰਕਚਰ ’ਤੇ ਨਿਰਭਰਤਾ ਬਾਰੇ ਵੀ ਚਿੰਤਾਵਾਂ ਵਧਾ ਦਿੱਤੀਆਂ ਹਨ। ਟੋਰਾਂਟੋ ਯੂਨੀਵਰਸਿਟੀ ਦੇ ਤਕਨਾਲੋਜੀ ਨੀਤੀ ਮਾਹਰ ਸ਼ਾਨ ਮੁਲਿਨ ਨੇ ਸਵਾਲ ਉਠਾਇਆ ਕਿ ਸੰਵੇਦਨਸ਼ੀਲ ਸਰਕਾਰੀ ਅਤੇ ਰੱਖਿਆ ਡਾਟਾ ਅਜਿਹੇ ਕਲਾਊਡ ਜਾਂ ਮਾਡਲਾਂ ਰਾਹੀਂ ਕਿਉਂ ਚੱਲਣਾ ਚਾਹੀਦਾ ਹੈ ਜੋ ਦੇਸ਼ ਦੇ ਆਪਣੇ ਕੰਟਰੋਲ ਵਿੱਚ ਹੀ ਨਾ ਹੋਣ ?

ਹਾਲਾਂਕਿ ਕੈਨੇਡਾ ਸਰਕਾਰ ਨੇ ਡਾਟਾ ਸੈਂਟਰਾਂ ਅਤੇ ਸੁਪਰ ਕੰਪਿਊਟਿੰਗ ਵਿੱਚ ਨਿਵੇਸ਼ ਦੇ ਵਾਅਦੇ ਕੀਤੇ ਹਨ, ਪਰ ਇਸ ਸਮਰੱਥਾ ਨੂੰ ਬਣਾਉਣ ਵਿੱਚ ਅਜੇ ਕਾਫ਼ੀ ਸਮਾਂ ਅਤੇ ਅਰਬਾਂ ਡਾਲਰ ਲੱਗਣਗੇ। ਦੂਜੇ ਪਾਸੇ, ਕੈਨੇਡਾ ਵਿੱਚ ਏ.ਆਈ. ਕੰਪਨੀਆਂ ਲਈ ਫ਼ੰਡ ਇਕੱਠਾ ਕਰਨਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਸਰਕਾਰੀ ਬੁਲਾਰਿਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਉੱਦਮੀਆਂ ਨੂੰ ਦੇਸ਼ ਛੱਡਣ ਦੀ ਲੋੜ ਨਹੀਂ ਪਵੇਗੀ ਅਤੇ ਸਰਕਾਰ ਖ਼ੁਦ ਸਥਾਨਕ ਕੰਪਨੀਆਂ ਦੀ ਮੁੱਖ ਖ਼ਰੀਦਦਾਰ ਬਣ ਕੇ ਸਹਿਯੋਗ ਦੇਵੇਗੀ। ਫ਼ਿਲਹਾਲ, ਕੈਨੇਡਾ ਦੇ ਰੱਖਿਆ ਬਜਟ ਵਿੱਚ ਵਾਧੇ ਅਤੇ ਤੇਜ਼ੀ ਨਾਲ ਹੋ ਰਹੀ ਸਰਕਾਰੀ ਖ਼ਰੀਦ ਪ੍ਰਕਿਰਿਆ ਨੂੰ ਦੇਸ਼ ਦੇ ਏ.ਆਈ. ਉਦਯੋਗ ਲਈ ਇੱਕ ਮਹੱਤਵਪੂਰਨ ਪ੍ਰੀਖਿਆ ਵਜੋਂ ਦੇਖਿਆ ਜਾ ਰਿਹਾ ਹੈ।

***

## ਸ੍ਰੀ ਦਰਬਾਰ ਸਾਹਿਬ ਨੂੰ ਬਦਨਾਮ ਕਰਨ ਦੀ ਕੋਝੀ ਸਾਜ਼ਿਸ਼

ਦੂਜਾ, ਮਰਿਆਦਾ ਭੰਗ ਕਰਨ ਅਤੇ ਬੇਬੁਨਿਆਦ ਇਲਜ਼ਾਮ ਲਾ ਕੇ ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ ਵਾਲੇ ਅਨਸਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਪੁਲਿਸ ਸ਼ਿਕਾਇਤਾਂ ਦਰਜ ਕਰਵਾਈਆਂ ਜਾਣ।

ਇਸ ਦੇ ਨਾਲ ਹੀ ਪ੍ਰਚਾਰ ਅਤੇ ਪ੍ਰਸਾਰ ਦੇ ਤਰੀਕਿਆਂ ਨੂੰ ਆਧੁਨਿਕ ਬਣਾਉਣਾ ਜ਼ਰੂਰੀ ਹੈ। ਦਰਬਾਰ ਸਾਹਿਬ ਦੇ ਦਾਖ਼ਲਾ ਦੁਆਰਾਂ ’ਤੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਵੱਡੇ ਅਤੇ ਸਪੱਸ਼ਟ ਬੋਰਡ ਲਗਾਏ ਜਾਣ, ਜਿਨ੍ਹਾਂ ’ਤੇ ਵਲੌਗਿੰਗ ਦੀ ਮਨਾਹੀ ਦੇ ਨਿਯਮ ਦਰਜ ਹੋਣ। ਸ਼੍ਰੋਮਣੀ ਕਮੇਟੀ ਦੇ ਆਈਟੀ ਅਤੇ ਮੀਡੀਆ ਵਿੰਗ ਨੂੰ ਇੰਨਾ ਚੌਕਸ ਹੋਣਾ ਪਵੇਗਾ ਕਿ ਜਿਵੇਂ ਹੀ ਕੋਈ ਗੁੰਮਰਾਹਕੁੰਨ ਵੀਡੀਓ ਇੰਟਰਨੈੱਟ ’ਤੇ ਆਵੇ, ਤੁਰੰਤ ਤੱਥਾਂ ਸਮੇਤ ਉਸ ਦਾ ਖੰਡਨ ਪੇਸ਼ ਕੀਤਾ ਜਾਵੇ। ਪਹਿਰੇਦਾਰਾਂ ਅਤੇ ਸੇਵਾਦਾਰਾਂ ਨੂੰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨਾਲ ਨਜਿੱਠਣ ਲਈ ਸ਼ਾਂਤ ਅਤੇ ਪੇਸ਼ੇਵਰ ਰਣਨੀਤੀ ਅਪਣਾਉਣ ਦੀ ਲੋੜ ਹੈ, ਤਾਂ ਜੋ ਕਿਸੇ ਨੂੰ ਵੀ ਬੇਲੋੜਾ ਵਿਵਾਦ ਖੜ੍ਹਾ ਕਰਨ ਦਾ ਬਹਾਨਾ ਨਾ ਮਿਲ ਸਕੇ।

ਸਿੱਖ ਚਿੰਤਕ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਮਹਾਨਤਾ ਕਿਸੇ ਸੋਸ਼ਲ ਮੀਡੀਆ ਇਨਫਲੂਐਂਸਰ ਤੇ ਬਿਪਰਨ ਦੀਆਂ ਚਾਲਾਂ ਨਾਲ ਘੱਟ ਨਹੀਂ ਹੋ ਸਕਦੀ। ਇਹ ਅਸਥਾਨ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੈ ਅਤੇ ਰਹੇਗਾ। ਪ੍ਰੰਤੂ ਸਿੱਖ ਕੌਮ ਅਤੇ ਇਸ ਦੇ ਪ੍ਰਬੰਧਕਾਂ ਨੂੰ ਹੁਣ ਇਹ ਸਮਝਣਾ ਹੋਵੇਗਾ ਕਿ ਧਾਰਮਿਕ ਸ਼ਰਧਾ ਦੀ ਆੜ ਵਿੱਚ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਨੂੰ ਨੱਥ ਪਾਉਣ ਲਈ ਚੌਕਸੀ, ਕਾਨੂੰਨੀ ਸਖ਼ਤੀ ਅਤੇ ਡਿਜੀਟਲ ਸੁਚੇਤਨਾ ਹੀ ਇੱਕੋ-ਇੱਕ ਕਾਰਗਰ ਰਸਤਾ ਹੈ।




ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਮਹਿਲਾ ਹਾਕੀ ਇੰਡੀਆ ਲੀਗ ਨੂੰ ਬੰਦ ਹੋਣ ਤੋਂ

ਢਾਂਚੇ ’ਤੇ ਕੰਮ ਕਰਨ ਦੀ ਹਦਾਇਤ ਕੀਤੀ। ਕਮੇਟੀ ਨੂੰ ਸਮਾਂਬੱਧ ਤਰੀਕੇ ਨਾਲ ਆਪਣੀ ਰਿਪੋਰਟ ਮੰਤਰਾਲੇ ਨੂੰ ਸੌਂਪਣ ਲਈ ਕਿਹਾ ਗਿਆ।

ਅਗਸਤ ਵਿੱਚ ਆਲਮੀ ਕੱਪ ਦੌਰਾਨ ਜਿੱਥੇ ਭਾਰਤੀ ਮਹਿਲਾ ਹਾਕੀ ਟੀਮ ਨੇ 1974 ਤੋਂ ਬਾਅਦ ਦਾ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ ਪੰਜਵਾਂ ਸਥਾਨ ਹਾਸਲ ਕੀਤਾ ਸੀ, ਉੱਥੇ ਕਪਤਾਨ ਸਲੀਮਾ ਟੇਟੇ ਅਤੇ ਸਵਿਤਾ ਪੂਨੀਆ ਸਣੇ ਭਾਰਤੀ ਹਾਕੀ ਖਿਡਾਰਨਾਂ ਨੇ ਗੰਭੀਰ ਵਿੱਤੀ ਸੰਕਟ ਦਰਮਿਆਨ ਮਹਿਲਾ ਹਾਕੀ ਇੰਡੀਆ ਲੀਗ ਨੂੰ ਬੰਦ ਹੋਣ ਤੋਂ ਬਚਾਉਣ ਲਈ ਅਪੀਲ ਕੀਤੀ ਸੀ। ਐੱਚ ਆਈ ਐੱਲ ਦਾ ਅਗਲਾ ਸੀਜ਼ਨ ਬੇਯਕੀਨੀ ਦਾ ਸਾਹਮਣਾ ਕਰ ਰਿਹਾ ਹੈ, ਕਿਉਂਕਿ ਫਰੈਂਚਾਇਜ਼ੀਜ਼ ਵਧੇਰੇ ਸਪੱਸ਼ਟਤਾ ਦੀ ਮੰਗ ਕਰ ਰਹੀਆਂ ਹਨ।

***

## ਬਦਲ ਰਹੀ ਹੈ ਪੰਜਾਬ ਦੀ ਸਿਆਸਤ

ਦਰਅਸਲ, ਪੰਜਾਬ ਲੰਮੇ ਸਮੇਂ ਤੋਂ ਖੇਤੀਬਾੜੀ ਦੀ ਖੜੋਤ ਅਤੇ ਉਦਯੋਗਾਂ ਦੀ ਘਾਟ ਕਾਰਨ ਡੂੰਘੇ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਹਾਲਾਤ ਇਹ ਹਨ ਕਿ ਸੂਬੇ ਦੇ 70 ਫ਼ੀਸਦੀ ਤੋਂ ਵੱਧ ਕਿਸਾਨ ਚੰਗਾ ਰੁਜ਼ਗਾਰ ਮਿਲਣ ’ਤੇ ਖੇਤੀ ਛੱਡਣ ਲਈ ਤਿਆਰ ਹਨ। ਸੁਨਹਿਰੀ ਭਵਿੱਖ ਦੀ ਆਸ ਧੁੰਦਲੀ ਹੋਣ ਕਾਰਨ ਪੰਜਾਬੀ ਨੌਜਵਾਨਾਂ ਵਿੱਚ ਨਿਰਾਸ਼ਾ ਵਧੀ ਹੈ। ਸਰਵੇਖਣ ਦੱਸਦੇ ਹਨ ਕਿ 2016 ਦੇ ਮੁਕਾਬਲੇ 2021 ਤੱਕ ਸਿੱਖ ਨੌਜਵਾਨਾਂ ਵਿੱਚ ਧਾਰਮਿਕਤਾ ਵੱਲ ਝੁਕਾਅ ਵਧਿਆ ਹੈ ਅਤੇ ਆਪਸੀ ਸਹਿਣਸ਼ੀਲਤਾ ਘਟੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਸਰਕਾਰਾਂ ਨੇ ਵੀ ਨੌਜਵਾਨਾਂ ਦੇ ਅਸਲ ਮਸਲਿਆਂ ਨੂੰ ਹੱਲ ਕਰਨ ਦੀ ਬਹੁਤੀ ਕੋਸ਼ਿਸ਼ ਨਹੀਂ ਕੀਤੀ। ਅਜਿਹੇ ਮਾਹੌਲ ਵਿੱਚ ਮੌਜੂਦਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਨਾਲ-ਨਾਲ ਪੰਚਾਇਤੀ ਅਤੇ ਸ਼ਹਿਰੀ ਚੋਣਾਂ ਵਿੱਚ ਉਨ੍ਹਾਂ ਦੀ ਸਿਆਸੀ ਹਿੱਸੇਦਾਰੀ ਵਧਾਉਂਦੀ। ਅਜਿਹਾ ਕਰਕੇ ਪੰਜਾਬ ਨੂੰ ‘ਰੰਗਲਾ ਪੰਜਾਬ’ ਬਣਾਉਣ ਦਾ ਸੁਫਨਾ ਹਕੀਕੀ ਰੂਪ ਵਿੱਚ ਸਾਕਾਰ ਹੋ ਸਕਦਾ ਸੀ।

***

## 1 ਫ਼ੀਸਦੀ ਅਮੀਰਾਂ ਕੋਲ 43 ਫ਼ੀਸਦੀ ਦੌਲਤ

ਭਾਰਤ ਵਿੱਚ ਆਮਦਨ ਨਾ-ਬਰਾਬਰੀ ਦਿਨ ਬਦਿਨ ਵਧ ਰਹੀ ਹੈ। ਇੱਕ ਰਿਪੋਰਟ ਅਨੁਸਾਰ 2016 ਤੋਂ 2020 ਤਕ ਹੇਠਲੀ ਆਮਦਨ ਵਾਲੇ 20 ਫ਼ੀਸਦੀ ਲੋਕਾਂ ਦੀ ਆਮਦਨ ਹੋਰ 20 ਫ਼ੀਸਦੀ ਘਟ ਗਈ ਸੀ ਜਦੋਂ ਕਿ ਉੱਪਰਲੀ ਆਮਦਨ ਵਾਲੇ 20 ਫੀਸਦੀ ਲੋਕਾਂ ਦੀ ਆਮਦਨ 20 ਫ਼ੀਸਦੀ ਹੋਰ ਵਧ ਗਈ ਸੀ। ਉੱਪਰਲੀ ਆਮਦਨ ਵਾਲੇ 1 ਫ਼ੀਸਦੀ ਲੋਕਾਂ ਕੋਲ 43 ਫ਼ੀਸਦੀ ਦੌਲਤ ਹੈ ਜਦੋਂ ਕਿ 50 ਫ਼ੀਸਦੀ ਹੇਠਲੀ ਆਮਦਨ ਵਾਲੇ ਲੋਕਾਂ ਕੋਲ ਸਿਰਫ 13 ਫ਼ੀਸਦੀ ਦੌਲਤ ਹੈ। ਇਹ ਸਭ ਕੁਝ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਪ੍ਰਤੀ ਵਿਅਕਤੀ ਆਮਦਨ ਕਿਸੇ ਸਮਾਜ ਦੀ ਠੀਕ-ਠੀਕ ਤਸਵੀਰ ਤਾਂ ਹੀ ਹੋ ਸਕਦੀ ਹੈ ਜੇ ਦੇਸ਼ ਵਿੱਚ ਆਮਦਨ ਬਰਾਬਰੀ ਹੋਵੇ; ਜੇ ਆਮਦਨ ਨਾਬਰਾਬਰੀ ਹੈ ਤਾਂ ਤੱਥ ਕੁਝ ਹੋਰ ਦੱਸਦੇ ਹਨ ਪਰ ਅਸਲ ਤਸਵੀਰ ਹੋਰ ਬਣਦੀ ਹੈ।

***

## ਭਾਰਤੀ ਅਰਥਚਾਰੇ ’ਤੇ

ਅਤੇ ਡਿਜੀਟਲ ਨਿਗਰਾਨੀ ਕਰਨ ਦੇ ਹਨ, ਜਿਸਦੇ ਭਵਿੱਖ ਵਿੱਚ ਸੁਰੱਖਿਆ ਤੇ ਪ੍ਰਭੂਸੱਤਾ ਲਈ ਘਾਤਕ ਸਿੱਟੇ ਨਿਕਲ ਸਕਦੇ ਹਨ।

ਇਸ ਸਮਝੌਤੇ ਲਈ ਅਮਰੀਕਾ ਭਾਰਤ ਸਰਕਾਰ ਉੱਤੇ ਹਰ ਹੀਲੇ-ਵਸੀਲੇ ਆਪਣਾ ਦਬਾਅ ਪਾ ਰਿਹਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਟੈਰਿਫ ਨੀਤੀਆਂ ਨੂੰ ਹਥਿਆਰ ਬਣਾ ਕੇ ਭਾਰਤ ਨੂੰ ਰੂਸ ਅਤੇ ਇਰਾਨ ਤੋਂ ਸਸਤਾ ਕੱਚਾ ਤੇਲ ਖਰੀਦਣ ਤੋਂ ਵਰਜਣਾ ਅਤੇ ਅਮਰੀਕਾ ਦੁਆਰਾ ਵੈਨੇਜ਼ੁਏਲਾ ਦੇ ਦੱਬੇ ਹੋਏ ਤੇਲ ਸਾਧਨਾਂ ਉੱਤੇ ਆਪਣੇ ਕੰਟਰੋਲ ਰਾਹੀਂ ਵਿਸ਼ਵ ਊਰਜਾ ਮੰਡੀ ਉੱਤੇ ਆਪਣੀ ਅਜਾਰੇਦਾਰੀ ਥੋਪ ਕੇ ਭਾਰਤ ਨੂੰ ਮਹਿੰਗਾ ਅਮਰੀਕੀ ਤੇਲ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਟਰੰਪ ਵੱਲੋਂ ਵਾਰ-ਵਾਰ ਭਾਰਤ-ਪਾਕਿਸਤਾਨ ਜੰਗ ਬੰਦ ਕਰਵਾਉਣ ਦੇ ਬਿਆਨ ਦੇ ਕੇ ਅਤੇ ਭਾਰਤ ਨੂੰ ਧਰਤੀ ਉੱਤੇ ਨਰਕ ਕਹਿ ਕੇ ਵਿਸ਼ਵ ਮੰਚ ਉੱਤੇ ਜ਼ਲੀਲ ਕੀਤਾ ਜਾ ਰਿਹਾ ਹੈ। ਇਸ ਸਮਝੌਤੇ ਉੱਤੇ ਸਹਿਮਤੀ ਦੇਣ ਲਈ ਭਾਜਪਾ ਸਰਕਾਰ ਦੇ ਚਹੇਤੇ ਅਡਾਨੀ ਸਮੂਹ ਉੱਤੇ ਅਮਰੀਕੀ ਅਦਾਲਤਾਂ ਵਿੱਚ ਚੱਲ ਰਹੇ ਕੇਸ ਨੂੰ ਮੁੜ ਤੂਲ ਦੇਣ, ਐਪਸਟੀਨ ਫਾਈਲਾਂ ਰਾਹੀਂ ਬਣਾਏ ਗਏ ਬਲੈਕਮੇਲਿੰਗ ਦੇ ਦਬਾਅ ਅਤੇ ਭਾਰਤ ਦੀ ਇਜ਼ਰਾਈਲ-ਅਮਰੀਕੀ ਗੱਠਜੋੜ ਨਾਲ ਵਧ ਰਹੀ ਨੇੜਤਾ ਨੂੰ ਵਰਤਿਆ ਜਾ ਰਿਹਾ ਹੈ। ਇਨ੍ਹਾਂ ਅਮਰੀਕੀ ਕਾਰਵਾਈਆਂ ਨੇ ਨਰਿੰਦਰ ਮੋਦੀ ਦੇ ‘ਵਿਸ਼ਵਗੁਰੂ’ ਹੋਣ ਦੇ ਬਿਰਤਾਂਤ ਅਤੇ ਗੁੱਟ ਨਿਰਲੇਪ ਦੀ ਭਾਰਤੀ ਵਿਦੇਸ਼ ਨੀਤੀ ਨੂੰ ਕਮਜ਼ੋਰ ਕੀਤਾ ਹੈ।

ਇਹ ਸਮਝੌਤਾ ਪੱਛਮੀ ਸਾਮਰਾਜ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਗ਼ੈਰ-ਬਰਾਬਰ ਵਟਾਂਦਰੇ, ਅਸਾਵੇਂ ਵਿਕਾਸ ਅਤੇ ਭਾਰਤੀ ਖੇਤੀਬਾੜੀ ਵਿੱਚ ਪੂੰਜੀਵਾਦ ਦੇ ਪਸਾਰੇ ਦਾ ਇੱਕ ਹੋਰ ਵੱਡਾ ਹਮਲਾ ਹੈ। ਇਸ ਪੱਛਮੀ ਸਾਮਰਾਜੀ ਵਪਾਰਕ-ਆਰਥਿਕ ਹਮਲੇ ਨਾਲ ਭਾਰਤ ਦੇ ਖੇਤੀਬਾੜੀ ਖੇਤਰ ਨਾਲ ਜੁੜੀ ਵਸੋਂ ਦੇ ਇੱਕ ਵੱਡੇ ਹਿੱਸੇ ਦਾ ਇਸ ਖੇਤਰ ਵਿੱਚੋਂ ਬਾਹਰ ਹੋਣਾ ਲਗਪਗ ਤੈਅ ਹੈ। ਭਾਰਤੀ ਅਰਥਚਾਰੇ ਉੱਤੇ ਪੱਛਮੀ ਸਾਮਰਾਜੀ ਹਮਲੇ ਦੀ ਇਹ ਨੀਤੀ ਕੋਈ ਨਵੀਂ ਨਹੀਂ ਹੈ ਬਲਕਿ ਇਸ ਦੀ ਨੀਂਹ ਬਰਤਾਨਵੀ ਬਸਤੀਵਾਦ ਤੋਂ ਨਿਜਾਤ ਪਾਉਣ ਵੇਲੇ ਤੋਂ ਹੀ ਰੱਖੀ ਗਈ ਸੀ। ਸੱਤਾ ਬਦਲੀ ਤੋਂ ਬਾਅਦ ਭਾਰਤੀ ਰਾਜ ਦੀ ਵਾਗਡੋਰ ਵੱਡੇ ਪੂੰਜੀਪਤੀਆਂ ਦੇ ਹੱਥ ਆਈ, ਜਿਸ ਨੇ ਸਾਮਰਾਜੀ ਵਿੱਤੀ ਪੂੰਜੀ ਅਤੇ ਤਕਨਾਲੋਜੀ ਲਈ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ। ‘ਹਰੇ ਇਨਕਲਾਬ’ ਨੇ ਖੇਤੀ ਵਿੱਚ ਸਾਮਰਾਜੀ ਕੰਪਨੀਆਂ ਦਾ ਦਾਖਲਾ ਕਰਵਾ ਕੇ ਖੇਤੀ ਪੂੰਜੀਵਾਦ ਅਤੇ ਅਸਾਵੇਂ ਵਿਕਾਸ ਨੂੰ ਜਨਮ ਦਿੱਤਾ। ਵਿਦੇਸ਼ੀ ਪੂੰਜੀ ਨੇ ਭਾਰਤ ਦੇ ਨਿੱਜੀ ਤੇ ਜਨਤਕ ਖੇਤਰ ਵਿੱਚ ਲਗਾਤਾਰ ਘੁਸਪੈਠ ਕੀਤੀ। ਸਿੱਧੇ ਪੂੰਜੀ ਨਿਵੇਸ਼, ਪੋਰਟਫੋਲੀਓ ਨਿਵੇਸ਼, ਵਿੱਤੀ ਤੇ ਤਕਨੀਕੀ ਸਾਂਝੇਦਾਰੀਆਂ ਰਾਹੀਂ ਭਾਰਤ ਦੇ ਕੁੰਜੀਵਤ ਖੇਤਰਾਂ ਜਿਵੇਂ ਬੈਂਕਿੰਗ, ਖੇਤੀਬਾੜੀ, ਬੀਮਾ, ਤੇਲ, ਰੇਲਵੇ ਅਤੇ ਸੰਚਾਰ ਉੱਤੇ ਸਾਮਰਾਜੀ ਦੇਸ਼ਾਂ ਦਾ ਕੰਟਰੋਲ ਰਿਹਾ, ਜਿਸ ਨਾਲ ਭਾਰਤ ਬਰਤਾਨਵੀ ਬਸਤੀ ਦੀ ਥਾਂ ਬਹੁ-ਸਾਮਰਾਜੀ ਦੇਸ਼ਾਂ ਦੀ ਨਵ-ਬਸਤੀਵਾਦੀ ਲੁੱਟ ਦਾ ਅੱਡਾ ਬਣ ਗਿਆ। 1960ਵਿਆਂ ’ਚ ਅਮਰੀਕਾ ਦੀਆਂ ਫੋਰਡ ਅਤੇ ਰੌਕਫੈਲਰ ਫਾਊਂਡੇਸ਼ਨਾਂ ਦੀ ਸਰਪ੍ਰਸਤੀ ਹੇਠ ‘ਹਰਾ ਇਨਕਲਾਬ’ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਪੰਜਾਬ, ਹਰਿਆਣਾ, ਅਤੇ ਪੱਛਮੀ ਉੱਤਰ ਪ੍ਰਦੇਸ਼ ਨੂੰ ਪ੍ਰਯੋਗਸ਼ਾਲਾ ਵਜੋਂ ਚੁਣ ਕੇ ਸਸਤੇ ਕਰਜ਼ਿਆਂ, ਟਰੈਕਟਰਾਂ, ਸੁਧਰੇ ਬੀਜਾਂ, ਟਿਊਬਵੈੱਲਾਂ ਅਤੇ ਕੈਮੀਕਲ ਖਾਦਾਂ-ਦਵਾਈਆਂ ਦੀ ਆਮਦ ਨਾਲ ਖੇਤੀ ਦਾ ਪੂੰਜੀਵਾਦੀਕਰਨ ਕੀਤਾ ਗਿਆ। ਇੱਥੇ ਹਰੇ ਇਨਕਲਾਬ ਦਾ ਸ਼ੁਰੂਆਤੀ ਲਾਭ ਧਨਾਢ ਜ਼ਿਮੀਂਦਾਰਾਂ ਅਤੇ ਵੱਡੇ ਜ਼ਮੀਨ ਮਾਲਕਾਂ ਨੂੰ ਮਿਲਿਆ ਜਦਕਿ ਛੋਟੇ ਕਿਸਾਨ ਖੇਤੀ ਲਾਗਤਾਂ ਉੱਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਏਕਾਧਿਕਾਰ ਕਾਰਨ ਕਰਜ਼ਈ ਹੁੰਦੇ ਗਏ ਅਤੇ ਖੇਤੀ ਲਾਗਤਾਂ ਵਿੱਚ ਵਾਧੇ ਕਾਰਨ ਖੇਤੀ ਘਾਟੇ ਦਾ ਸੌਦਾ ਬਣਦੀ ਗਈ। ਪੀੜ੍ਹੀ-ਦਰ-ਪੀੜ੍ਹੀ ਜ਼ਮੀਨਾਂ ਦੀ ਵੰਡ ਕਾਰਨ ਕੌਮੀ ਪੱਧਰ ’ਤੇ ਔਸਤ ਜੋਤ ਦਾ ਆਕਾਰ ਘਟ ਕੇ 1.08 ਹੈਕਟੇਅਰ (ਲਗਪਗ 2.67 ਏਕੜ) ਰਹਿ ਗਿਆ ਹੈ ਅਤੇ ਦੇਸ਼ ਦੇ 86 ਫੀਸਦੀ ਤੋਂ ਵੱਧ ਕਿਸਾਨ ਸੀਮਾਂਤ ਹਨ, ਜਦਕਿ ਪੰਜਾਬ ਵਿੱਚ ਸੀਮਾਂਤ ਕਿਸਾਨੀ ਦਾ ਖੇਤੀ ’ਚੋਂ ਉਜਾੜਾ ਹੋਣ ਕਾਰਨ ਛੋਟੇ ਕਿਸਾਨ ਜ਼ਮੀਨਾਂ ਠੇਕੇ ’ਤੇ ਦੇ ਕੇ ਜਾਂ ਵੇਚ ਕੇ ਖੇਤੀ ’ਚੋਂ ਬਾਹਰ ਹੋ ਰਹੇ ਹਨ ਜਿਸ ਨਾਲ ਕੁੱਲ ਜੋਤਾਂ ਦੀ ਗਿਣਤੀ 1990-91 ਵਿੱਚ 11.17 ਲੱਖ ਤੋਂ ਘਟ ਕੇ 9.5 ਲੱਖ ਰਹਿ ਗਈ ਹੈ। ਇਸ ਤਰ੍ਹਾਂ ਸਾਮਰਾਜੀ ਪੂੰਜੀ ਤੇ ਨਵੀਂ ਤਕਨੀਕ ਦੇ ਮੱਕੜਜਾਲ ਵਿੱਚ ਫਸ ਕੇ ਦੇਸ਼ ਦਾ ਅਰਥਚਾਰਾ ਲਗਾਤਾਰ ਲਕਵਾਗ੍ਰਸਤ ਹੁੰਦਾ ਜਾ ਰਿਹਾ ਹੈ।

ਦੇਸ਼ ਦੇ ਹਾਕਮ ਸਾਮਰਾਜੀ ਦੇਸ਼ਾਂ ਤੇ ਉਨ੍ਹਾਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨਾਲ ਆਪਣੇ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੇ ਵਿੱਤੀ ਹਿੱਤਾਂ ਲਈ ਦੇਸ਼ ਦੀ ਕਿਸਾਨੀ, ਖੇਤ ਮਜ਼ਦੂਰਾਂ ਅਤੇ ਛੋਟੇ ਉਦਯੋਗਾਂ ਦਾ ਸੌਦਾ ਕਰਨ ਲਈ ਤਿਆਰ ਹਨ। ਇਹ ਸਮਝੌਤਾ ਕੋਈ ‘ਮੁਕਤ’ ਜਾਂ ਨਿਰਪੱਖ ਆਰਥਿਕ ਨੀਤੀ ਦਾ ਹਿੱਸਾ ਨਹੀਂ ਹੈ ਸਗੋਂ ਦੇਸ਼ ਦੇ ਦਿਹਾਤੀ ਅਰਥਚਾਰੇ ਉੱਤੇ ਇੱਕ ਸਾਮਰਾਜੀ ਡਾਕਾ ਹੈ। ਜੇਕਰ ਪੰਜਾਬ ਦੀ ਕਿਸਾਨੀ ਅਤੇ ਅਰਥਚਾਰੇ ਨੂੰ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਖੇਤੀਬਾੜੀ ਅਤੇ ਡੇਅਰੀ ਖੇਤਰ ਨੂੰ ਇਸ ਸਮਝੌਤੇ ਤੋਂ ਪੂਰੀ ਤਰ੍ਹਾਂ ਬਾਹਰ ਰੱਖਣ ਦੀ ਮੰਗ ਕਰਨੀ ਪਵੇਗੀ। ਪਰ ਇਸ ਤੋਂ ਵੀ ਵੱਡੀ ਲੋੜ ਇਹ ਸਮਝਣ ਦੀ ਹੈ ਕਿ ਇਹ ਲੜਾਈ ਕੇਵਲ ਟੈਰਿਫਾਂ ਦੇ ਘਾਟੇ-ਵਾਧੇ ਲਈ ਨਹੀਂ ਸਗੋਂ ਨਵ-ਉਦਾਰਵਾਦੀ ਅਤੇ ਸਾਮਰਾਜਵਾਦੀ ਪੂੰਜੀ ਦੇ ਖ਼ਿਲਾਫ਼ ਇੱਕ ਵਿਆਪਕ ਜਮਾਤੀ ਸੰਘਰਸ਼ ਦੀ ਹੈ। ਇਸ ਸਮੇਂ ਪੰਜਾਬ ਦੇ ਅਰਥਚਾਰੇ ਤੇ ਕਿਸਾਨੀ ਨੂੰ ਬਚਾਉਣ ਦਾ ਰਸਤਾ ਨਵ-ਉਦਾਰਵਾਦੀ ਨੀਤੀਆਂ ਨਾਲ ਸਮਝੌਤਾ ਕਰਨ ਵਿੱਚੋਂ ਨਹੀਂ ਨਿਕਲਣਾ, ਸਗੋਂ ਕਿਸਾਨਾਂ, ਪੇਂਡੂ ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਨੌਜਵਾਨਾਂ ਅਤੇ ਛੋਟੇ ਕਾਰੋਬਾਰੀਆਂ ਦੀ ਸਾਮਰਾਜਵਾਦ-ਵਿਰੋਧੀ ਤੇ ਪੂੰਜੀਵਾਦ-ਵਿਰੋਧੀ ਵਿਆਪਕ ਜਮਾਤੀ ਏਕਤਾ, ਚੇਤਨਾ ਅਤੇ ਸੰਘਰਸ਼ ਵਿੱਚੋਂ ਨਿਕਲਣਾ ਹੈ।

***

## ਘਾਟੇ ਵਿੱਚ ਕਿਉਂ ਹਨ

ਕੁਝ ਅਰਥਸ਼ਾਸਤਰੀ ਇਸ ਗੱਲ ਵੱਲ ਪਹਿਲਾਂ ਹੀ ਧਿਆਨ ਦਿਵਾ ਚੁੱਕੇ ਹਨ ਕਿ ਭਾਰਤੀ ਅਰਥਚਾਰੇ ਵਿੱਚ ਰੁਜ਼ਗਾਰ ਦੀ ਹਾਲਤ ਕਾਫ਼ੀ ਮਾੜੀ ਹੈ, ਇਸ ਵਾਧਾ ਦਰ ਨੂੰ ਰੁਜ਼ਗਾਰ ਵਿਹੂਣੀ ਵਾਧਾ ਦਰ ਕਿਹਾ ਜਾਂਦਾ ਹੈ। ਹਾਲ ਹੀ ਵਿੱਚ ਗ਼ਲਤ ਢੰਗ ਨਾਲ ਕੁੱਲ ਘਰੇਲੂ ਪੈਦਾਵਾਰ ਨੂੰ ਅੰਕਣ ਦੀ ਗੱਲ ਉਜਾਗਰ ਹੋਣ ਤੋਂ ਬਾਅਦ ਇਹ ਗੱਲ ਵਧੇਰੇ ਸਾਫ਼ ਹੋ ਚੁੱਕੀ ਹੈ ਕਿ ਨਾ ਸਿਰਫ਼ ਕੁੱਲ ਰੁਜ਼ਗਾਰ ਸਗੋਂ ਕੁੱਲ ਘਰੇਲੂ ਪੈਦਾਵਾਰ ਵੀ ਖੜੋਤ ਵਾਲੇ ਹਾਲਾਤ ਵੱਲ ਵਧ ਰਹੀ ਹੈ।

ਮੁੱਖ ਖੇਤਰ ਤੇ ਕੁੱਲ ਘਰੇਲੂ ਪੈਦਾਵਾਰ ਦੀ ਇਸ ਹਾਲਤ ਉੱਤੇ ਹੋਰ ਮੋਹਰ ਵਸਤ ਤੇ ਸੇਵਾਵਾਂ ਕਰ ਦੇ ਅੰਕੜਿਆਂ ਨੇ ਲਾਈ ਹੈ। ਆਮ ਤੌਰ ਉੱਤੇ ਕੁੱਲ ਘਰੇਲੂ ਪੈਦਾਵਾਰ ਵਿੱਚ ਤੇਜ਼ ਰਫ਼ਤਾਰ ਵਾਧੇ ਨਾਲ ਕੁੱਲ ਟੈਕਸਾਂ/ਕਰਾਂ ਦੀ ਆਮਦਨੀ ਵਿੱਚ ਵੀ ਵਾਧਾ ਹੁੰਦਾ ਹੈ। ਇਸ ਸਾਲ ਹੀ ਕਰਾਂ ਤੋਂ ਆਮਦਨੀ ਵਿੱਚ ਕਾਫ਼ੀ ਥੋੜ੍ਹਾ ਵਾਧਾ ਹੋਇਆ ਹੈ ਤੇ ਮਈ 2026 ਵਿੱਚ ਤਾਂ ਘਰੇਲੂ ਲੈਣ-ਦੇਣ ਉੱਤੇ ਲੱਗੇ ਟੈਕਸ ਤੋਂ ਹੋਣ ਵਾਲੀ ਆਮਦਨੀ ਵਿੱਚ 2.6 ਫ਼ੀਸਦੀ ਦੀ ਗਿਰਾਵਟ ਆਈ ਹੈ। ਇਹ ਸਾਰੇ ਅੰਕੜੇ ਤੇ ਚਰਚਾ ਇਸੇ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਮੁੱਖ ਖੇਤਰਾਂ ਦੀ ਵਾਧਾ ਦਰ ਦਾ ਸੁੰਗੜਨਾ ਨਿਰੋਲ ਵਕਤੀ ਵਰਤਾਰਾ ਨਹੀਂ ਹੈ ਸਗੋਂ ਇਹ ਕੁੱਲ ਅਰਥਚਾਰੇ ਵਿੱਚ ਖੜੋਤ ਦਾ ਹੀ ਪ੍ਰਗਟਾਵਾ ਹੈ। ਨਾਲ ਹੀ ਅਰਥਚਾਰੇ ਦੀ ਕੁੱਲ ਸਿਹਤ ਉੱਤੇ ਮੋੜਵਾਂ ਨਾਂਹ-ਪੱਖੀ ਅਸਰ ਪਾਵੇਗਾ। ਅਰਥਚਾਰੇ ਦੀ ਅਜਿਹੀ ਹਾਲਤ ਨੂੰ ਦੇਖਦਿਆਂ ਸਾਫ਼ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਸਰਮਾਏਦਾਰਾਂ ਨੂੰ ਰਾਹਤਾਂ ਦੇਣ ਲਈ ਪੱਬਾਂ ਭਾਰ ਹੋਣਗੀਆਂ ਤੇ ਲੋਕਾਂ ਦੀ ਲੁੱਟ ਤਰ੍ਹਾਂ-ਤਰ੍ਹਾਂ ਨਾਲ ਤੇਜ਼ ਕਰਨ ਦੇ ਹੀਲੇ ਵਰਤਣਗੀਆਂ। ਲਾਜ਼ਮੀ ਹੀ ਲੋਕਾਂ ਨੂੰ ਸਰਕਾਰ ਦੇ ਇਸ ਹੱਲੇ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ ਤੇ ਇਸ ਲਈ ਆਪਣੇ ਜਥੇਬੰਦਕ ਏਕੇ ਉੱਤੇ ਟੇਕ ਰੱਖਣੀ ਚਾਹੀਦੀ ਹੈ।

***

## ਅਮਰੀਕੀ ਸਰਕਾਰ ਨੇ ਰੋਕਿਆ ਆਈ. ਟੀ. ਕੰਪਨੀਆਂ

ਕਿਰਤ ਵਿਭਾਗ ਨੇ ਕਿਹਾ ਕਿ ਉਹ ਹੁਣ ਇਨ੍ਹਾਂ ਕੰਪਨੀਆਂ ਨਾਲ ਸਬੰਧਿਤ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਦੀਆਂ ਨਵੀਆਂ ਅਰਜ਼ੀਆਂ ਸਵੀਕਾਰ ਨਹੀਂ ਕਰੇਗਾ ਅਤੇ ਨਾ ਹੀ ਪਹਿਲਾਂ ਤੋਂ ਲੰਬਿਤ ਅਰਜ਼ੀਆਂ ’ਤੇ ਕਾਰਵਾਈ ਕਰੇਗਾ। ਸੋਨਡਰਲਿੰਗ ਨੇ ਕਿਹਾ ਕਿ ਸਾਲ 2009 ਤੋਂ ਹੁਣ ਤੱਕ ਸਿਰਫ਼ ਇਨ੍ਹਾਂ ਕੰਪਨੀਆਂ ਨੇ ਹੀ ਲਗਭਗ 30 ਲੱਖ ਵਿਦੇਸ਼ੀ ਕਾਮਿਆਂ ਲਈ ਅਰਜ਼ੀਆਂ ਦਿੱਤੀਆਂ ਹਨ। ਇਨ੍ਹਾਂ ਕੰਪਨੀਆਂ ਨੂੰ 2.30 ਲੱਖ ਤੋਂ ਵੱਧ ਐੱਚ-1ਬੀ ਵੀਜ਼ਿਆਂ ਦੀ ਮਨਜ਼ੂਰੀ ਮਿਲੀ ਹੈ ਅਤੇ ਇੱਕ ਲੱਖ ਤੋਂ ਵੱਧ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਜਾਰੀ ਕੀਤੇ ਗਏ ਹਨ।

ਅਮਰੀਕੀ ਕਿਰਤ ਮੰਤਰੀ ਨੇ ਦਾਅਵਾ ਕੀਤਾ ਕਿ ਇਸ ਕਾਰਨ ਲੱਖਾਂ ਨਹੀਂ ਸਗੋਂ ਲੱਖਾਂ ਵਿੱਚ ਨੌਕਰੀਆਂ ਅਮਰੀਕੀ ਕਾਮਿਆਂ ਤੋਂ ਦੂਰ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਅਮਰੀਕੀ ਕਾਮਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ।

ਅਮਰੀਕੀ ਪ੍ਰਸ਼ਾਸਨ ਪਹਿਲਾਂ ਹੀ ਐੱਚ-1ਬੀ ਪ੍ਰੋਗਰਾਮ ਨੂੰ ਲੈ ਕੇ ਸਖ਼ਤ ਨੀਤੀਆਂ ਲਾਗੂ ਕਰ ਚੁੱਕਾ ਹੈ। ਸਤੰਬਰ ਵਿੱਚ ਜਾਰੀ ਰਾਸ਼ਟਰਪਤੀ ਹੁਕਮ ਵਿੱਚ ਸਰਕਾਰ ਨੇ ਕਿਹਾ ਸੀ ਕਿ ਐੱਚ-1ਬੀ ਪ੍ਰੋਗਰਾਮ ਦੀ ਕਥਿਤ ਦੁਰਵਰਤੋਂ ਨੂੰ ਰੋਕਣ ਅਤੇ ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਲਈ ਪਾਬੰਦੀਆਂ ਜਾਰੀ ਰੱਖੀਆਂ ਜਾਣਗੀਆਂ।

ਮਾਈਕਰੋਸਾਫਟ ਸਮੇਤ ਵੱਡੀਆਂ ਤਕਨਾਲੋਜੀ ਕੰਪਨੀਆਂ ਲਈ ਇਹ ਕਾਰਵਾਈ ਮਹੱਤਵਪੂਰਨ ਹੈ ਕਿਉਂਕਿ ਉਹ ਹੁਨਰਮੰਦ ਵਿਦੇਸ਼ੀ ਕਾਮਿਆਂ, ਖਾਸ ਕਰਕੇ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਨੌਕਰੀਆਂ ਦਿੰਦੀਆਂ ਹਨ। ਐੱਚ-1ਬੀ ਵੀਜ਼ਾ ਕਈ ਵਿਦੇਸ਼ੀ ਕਾਮਿਆਂ ਲਈ ਅਮਰੀਕਾ ਵਿੱਚ ਲੰਬੇ ਸਮੇਂ ਤੱਕ ਕੰਮ ਕਰਨ ਅਤੇ ਅੱਗੇ ਚੱਲ ਕੇ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਹਾਸਲ ਕਰਨ ਦਾ ਰਾਹ ਬਣਦਾ ਹੈ।

ਉਪ ਰਾਸ਼ਟਰਪਤੀ ਵੈਂਸ ਦੀ ਅਗਵਾਈ ਵਾਲੀ ਟਾਸਕ ਫੋਰਸ ਅਤੇ ਅਮਰੀਕੀ ਕਿਰਤ ਤੇ ਨਿਆਂ ਵਿਭਾਗ ਵੱਲੋਂ ਕੰਮਕਾਜੀ ਵੀਜ਼ਾ ਪ੍ਰੋਗਰਾਮਾਂ ਵਿੱਚ ਕਥਿਤ ਦੁਰਵਰਤੋਂ ਦੀਆਂ ਨਵੀਆਂ ਜਾਂਚਾਂ ਦੇ ਨਤੀਜੇ ਵੀ ਸਾਹਮਣੇ ਲਿਆਂਦੇ ਜਾਣ ਦੀ ਉਮੀਦ ਹੈ।

***

## ਗ੍ਰੀਨ ਕਾਰਡ ਪ੍ਰੋਗਰਾਮ ਕਾਰਨ ਆਪਣੀ ਕਰਮਚਾਰੀ

ਕੰਪਨੀ ਨੇ ਕਿਹਾ, ‘ਅਸੀਂ ਪਰਮਾਨੈਂਟ ਲੇਬਰ ਸਰਟੀਫਿਕੇਸ਼ਨ ਪ੍ਰੋਗਰਾਮ (ਪੀ.ਈ.ਆਰ.ਐਮ) ’ਤੇ ਅਮਰੀਕੀ ਸਰਕਾਰ ਦੇ ਐਲਾਨ ਨੂੰ ਨੋਟ ਕਰ ਲਿਆ ਹੈ ਅਤੇ ਟੀ.ਸੀ.ਐਸ. ਕਿਰਤ ਵਿਭਾਗ ਦੇ ਕਿਸੇ ਵੀ ਨਿਰਦੇਸ਼ ਦੀ ਪਾਲਣਾ ਕਰੇਗੀ। ਅਮਰੀਕਾ ਵਿੱਚ ਸਾਡੀ ਕਰਮਚਾਰੀ ਰਣਨੀਤੀ ਸਥਾਨਕ ਪ੍ਰਤਿਭਾਵਾਂ ਨੂੰ ਨੌਕਰੀ ’ਤੇ ਰੱਖਣ ’ਤੇ ਅਧਾਰਿਤ ਹੈ, ਜਿਸ ਨੂੰ ਇੱਕ ਮਜ਼ਬੂਤ ਕੈਂਪਸ ਭਰਤੀ ਮਾਡਲ ਦਾ ਸਮਰਥਨ ਪ੍ਰਾਪਤ ਹੈ ਅਤੇ ਨਾਲ ਹੀ ਇਹ ਵੀ ਜੋੜਿਆ ਕਿ ਕੰਪਨੀ ਨੇ ਪੂਰੇ ਦੇਸ਼ ਵਿੱਚ 31 ਦਫ਼ਤਰਾਂ ਅਤੇ ਡਿਲੀਵਰੀ ਸੈਂਟਰਾਂ ਵਿੱਚ ਇੱਕ ਮਹੱਤਵਪੂਰਨ ਸਥਾਨਕ ਕਰਮਚਾਰੀ ਤਾਕਤ ਤਿਆਰ ਕੀਤੀ ਹੈ।

ਜਿਵੇਂ ਕਿ ਪਹਿਲਾਂ ਘੋਸ਼ਣਾ ਕੀਤੀ ਗਈ ਸੀ, ਟੀ.ਸੀ.ਐਸ. ਨੇ ਕਿਹਾ ਕਿ ਉਸਦੀ ਆਪਣੇ ਸਥਾਨਕ ਕਰਮਚਾਰੀਆਂ ਨੂੰ ਹੋਰ ਵਧਾਉਣ ਲਈ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਵਿੱਚ ਵਾਧੂ 15,000 ਲੋਕਾਂ ਨੂੰ ਨੌਕਰੀ ’ਤੇ ਰੱਖਣ ਦੀ ਯੋਜਨਾ ਹੈ।

ਅਮਰੀਕਾ ਵੱਲੋਂ ਪ੍ਰਮੁੱਖ ਭਾਰਤੀ ਕੰਪਨੀਆਂ ਸਮੇਤ ਅੱਠ ਤਕਨੀਕੀ ਕੰਪਨੀਆਂ ਨੂੰ ਇੱਕ ਪ੍ਰਮੁੱਖ ਗ੍ਰੀਨ ਕਾਰਡ ਪ੍ਰੋਗਰਾਮ ਤੋਂ ਮੁਅੱਤਲ ਕਰਨ ਤੋਂ ਬਾਅਦ ਉਦਯੋਗ ਸੰਸਥਾ ਨੈਸਕੌਮ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਹੁਨਰਮੰਦ ਪ੍ਰਤਿਭਾ ਦੀ ਗਤੀਸ਼ੀਲਤਾ ‘ਦੋ ਵੱਖ-ਵੱਖ ਮੁੱਦੇ’ ਹਨ ਜਿਨ੍ਹਾਂ ਨੂੰ ਇੱਕੋ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ।

***

## ਪ੍ਰਗਟ ਸਿੰਘ ਸਾਹਮਣੇ ਸਿਰਫ਼ ਚੋਣਾਂ ਜਿੱਤਣਾ ਹੀ ਨਹੀਂ

ਲੋਕ ਸਿਰਫ਼ ਸਰਕਾਰ ਦੀ ਆਲੋਚਨਾ ਸੁਣਨਾ ਨਹੀਂ ਚਾਹੁੰਦੇ, ਸਗੋਂ ਉਹ ਇੱਕ ਭਰੋਸੇਯੋਗ ਬਦਲ ਦੀ ਭਾਲ ਵਿੱਚ ਹਨ। ਪ੍ਰਗਟ ਸਿੰਘ ਨੇ ਆਪਣੇ ਪਹਿਲੇ ਬਿਆਨ ਵਿੱਚ ਪੰਜਾਬ ਦੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਤਰਜੀਹ ਦੇਣ ਦੀ ਗੱਲ ਕਹੀ ਹੈ। ਜੇਕਰ ਕਾਂਗਰਸ ਆਪਣੀ ਆਪਸੀ ਲੜਾਈ ਛੱਡ ਕੇ ਲੋਕ-ਮੁੱਦਿਆਂ ਨੂੰ ਸੜਕਾਂ ਤੋਂ ਲੈ ਕੇ ਵਿਧਾਨ ਸਭਾ ਤੱਕ ਜ਼ੋਰਦਾਰ ਢੰਗ ਨਾਲ ਚੁੱਕਣ ਵਿੱਚ ਕਾਮਯਾਬ ਹੁੰਦੀ ਹੈ, ਤਾਂ ਹੀ ਉਹ ਲੋਕਾਂ ਦਾ ਗੁਆਚਿਆ ਵਿਸ਼ਵਾਸ ਮੁੜ ਹਾਸਲ ਕਰ ਸਕਦੀ ਹੈ।

ਰਾਜਨੀਤਕ ਮਾਹਿਰਾਂ ਦਾ ਵਿਸ਼ਲੇਸ਼ਣ ਇਹ ਦਰਸਾਉਂਦਾ ਹੈ ਕਿ ਪ੍ਰਗਟ ਸਿੰਘ ਦੀ ਅਗਵਾਈ ਕਾਂਗਰਸ ਲਈ ਇੱਕ ਆਖ਼ਰੀ ਮੌਕਾ ਸਾਬਤ ਹੋ ਸਕਦੀ ਹੈ। ਕਾਂਗਰਸ ਹਾਈਕਮਾਂਡ ਨੇ ਮਾਝੇ, ਮਾਲਵੇ ਅਤੇ ਦੁਆਬੇ ਦੇ ਸਮੀਕਰਨਾਂ ਨੂੰ ਧਿਆਨ ਵਿੱਚ ਰੱਖਦਿਆਂ ਦੁਆਬੇ ਦੇ ਇਸ ਸਿੱਖ ਚਿਹਰੇ ’ਤੇ ਦਾਅ ਖੇਡਿਆ ਹੈ। ਦੁਆਬਾ ਖੇਤਰ ਵਿੱਚ ਕਾਂਗਰਸ ਦਾ ਪ੍ਰਦਰਸ਼ਨ ਹਮੇਸ਼ਾ ਅਹਿਮ ਰਿਹਾ ਹੈ। ਪਰ ਜੇਕਰ ਪ੍ਰਗਟ ਸਿੰਘ ਸਿਰਫ਼ ਸੱਤਾ ਦੇ ਧੁਰਿਆਂ ਨੂੰ ਸੰਤੁਸ਼ਟ ਕਰਨ ਤੱਕ ਸੀਮਤ ਰਹਿ ਗਏ ਅਤੇ ਧੜੇਬੰਦੀ ਦੀਆਂ ਜੜ੍ਹਾਂ ’ਤੇ ਵਾਰ ਨਾ ਕਰ ਸਕੇ, ਤਾਂ ਇਹ ਬਦਲਾਅ ਸਿਰਫ਼ ਕਾਗ਼ਜ਼ੀ ਸਾਬਤ ਹੋਵੇਗਾ।

ਲੋਕਤੰਤਰ ਦੀ ਸਿਹਤ ਲਈ ਇੱਕ ਮਜ਼ਬੂਤ ਅਤੇ ਸੰਤੁਲਿਤ ਵਿਰੋਧੀ ਧਿਰ ਦਾ ਹੋਣਾ ਬੇਹੱਦ ਜ਼ਰੂਰੀ ਹੈ। ਪੰਜਾਬ ਇਸ ਸਮੇਂ ਗੰਭੀਰ ਚੁਣੌਤੀਆਂ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਅਤੇ ਸੂਬੇ ਨੂੰ ਅਜਿਹੀ ਰਾਜਨੀਤੀ ਦੀ ਲੋੜ ਹੈ ਜੋ ਨਿੱਜੀ ਮੁਫ਼ਾਦਾਂ ਤੋਂ ਉੱਪਰ ਉੱਠ ਕੇ ਲੋਕ-ਹਿੱਤਾਂ ਦੀ ਗੱਲ ਕਰੇ। ਪ੍ਰਗਟ ਸਿੰਘ ਨੇ ਹਾਕੀ ਦੇ ਮੈਦਾਨ ਵਿੱਚ ਭਾਰਤ ਦੀ ਕਪਤਾਨੀ ਕਰਦਿਆਂ ਦੇਸ਼ ਦਾ ਨਾਂਅ ਰੌਸ਼ਨ ਕੀਤਾ ਸੀ, ਪਰ ਰਾਜਨੀਤੀ ਦਾ ਮੈਦਾਨ ਖੇਡ ਦੇ ਮੈਦਾਨ ਨਾਲੋਂ ਕਿਤੇ ਵੱਧ ਉਲਝਿਆ ਅਤੇ ਕੰਡਿਆਲਾ ਹੈ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ‘ਹਾਕੀ ਦਾ ਸਰਦਾਰ’ ਆਪਣੇ ਸਾਫ਼ ਅਕਸ ਅਤੇ ਟੀਮ ਵਰਕ ਦੇ ਜ਼ਰੀਏ ਪੰਜਾਬ ਕਾਂਗਰਸ ਦੀ ਡਾਵਾਂਡੋਲ ਬੇੜੀ ਨੂੰ ਕੰਢੇ ਲਗਾ ਸਕੇਗਾ ਜਾਂ ਫਿਰ ਅੰਦਰੂਨੀ ਕਲੇਸ਼ ਦੀਆਂ ਲਹਿਰਾਂ ਇਸ ਨੂੰ ਹੋਰ ਡੂੰਘਾ ਲੈ ਜਾਣਗੀਆਂ। ਫ਼ੈਸਲਾ ਆਉਣ ਵਾਲਾ ਸਮਾਂ ਅਤੇ ਪ੍ਰਗਟ ਸਿੰਘ ਦੀ ਸਿਆਸੀ ਰਣਨੀਤੀ ਹੀ ਕਰੇਗੀ।

## ਕਾਲਜੀਅਮ ਨਹੀਂ, ਪ੍ਰਧਾਨ ਮੰਤਰੀ ਮੋਦੀ

ਜਦੋਂ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵਿੱਚ ਔਰਤਾਂ, ਪਛੜੇ ਵਰਗਾਂ ਅਤੇ ਘੱਟ ਗਿਣਤੀਆਂ ਦੀ ਬਣਦੀ ਨੁਮਾਇੰਦਗੀ ਨਹੀਂ ਹੋਵੇਗੀ ਤਾਂ ਨਿਆਂ ਪ੍ਰਣਾਲੀ ਦੀ ਸਮਾਜਿਕ ਸਾਰਥਕਤਾ ਕਿਵੇਂ ਕਾਇਮ ਰਹੇਗੀ ?

ਇਸ ਤੋਂ ਇਲਾਵਾ, ਬਿਨਾਂ ਕਿਸੇ ਹਾਈ ਕੋਰਟ ਦੀ ਅਗਵਾਈ ਕੀਤੇ ਸਿੱਧੇ ਸੁਪਰੀਮ ਕੋਰਟ ਦੇ ਮੁੱਖ ਜੱਜ ਬਣਨ ਦੇ ਰੁਝਾਨ ਨੇ ਪ੍ਰਬੰਧਕੀ ਤਜਰਬੇ ਦੀ ਘਾਟ ਦਾ ਮੁੱਦਾ ਵੀ ਖੜ੍ਹਾ ਕੀਤਾ ਹੈ।

ਮੌਜੂਦਾ ਹਾਲਾਤ ਇਹ ਦਰਸਾਉਂਦੇ ਹਨ ਕਿ ਦੇਸ਼ ਦੀ ਨਿਆਂਪਾਲਿਕਾ ਦੋਹਰੇ ਸੰਕਟ ਵਿੱਚ ਘਿਰੀ ਹੋਈ ਹੈ। ਇੱਕ ਪਾਸੇ ਸਰਕਾਰ ਦਾ ਲਗਾਤਾਰ ਵਧਦਾ ਪਰੋਖ ਦਬਾਅ ਹੈ, ਜੋ ਕਾਰਜਪਾਲਿਕਾ ਦੇ ਪ੍ਰਭਾਵ ਨੂੰ ਹਰ ਸੰਸਥਾ ਉੱਤੇ ਕਾਇਮ ਕਰਨਾ ਚਾਹੁੰਦਾ ਹੈ। ਦੂਜੇ ਪਾਸੇ ਕਾਲਜੀਅਮ ਦੀ ਆਪਣੀ ਧੁੰਦਲੀ ਅਤੇ ਅਪਾਰਦਰਸ਼ੀ ਕਾਰਜਸ਼ੈਲੀ ਹੈ, ਜੋ ਨਿਆਂ ਪ੍ਰਣਾਲੀ ਵਿੱਚ ਭਰੋਸੇਯੋਗਤਾ ਦੀ ਘਾਟ ਪੈਦਾ ਕਰਦੀ ਹੈ। ਸਰਕਾਰ ਦੀਆਂ ਆਪਣੀਆਂ ਤਰਜੀਹਾਂ ਹਨ ਅਤੇ ਕਾਲਜੀਅਮ ਆਪਣੇ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਅਸਮਰੱਥ ਜਾਪਦਾ ਹੈ।

***

## ਜਗਤਾਰ ਹਵਾਰਾ ਦੀ ਰਿਹਾਈ

ਉਨ੍ਹਾਂ ਕਿਹਾ ਕਿ ਸਰਕਾਰ ਬੰਦੀ ਸਿੰਘਾਂ ਦੀ ਜਲਦੀ ਰਿਹਾਈ ਲਈ ਲਗਾਤਾਰ ਅਤੇ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾਂ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੂੰ ਸਾਰੇ ਮਾਮਲਿਆਂ ਦੀ ਕਾਨੂੰਨੀ ਘੋਖ ਕਰਨ ਲਈ ਕਿਹਾ, ਤਾਂ ਜੋ ਸਹਿਮਤੀ ਨਾਲ ਹੱਲ ਲੱਭਿਆ ਜਾ ਸਕੇ।

ਮੁੱਖ ਮੰਤਰੀ ਨੇ ਸਿੱਖ ਜਥੇਬੰਦੀਆਂ ਨੂੰ ਸੰਘਰਸ਼ ਸ਼ਾਂਤਮਈ ਅਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਜਾਰੀ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੁਝ ਧਿਰਾਂ ਜਾਣਬੁੱਝ ਕੇ ਅਜਿਹੀਆਂ ਸਰਗਰਮੀਆਂ ਕਰਦੀਆਂ ਹਨ, ਜਿਨ੍ਹਾਂ ਨਾਲ ਸੰਘਰਸ਼ ਨੂੰ ਲੀਹੋਂ ਲਾਹੁਣ ਅਤੇ ਵਿਸ਼ਵ ਪੱਧਰ ’ਤੇ ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਹੁੰਦੀ ਹੈ।

***

## ਅਟਲਾਂਟਿਕ ਜਾਂ ਪ੍ਰਸ਼ਾਂਤ ਮਹਾਸਾਗਰ ਦਾ ਨਾਮ

ਪਿਛਲੇ ਸਾਲ, ਟਰੰਪ ਨੇ ਗਲਫ ਆਫ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਗਲਫ ਆਫ ਅਮਰੀਕਾ ਕਰ ਦਿੱਤਾ ਸੀ। ਇਸ ਕਦਮ ਨੇ ਮੈਕਸੀਕੋ ਨਾਲ ਤਣਾਅ ਪੈਦਾ ਕਰ ਦਿੱਤਾ। ਇਸ ਨਾਲ ਐਸੋਸੀਏਟਿਡ ਪ੍ਰੈਸ ਨਾਲ ਵੀ ਵਿਵਾਦ ਹੋਇਆ ਜਦੋਂ ਨਿਊਜ਼ ਏਜੰਸੀ ਨੇ ਨਵੇਂ ਨਾਮ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿੱਚ ਏਜੰਸੀ ਨੂੰ ਰਾਸ਼ਟਰਪਤੀ ਦੇ ਸਮਾਗਮਾਂ ਵਿੱਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਗਿਆ, ਜਿਸ ਨਾਲ ਇੱਕ ਕਾਨੂੰਨੀ ਵਿਵਾਦ ਪੈਦਾ ਹੋ ਗਿਆ। ਪਿਛਲੇ ਮਹੀਨੇ, ਟਰੰਪ ਨੇ ਨਿਊ ਮੈਕਸੀਕੋ ਦਾ ਨਾਮ ਬਦਲ ਕੇ ਨਿਊ ਅਮਰੀਕਾ ਕਰਨ ਦਾ ਪ੍ਰਸਤਾਵ ਰੱਖਿਆ। ਹਾਲਾਂਕਿ, ਉਸਨੇ ਬਾਅਦ ਵਿੱਚ ਕਿਹਾ ਕਿ ਇਹ ਰਾਜ ਦੇ ਨਿਵਾਸੀਆਂ ’ਤੇ ਨਿਰਭਰ ਕਰੇਗਾ ਕਿ ਉਹ ਇਸ ਨਾਲ ਅੱਗੇ ਵਧਣਾ ਹੈ ਜਾਂ ਨਹੀਂ। ਨਿਊ ਮੈਕਸੀਕੋ ਵਿੱਚ ਇੱਕ ਰਿਪਬਲਿਕਨ ਕਾਂਗਰਸ ਦੇ ਉਮੀਦਵਾਰ ਦਾ ਸਮਰਥਨ ਕਰਦੇ ਹੋਏ ਇੱਕ ਵੀਡੀਓ ਵਿੱਚ, ਉਸਨੇ ਕਿਹਾ, ‘ਮੈਂ ਇਸਨੂੰ ਅੱਗੇ ਨਹੀਂ ਵਧਾਉਣ ਜਾ ਰਿਹਾ, ਪਰ ਬਹੁਤ ਸਾਰੇ ਲੋਕਾਂ ਨੂੰ ਇਹ ਵਿਚਾਰ ਪਸੰਦ ਹੈ।’

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁ.ਫਤ ਉਪਲੱਬਧ ਹੈ**

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**